ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 6 | Issue 46 | 22 November to 28 November October 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਜੱਗੀ ਜੌਹਲ ਦਾ ਮਾਮਲਾ ਬਰਤਾਨਵੀ ਸੰਸਦ 'ਚ ਗੂੰਜਿਆ

## *ਇੰਗਲੈਂਡ ਦੀ ਸਰਕਾਰ ਵੱਲੋਂ ਭਾਰਤ ਨੂੰ ਪੁਲੀਸ ਤਸ਼ੱਦਦ ਢਾਹੁਣ ਵਿਰੁਧ ਚੇਤਾਵਨੀ*

**ਲੰਡਨ/ਬਿਊਰੋ ਨਿਊਜ਼**, , ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ਼ ਜੱਗੀ ਜੌਹਲ (30 ਸਾਲ) 'ਤੇ ਪੰਜਾਬ ਪੁਲੀਸ ਵੱਲੋਂ 'ਤਸ਼ੱਦਦ' ਕੀਤੇ ਜਾਣ ਦਾ ਮਾਮਲਾ ਬਰਤਾਨਵੀ ਸੰਸਦ ਵਿੱਚ ਗੂੰਜਿਆ। ਜੱਗੀ ਜੌਹਲ ਨੂੰ ਪੰਜਾਬ 'ਚ ਮੋਗਾ ਪੁਲੀਸ ਵੱਲੋਂ ਚੁੱਕੇ ਜਾਣ ਸਬੰਧੀ ਸਾਰੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਦੇ ਇਕ ਗਰੁੱਪ ਨੇ ਵਿਦੇਸ਼ ਸਕੱਤਰ ਨੂੰ ਪੱਤਰ ਲਿਖ ਕੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕੀਤੇ ਹਨ। ਇਸਦੇ ਨਾਲ ਹੀ ਇੰਗਲੈਂਡ ਦੀ ਸਰਕਾਰ ਨੇ ਭਾਰਤ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਕਿਸੇ ਵੀ ਬਰਤਾਨਵੀ ਨਾਗਰਿਕ 'ਤੇ ਤਸ਼ੱਦਦ ਕੀਤਾ ਗਿਆ ਤਾਂ ਉਸ ਵੱਲੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।
ਸਕੌਟਿਸ਼ ਨੈਸ਼ਨਲ ਪਾਰਟੀ ਦੇ ਸੰਸਦ ਮੈਂਬਰ ਮਾਰਟਿਨ ਡੀ. ਹਿਊਗਜ਼ ਨੇ ਬਰਤਾਨਵੀ ਵਿਦੇਸ਼ ਮੰਤਰਾਲੇ ਨੂੰ ਪੁੱਛਿਆ ਕਿ ਜੱਗੀ 'ਤੇ ਹੋ ਰਹੇ ਕਥਿਤ ਤਸ਼ੱਦਦ ਦੀਆਂ ਰਿਪੋਰਟਾਂ ਸਬੰਧੀ ਮੰਤਰਾਲੇ ਵੱਲੋਂ ਕੀ ਕੀਤਾ ਜਾ ਰਿਹਾ ਹੈ। ਇਸ ਦੇ ਜਵਾਬ ਵਿੱਚ ਵਿਦੇਸ਼ ਰਾਜ ਮੰਤਰੀ ਰੋਰੀ ਸਟੀਵਰਟ ਨੇ ਕਿਹਾ ਕਿ ਤਸ਼ੱਦਦ ਸਬੰਧੀ ਕਿਸੇ ਵੀ ਦੋਸ਼ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਵੇਗਾ, ਜਿਵੇਂ ਭਾਰਤ ਸਰਕਾਰ ਲਵੇਗੀ। ਉਨ੍ਹਾਂ ਕਿਹਾ ਕਿ ਅਜਿਹਾ ਸਲੂਕ ਪੂਰੀ ਤਰ੍ਹਾਂ ਗ਼ੈਰਜਮਹੂਰੀ ਹੈ ਤੇ ਇਸ ਦੀ ਬਾਰੀਕੀ ਨਾਲ ਜਾਂਚ ਹੋਵੇਗੀ, ਜੇ ਕਿਸੇ ਵੀ ਬਰਤਾਨਵੀ ਨਾਗਰਿਕ ਨੂੰ ਤਸ਼ੱਦਦ

ਬਾਕੀ ਸਫ਼ਾ 11 'ਤੇ




### ਸਿੱਖਾਂ ਵਲੋਂ ਜਗਤਾਰ ਸਿੰਘ ਜੌਹਲ ਦੀ ਰਿਹਾਈ ਲਈ ਲੰਡਨ 'ਚ ਮੁਜ਼ਾਹਰਾ

**ਲੰਡਨ/ਲੈਸਟਰ/ਬਿਊਰੋ ਨਿਊਜ਼:** ਯੂ. ਕੇ. ਭਰ 'ਚੋਂ ਆਏ ਸਿੱਖਾਂ ਨੇ ਯੂ. ਕੇ. ਦੇ ਵਿਦੇਸ਼ ਅਤੇ ਕਾਮਨਵੈਲਥ ਦਫ਼ਤਰ ਸਾਹਮਣੇ ਲੰਘੇ ਵੀਰਵਾਰ ਨੂੰ ਲੰਡਨ ਵਿਖੇ ਰੋਸ ਮੁਜ਼ਾਹਰਾ ਕੀਤਾ ਅਤੇ ਸਕਾਟਲੈਂਡ ਦੇ ਜਗਤਾਰ ਸਿੰਘ ਜੌਹਲ ਦੀ ਪੰਜਾਬ ਵਿਚ ਹੋਈ ਗ੍ਰਿਫ਼ਤਾਰੀ ਨੂੰ ਨਾਜਾਇਜ਼ ਆਖਦਿਆਂ ਤੁਰੰਤ ਰਿਹਾਈ ਦੀ ਮੰਗ ਕੀਤੀ। ਇਸ ਮੌਕੇ ਸਿੱਖ ਫੈਡਰੇਸ਼ਨ ਯੂ. ਕੇ. ਦੇ ਭਾਈ ਅਮਰੀਕ ਸਿੰਘ ਗਿੱਲ, ਯੂਨਾਈਟਿਡ ਖ਼ਾਲਸਾ ਦਲ ਦੇ ਲਵਜਿੰਦਰ ਸਿੰਘ ਡੱਲੇਵਾਲ, ਅਕਾਲੀ ਦਲ ਅੰਮ੍ਰਿਤਸਰ ਦੇ ਕੁਲਵੰਤ ਸਿੰਘ ਮੁਠੱਡਾ ਸਮੇਤ ਵੱਖ-ਵੱਖ ਗੁਰੂ ਘਰਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਇਸ ਮੌਕੇ ਐਮ. ਪੀ. ਪ੍ਰੀਤ ਕੌਰ ਗਿੱਲ ਅਤੇ ਹੋਰਨਾਂ ਸਿੱਖਾਂ ਨੇ

ਬਾਕੀ ਸਫ਼ਾ 11 'ਤੇ

## ਦਲ ਖ਼ਾਲਸਾ ਦੇ ਮਨਮੋਹਨ ਸਿੰਘ ਯੂਕੇ ਦਾ ਅਕਾਲ ਚਲਾਣਾ

**ਅੰਮ੍ਰਿਤਸਰ/ਬਿਊਰੋ ਨਿਊਜ਼:** ਦਲ ਖ਼ਾਲਸਾ ਦੇ ਮੋਢੀ ਮੈਂਬਰਾਂ ਵਿੱਚੋਂ ਇੱਕ ਮਨਮੋਹਨ ਸਿੰਘ ਖ਼ਾਲਸਾ ਦਾ ਇੰਗਲੈਂਡ ਦੇ ਇੱਕ ਹਸਪਤਾਲ ਵਿੱਚ ਅਕਾਲ ਚਲਾਣਾ ਕਰ ਗਏ। ਉਹ 70 ਵਰ੍ਹਿਆਂ ਦੇ ਸਨ। ਪਿੱਛੇ ਉਨ੍ਹਾਂ ਦੇ ਪਰਿਵਾਰ ਵਿੱਚ ਇੱਕ ਧੀ ਤੇ ਦੋ ਪੁੱਤਰ ਹਨ।



ਉਨ੍ਹਾਂ ਦੀ ਪਤਨੀ ਦਾ ਪਹਿਲਾਂ ਹੀ ਦੇਹਾਂਤ ਹੋ ਚੁੱਕਿਆ ਹੈ ਤੇ ਉਨ੍ਹਾਂ ਦੀ ਮਾਤਾ ਚੰਡੀਗੜ੍ਹ ਰਹਿੰਦੇ ਹਨ। ਉਹ ਪਿਛਲੇ ਲਗਭਗ ਇੱਕ ਹਫ਼ਤੇ ਤੋਂ ਹਸਪਤਾਲ ਦਾਖ਼ਲ ਸਨ। ਕੁਝ ਸਮਾਂ ਪਹਿਲਾਂ ਉਨ੍ਹਾਂ ਨੂੰ ਦਿਲ ਦਾ ਦੌਰਾ ਪੈਣ ਕਾਰਨ ਹਸਪਤਾਲ ਦਾਖ਼ਲ ਕਰਾਇਆ ਗਿਆ ਸੀ। ਸੋਮਵਾਰ ਸਵੇਰੇ ਉਨ੍ਹਾਂ ਨੇ ਆਖਰੀ ਸਾਹ ਲਏ। 1 ਮਈ 1982 ਨੂੰ ਜਦੋਂ ਦਲ ਖ਼ਾਲਸਾ 'ਤੇ ਪਾਬੰਦੀ ਲਾਈ ਗਈ ਸੀ ਤਾਂ ਮਨਮੋਹਨ ਸਿੰਘ ਪੰਜਾਬ ਛੱਡ ਕੇ ਇੰਗਲੈਂਡ ਚਲੇ ਗਏ ਸਨ ਅਤੇ ਮੁੜ ਵਾਪਸ ਨਹੀਂ ਆਏ। ਉਨ੍ਹਾਂ ਦਾ ਨਾਂ ਭਾਰਤ ਸਰਕਾਰ ਵੱਲੋਂ ਕਾਲੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ। ਅਪਰੈਲ 2016 ਵਿੱਚ ਜਦੋਂ ਉਨ੍ਹਾਂ ਦਾ ਨਾਂ ਕਾਲੀ ਸੂਚੀ ਵਿੱਚੋਂ ਕੱਢ ਦਿੱਤਾ ਗਿਆ ਤਾਂ ਉਨ੍ਹਾਂ ਨੇ ਇਹ ਕਹਿ ਕੇ ਭਾਰਤ ਆਉਣ ਤੋਂ ਇਨਕਾਰ ਕਰ ਦਿੱਤਾ ਕਿ ਇੱਕ ਹਾਰੇ ਹੋਏ ਵਿਅਕਤੀ ਵਜੋਂ ਪੰਜਾਬ ਜਾਣ ਨਾਲੋਂ ਵਿਦੇਸ਼ ਵਿੱਚ ਇੱਕ ਬਾਗ਼ੀ ਵਜੋਂ ਮਰਨਾ ਬਿਹਤਰ ਹੈ। ਉਹ ਸਾਲ ਵਿੱਚ ਦੋ ਵਾਰ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੀ ਯਾਤਰਾ ਲਈ ਸਿੱਖ ਸ਼ਰਧਾਲੂਆਂ ਦੇ ਜਥੇ ਲੈ ਕੇ ਜਾਂਦੇ ਸਨ। ਉਨ੍ਹਾਂ ਨੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਵਿੱਚ ਵੀ ਅਹਿਮ ਯੋਗਦਾਨ ਪਾਇਆ। ਦਲ ਖ਼ਾਲਸਾ ਦੇ ਸਾਬਕਾ ਪ੍ਰਧਾਨ ਸਤਿਨਾਮ ਸਿੰਘ ਪਾਉਂਟਾ ਸਾਹਿਬ ਤੇ ਹੋਰਨਾਂ ਨੇ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ।

# ਲੁਧਿਆਣਾ ਦੀ ਫੈਕਟਰੀ 'ਚ ਭਿਆਨਕ ਹਾਦਸੇ ਨੇ 13 ਜਾਨਾਂ ਲਈਆਂ

**ਲੁਧਿਆਣਾ/ਬਿਊਰੋ ਨਿਊਜ਼**, ਇਸ ਸਨਮਤੀ ਸ਼ਹਿਰ ਦੇ ਸੂਫ਼ੀਆ ਚੌਕ ਨੇੜੇ ਸੋਮਵਾਰ ਨੂੰ ਹੋਏ ਭਿਆਨਕ ਧਮਾਕੇ ਬਾਅਦ ਢਹਿ-ਢੇਰੀ ਹੋਈ ਪਲਾਸਟਿਕ ਉਤਪਾਦ ਬਣਾਉਣ ਵਾਲੀ ਫੈਕਟਰੀ 'ਚ ਰਾਹਤ ਤੇ ਬਚਾਅ ਕਾਰਜ ਵੀ ਜਾਰੀ ਰਹਿਣ ਦੌਰਾਨ ਇਸ ਹਾਦਸੇ 'ਚ ਮੌਤਾਂ ਦੀ ਗਿਣਤੀ 13 ਹੋ ਗਈ ਹੈ। ਅਜੇ ਹੋਰ ਲੋਕਾਂ ਦੇ ਮਲਬੇ ਹੇਠ ਦੱਬੇ ਹੋਣ ਦਾ ਖ਼ਦਸ਼ਾ ਹੈ, ਜਿਨ੍ਹਾਂ 'ਚ ਫਾਇਰ ਬ੍ਰਿਗੇਡ ਦੇ ਮੁਲਾਜ਼ਮ ਵੀ ਹਨ। ਇਸ ਹਾਦਸੇ 'ਚ ਫਾਇਰ ਅਫ਼ਸਰ ਸੈਮੂਅਲ ਗਿੱਲ, ਫਾਇਰਮੈਨ ਪੂਰਨ ਸਿੰਘ, ਰਾਜਨ ਸਿੰਘ, ਵਿਸ਼ਾਲ ਕੁਮਾਰ, ਪਾਲ ਟੈਕਸੀ ਸਰਵਿਸ ਦੇ ਮਾਲਕ ਇੰਦਰਪਾਲ ਸਿੰਘ, ਪਠਾਨਕੋਟ 'ਚ ਤਾਇਨਾਤ ਚੀਫ ਸੈਨੇਟਰੀ ਅਫ਼ਸਰ ਤੇ ਦਲਿਤ ਆਗੂ ਲਛਮਣ ਦ੍ਰਾਵਿੜ, ਫੈਕਟਰੀ ਵਰਕਰ ਸੰਦੀਪ ਸਿੰਘ, ਬਲਦੇਵ ਰਾਜ, ਅਮਰਜੋਤ ਅਤੇ ਘਨ੍ਹੱਈਆ, ਫਾਇਰ ਅਫ਼ਸਰ ਰਾਜ ਕੁਮਾਰ ਦੀ ਮੌਤ ਹੋਈ ਹੈ। ਸ਼ਾਮ ਨੂੰ ਫਾਇਰ ਅਫ਼ਸਰ ਰਾਜਿੰਦਰ ਸ਼ਰਮਾ ਦਾ ਸਿਰ ਮਲਬੇ 'ਚੋਂ ਮਿਲਿਆ ਹੈ। ਇਸ ਹੌਲਨਾਕ ਹਾਦਸੇ



**ਮਲਬੇ 'ਚੋਂ ਫਾਇਰ ਅਫਸਰ ਰਾਜਕੁਮਾਰ ਦੀ ਲਾਸ਼ ਕੱਢਣ ਮਗਰੋਂ ਵਿਰਲਾਪ ਕਰਦੇ ਉਸ ਦੇ ਪਰਿਵਾਰਕ ਮੈਂਬਰ।**

ਦੇ ਜ਼ਖ਼ਮੀਆਂ ਸੁਨੀਲ ਕੁਮਾਰ ਤੇ ਰੋਹਿਤ ਕੁਮਾਰ ਦਾ ਸੀਐਮਸੀ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜ਼ਖ਼ਮੀਆਂ ਦੇ ਮੁਫ਼ਤ ਇਲਾਜ ਦੇ ਹੁਕਮ ਦਿੱਤੇ ਹਨ। ਫਾਇਰ ਬ੍ਰਿਗੇਡ ਅਫ਼ਸਰਾਂ

ਬਾਕੀ ਸਫ਼ਾ 33 'ਤੇ

# ਦਿਆਲ ਸਿੰਘ ਕਾਲਜ ਦਾ ਨਾਂਅ ਬਦਲੇ ਜਾਣ ਦੀ ਤਜਵੀਜ਼ ਦਾ ਵੱਡੀ ਪੱਧਰ ਉੱਤੇ ਵਿਰੋਧ

## *ਅਪਣੀ ਜ਼ਿਦ ਪੁਗਾਉਣ ਲਈ ਅੜੇ ਹੋਏ ਨੇ ਹਿੰਦੂਤਵੀ ਸੋਚ ਵਾਲੇ ਪ੍ਰਬੰਧਕ*

**ਨਵੀਂ ਦਿੱਲੀ/ਬਿਊਰੋ ਨਿਊਜ਼**, ਦਿੱਲੀ ਯੂਨੀਵਰਸਿਟੀ ਅਧੀਨ ਦਿਆਲ ਸਿੰਘ ਕਾਲਜ ਦਾ ਨਾਂਅ ਬਦਲ ਕੇ ਵੰਦੇਮਾਤਰਮ ਰੱਖੇ ਜਾਣ ਦੇ ਤਜ਼ਵੀਜ ਦੇ ਵਿਰੁੱਧ ਸਿੱਖਾਂ ਵਲੋਂ ਭਾਰੀ ਨਾਰਾਜ਼ਗੀ ਜਤਾਈ ਜਾ ਰਹੀ ਹੈ ਅਤੇ ਦਿੱਲੀ ਦੇ ਸਿੱਖ ਆਗੂਆਂ ਵਲੋਂ ਵੀ ਉਕਤ ਮਾਮਲੇ ਬਾਰੇ ਸਖ਼ਤ ਰੁਖ਼ ਅਖਤਿਆਰ ਕੀਤਾ ਜਾ ਚੁੱਕਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਵਲੋਂ ਉਕਤ ਤਜਵੀਜ਼ ਰੱਦ ਨਾ ਕਰਨ ਦੀ ਸੂਰਤ 'ਚ ਸੜਕਾਂ 'ਤੇ ਉਤਰ ਕੇ ਵਿਰੋਧ ਕੀਤੇ ਜਾਣ ਦਾ ਐਲਾਨ ਕੀਤਾ ਜਾ ਚੁੱਕਾ ਹੈ ਅਤੇ ਨਾਲ ਹੀ ਦਿਆਲ ਸਿੰਘ ਕਾਲਜ ਟਰੱਸਟ ਸੁਸਾਇਟੀ ਦੇ ਖਿਲਾਫ਼ ਪੁਲਿਸ ਲੋਧੀ ਰੋਡ ਵਿਖੇ ਸ਼ਿਕਾਇਤ ਵੀ ਦਰਜ ਕਰਵਾਈ ਗਈ ਹੈ।
ਉੱਥੇ ਹੀ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਦੱਸਿਆ



ਕਿ ਵਿਰੋਧ ਸਿਰਫ ਦਿੱਲੀ ਨਹੀਂ ਬਲਕਿ ਵਿਦੇਸ਼ਾਂ 'ਚੋਂ ਵੀ ਵੱਡੀ ਗਿਣਤੀ 'ਚ ਫੋਨ ਰਾਹੀਂ ਸਿੱਖਾਂ ਵਲੋਂ ਇਤਰਾਜ ਜਤਾਇਆ ਜਾ ਰਿਹਾ ਹੈ। ਸਿਰਸਾ ਤੇ ਤਰਲੋਚਨ ਸਿੰਘ ਸਾਂਝੇ ਤੌਰ 'ਤੇ ਕਿਹਾ ਕਿ ਅਸੀਂ ਦਿਆਲ ਸਿੰਘ ਕਾਲਜ ਦੇ ਟਰੱਸਟ ਦੀ ਗਵਰਨਿੰਗ ਬਾਡੀ ਦੀ ਨਾਂਅ ਬਦਲ ਕੇ ਵੰਦੇਮਾਤਰਮ ਕਾਲਜ ਰੱਖਣ ਦੀ ਤਜਵੀਜ ਦੀ ਸਖ਼ਤ ਨਿਖੇਧੀ ਕਰਦੇ ਹੋਏ, ਇਸ ਤਜਵੀਜ਼ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦੇ ਹਾਂ। ਪਰ ਹਿੰਦੂਤਵੀ ਪ੍ਰਬੰਧਕ ਕਾਲਜ ਦਾ ਨਾਂਅ ਬਲਦਣ ਦੀ ਜ਼ਿਦ ਪੁਗਾਉਣ ਲਈ ਅੜੇ ਹੋਏ ਹਨ

ਬਾਕੀ ਸਫ਼ਾ 14 'ਤੇ


For Advertisements in Quomantry Amritsar Times Please Call :
Jai Singh
510-677-2777













TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO
Stopping Centers
TA
TravelCenters of America
Loves
Travel Stops & Country Stores

# ਭਾਰਤ ਸਰਕਾਰ ਤੇ ਆਰ ਐਸ ਐਸ ਦੀ ਦੋਹਰੀ ਸਾਜ਼ਿਸ਼ ਵਿਰੁੱਧ ਸਿੱਖਾਂ ਵੱਲੋਂ ਮਿਲਪੀਟਸ 'ਚ ਜ਼ਬਰਦਸਤ ਮੁਜ਼ਾਹਰਾ

## ਸਿੱਖੀ ਦੀ ਹੋਂਦ ਤੇ ਹਸਤੀ ਨੂੰ ਖੋਰਨ ਵਾਲੀਆਂ ਸ਼ੈਤਾਨੀ ਤਾਕਤਾਂ ਨੂੰ ਹਰ ਹਾਲਤ ਵਿਚ ਪਛਾੜਿਆ ਜਾਵੇਗਾ : ਸਿੱਖ ਬੁਲਾਰੇ










**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ :** ਭਾਰਤੀ ਕੌਂਸਲੇਟ ਦੇ ਸੱਦੇ ਉਤੇ ਆਰ ਐਸ ਐਸ ਦੇ ਸਹਿਯੋਗ ਨਾਲ ਇੱਥੇ ਸਥਿੱਤ ਇੰਡੀਆ ਕਮਿਊਨਿਟੀ ਸੈਂਟਰ ਦੇ ਪ੍ਰਬੰਧਕਾਂ ਵਲੋਂ ਲੰਘੇ ਹਫ਼ਤੇ ਮੰਗਲਵਾਰ ਸ਼ਾਮ ਤੇ ਪੈਂਦੀ ਰਾਤ ਨੂੰ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਉਤਸਵ ਮਨਾਉਣ ਲਈ ਦਿੱਤੇ ਗਏ ਸੱਦੇ ਦੀ ਆੜ ਵਿਚ ਸਿੱਖ ਧਰਮ ਨੂੰ ਹਿੰਦੂਆਂ ਦੀ ਸ਼ਾਖਾ ਦੱਸਣ ਤੇ ਪ੍ਰਚਾਰਨ ਤੇ ਗੁਰੂ ਸਾਹਿਬ ਨੂੰ ਹਿੰਦੂ ਅਵਤਾਰਾਂ ਦੀ ਲੜੀ ਵਿਚ ਪ੍ਰੋਣ ਦੀ ਸਾਜ਼ਿਸ਼ ਨੂੰ ਸਿੱਖਾਂ ਦੇ ਇਕ ਵਡੇ ਇਕੱਠ ਨੇ ਤਾਰ ਤਾਰ ਕਰ ਦਿਤਾ। ਸੈਂਟਰ ਦੇ ਅੰਦਰ ਵੀ ਸਿੱਖ ਸਰੋਤੇ ਬਣ ਕੇ ਗਏ ਹੋਏ ਸਨ ਤੇ ਜਦ ਭਾਰਤ ਸਰਕਾਰ ਤੇ ਆਰ ਐਸ ਐਸ ਦੀ ਮਿਲੀਭੁਗਤ ਦਾ ਪਾਜ ਉਘੜਨ ਲੱਗਾ ਤਾਂ ਹਾਜ਼ਰ ਸਿੰਘਾਂ ਨੇ ਵਿਰੋਧ ਕਰਨਾ ਸ਼ੁਰੂ ਕੀਤਾ ਜਿਨ੍ਹਾਂ ਨੂੰ ਪੁਲੀਸ ਸੱਦ ਕੇ ਬਾਹਰ ਦਾ ਰਹਿਣ ਲਈ ਕਿਹਾ।

ਇੰਡੀਆ ਕਮਿਊਨਿਟੀ ਸੈਂਟਰ ਦੇ ਬਾਹਰ ਵਡੀ ਗਿਣਤੀ ਵਿਚ ਸਿੱਖਾਂ ਜ਼ਬਰਦਸਤ ਮੁਜ਼ਾਹਰਾ ਕਰ ਰਹੇ ਸਨ ਤੇ ਬੁਲਾਰੇ ਆਪਣੇ ਵਿਚਾਰ ਪ੍ਰਗਟ ਕਰ ਰਹੇ ਸਨ। ਸਾਰੇ ਬੁਲਾਰਿਆਂ ਨੇ ਭਾਰਤ ਸਰਕਾਰ ਤੇ ਹਿੰਦੂ ਦਹਿਸ਼ਤਗਰਦ ਜਥੇਬੰਦੀ ਆਰ ਐਸ ਐਸ ਦੀ ਮਿਲੀਭੁਗਤ ਦੀ ਰਜਵੀਂ ਨਿੰਦਾ ਕੀਤੀ ਕਿ ਇਕ ਪਾਸੇ ਇਹ ਗੁਰਪੁਰਬ ਮਨਾਉਣ ਦਾ ਪਾਖੰਡ ਕਰਦੇ ਹਨ ਤੇ ਦੂਜੇ ਪਾਸੇ ਵਿਦੇਸ਼ਾਂ ਤੋਂ ਗਏ ਨਿਰਦੋਸ਼ ਸਿੱਖਾਂ ਦੀਆਂ ਗ੍ਰਿਫਤਾਰੀਆਂ ਕਰਕੇ ਸਿੱਖ ਕੌਮ ਵਿਚ ਦਹਿਸ਼ਤ ਪੈਦਾ ਕਰਨ ਲਈ ਸਾਜ਼ਿਸ਼ਾਂ ਰਚੀਆ ਜਾਂਦੀਆਂ ਹਨ। ਸਰੀਰਕ ਤੇ ਮਾਨਸਿਕ ਨਸਲਘਾਤ ਲਈ ਰਾਹ ਤਿਆਰ ਕੀਤੇ ਜਾਂਦੇ ਹਨ। ਸਭ ਬੁਲਾਰੇ ਇਕ ਆਵਾਜ਼ ਵਿਚ ਸੋਸ਼ਲ ਮੀਡੀਏ ਉਤੇ ਨਾਲ ਨਾਲ ਵਿਖਾਏ ਜਾ ਰਹੀ ਰਿਪੋਰਟ ਵਿਚ ਇਹ ਪੈਗਾਮ ਦੇ ਰਹੇ ਸਨ ਕਿ ਸਮੁਚੀ ਕੌਮ ਨੂੰ ਭਾਰਤ ਸਰਕਾਰ ਤੇ ਆਰ ਐਸ ਐਸ ਦੀ ਸ੍ਹਾਂਝੀ ਸਾਜ਼ਿਸ਼ ਤੋਂ ਹੁਸ਼ਿਆਰ ਰਹਿਣ ਦੀ ਲੋੜ ਹੈ ਤੇ ਇਸ ਵਡੇ ਹਮਲੇ ਨੂੰ ਪਛਾੜਨ ਦੀ ਲੋੜ ਹੈ।

ਮੁਜ਼ਾਹਰੇ ਉੱਤੇ ਪਹੁੰਚੇ ਭਾਰਤੀ ਟੈਲੀਵੀਜ਼ਨ ਚੈਨਲਾਂ ਵਾਲਿਆਂ ਨੂੰ ਭਾਈ ਭਜਨ ਸਿੰਘ ਭਿੰਡਰ, ਭਾਈ ਰਾਮ ਸਿੰਘ ਤੇ ਬੀਬੀ ਪੁਨੀਤ ਕੌਰ ਨੇ ਚੈਨਲਾਂ ਵਾਲਿਆਂ ਦੇ ਹਰ ਸੁਆਲ ਦਾ ਸਹੀ ਜਵਾਬ ਦੇ ਕੇ ਉਨਾਂ ਨੂੰ ਜਵਾਬ ਰਹਿਤ ਕਰ ਦਿਤਾ। ਮੁਜ਼ਾਹਰੇ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਏਜੀਪੀਸੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ, ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ, ਫਰੀਮਾਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਗੁਰਪਾਲ ਸਿੰਘ ਹੰਸਰਾ, ਭਾਈ ਕੰਵਲਜੀਤ ਸਿੰਘ, ਭਾਈ ਦਰਸ਼ਨ ਸਿੰਘ, ਸਿੱਖਸ ਫਾਰ ਜਸਟਿਸ ਦੇ ਭਾਈ ਜਸਬੀਰ ਸਿੰਘ ਤੇ ਭਾਈ ਸੁਖਵਿੰਦਰ ਸਿੰਘ ਠਾਣਾ, ਭਾਈ ਰਾਮ ਸਿੰਘ ਤੇ ਪੁਨੀਤ ਕੌਰ ਖਾਲਸਾ ਸ਼ਾਮਲ ਸਨ। ਇਸ ਮੁਜ਼ਾਹਰੇ ਵਿਚ ਗੁਰਦੁਆਰਾ ਸਿੰਘ ਸਭਾ ਮਿਲਪੀਟਸ, ਗਦਰੀ ਬਾਬਿਆਂ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ, ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਧ ਚੜ੍ਹ ਕੇ ਸ਼ਾਮਲ ਹੋਏ।



**ਸਿੱਖਾਂ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਜੀਵਨ ਕਹਾਣੀ ਉੱਤੇ ਹਾਲੀਵੁੱਡ ਵਿੱਚ ਬਣੀ ਫਿਲਮ 'ਦ ਬਲੈਕ ਪ੍ਰਿੰਸ' ਵਿੱਚ ਨਾਇਕ ਦੀ ਭੂਮਿਕਾ ਨਿਭਾਉਣ ਨਾਲ ਵਿਸ਼ਵ ਪ੍ਰਸਿੱਧੀ ਕਮਾਉਣ ਵਾਲੇ ਹਰਮਨਪਿਆਰੇ ਪੰਜਾਬੀ ਸੂਫ਼ੀ ਗਾਇਕ ਸਤਿੰਦਰ ਸਰਤਾਜ, ਜਿਹੜੇ ਪਿਛਲੇ ਦਿਨੀਂ ਅਮਰੀਕਾ ਦੌਰੇ ਉੱਤੇ ਪੁੱਜੇ, ਦੀ ਸੰਗੀਤ ਅਤੇ ਕਲਾ ਨੂੰ ਅਦੁੱਤੀ ਦੇਣ ਖ਼ਾਸ ਕਰ 'ਗਾਇਕੀ, ਸ਼ਾਇਰੀ ਅਤੇ ਅਦਾਕਾਰੀ ਵਿੱਚ ਸਿਖ਼ਰਾਂ ਛੋਹਣ' ਬਦਲੇ ਅਮਰੀਕੀ ਕਾਂਗਰਸ ਦੇ ਸਿੱਖ ਕਾਕਸ ਦੇ ਮੈਂਬਰਾਂ ਜੌਹਨ ਗਾਰਮੈਂਡੀ ਅਤੇ ਪੈਟ ਮੀਹਨ ਵਲੋਂ ਵਿਸ਼ੇਸ਼ ਤੌਰ ਉੱਤੇ ਦਿੱਤਾ ਹੋਇਆ ਸਨਮਾਨ ਪੱਤਰ ਭੇਂਟ ਕਰਦੇ ਹੋਏ ਫਰੈਂਡਜ਼ ਆਫ਼ ਸਿੱਖ ਕਾਕਸ ਦੇ ਸਰਗਰਮ ਮੈਂਬਰ।**

ਸਿੱਖ ਇਨਫਰਮੇਸ਼ਨ ਸੈਂਟਰ ਲੈਥਰੋਪ, ਏਜੀਪੀਸੀ, ਖਾਲਿਸਤਾਨ ਦੇ ਸ਼ਹੀਦਾਂ ਦੇ ਪਰਿਵਾਰਾਂ ਦੇ ਮੈਂਬਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਿਖ ਯੂਥ ਆਫ ਅਮਰੀਕਾ, ਖਾਲਿਸਤਾਨ ਸਿਖ ਐਕਟੀਵਿਸਟ ਅਤੇ ਸਿਖਜ਼ ਫਾਰ ਜਸਟਿਸ ਸ਼ਾਮਲ ਸਨ। ਨੌਜਵਾਨਾਂ ਨੇ "ਖਾਲਿਸਤਾਨ ਜ਼ਿਦਾਬਾਦ" ਦੇ ਜ਼ੋਰਦਾਰ ਨਾਹਰਿਆਂ ਨਾਲ ਹਾਲ ਦੇ ਅੰਦਰ ਬੈਠੇ ਕੌਂਸਲੇਟ ਤੇ ਆਰ ਐਸ ਐਸ ਸਮਰਥਕਾਂ ਨੂੰ ਕਾਂਬਾ ਛੇੜੀ ਰਖਿਆ।

ਇਸਦੇ ਨਾਲ ਪੰਜਾਬ ਦੀ ਸਿੱਖ ਵਿਰੋਧੀ ਕਾਂਗਰਸੀ ਸਰਕਾਰ ਵਲੋਂ ਇੰਗਲੈਂਡ ਤੇ ਕੈਨੇਡਾ ਤੋਂ ਗਏ ਨਿਰਦੋਸ਼ ਸਿੱਖਾਂ ਦੀਆਂ ਗ੍ਰਿਫਤਾਰੀਆਂ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ, ਜਿਸ ਵਿਚ ਜਗਤਾਰ ਸਿੰਘ ਜੱਗੀ ਉਤੇ ਪੰਜਾਬ ਪੁਲੀਸ ਦੁਆਰਾ ਕੀਤੇ ਤਸ਼ਦੱਦ ਦੀ ਭਾਰੀ ਨਿੰਦਿਆ ਕੀਤੀ ਗਈ। ਵਡੀਆਂ ਵਡੀਆਂ ਤਖਤੀਆਂ ਜਿਨ੍ਹਾਂ ਤੇ "ਭਾਰਤੀ ਰਾਜਦੂਤ ਵਾਪਸ ਜਾਓ" ਦੇ ਨਾਹਰੇ ਲਿਖੇ ਹੋਏ ਸਨ ਤੇ ਖਾਲਿਸਤਾਨੀ ਝੰਡਿਆਂ ਨਾਲ ਮਾਹੌਲ ਜੋਸ਼ਮਈ ਬਣਿਆ ਰਿਹਾ।


CHAAT BHAVAN RESTAURANT

# CHAAT BHAVAN®

Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਂਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM

# ਭਾਰਤ ਭਰ ਦੇ ਕਿਸਾਨਾਂ ਦੀ ਦਿੱਲੀ ਵਿੱਚ ਜੁੜੀ ਸੰਸਦ ਨੇ ਪਾਸ ਕੀਤਾ ਖੇਤੀ ਕਰਜ਼ਿਆਂ 'ਤੇ ਲੀਕ ਫੇਰਨ ਦਾ 'ਬਿੱਲ'



**ਨਵੀਂ ਦਿੱਲੀ/ਬਿਊਰੋ ਨਿਊਜ਼:** ਭਾਰਤ ਭਰ ਦੇ ਕਿਸਾਨਾਂ ਦੀ ਦੇਸ਼ ਦੇ ਰਾਜਧਾਨੀ ਵਾਲੀ ਸ਼ਹਿਰ ਨਵੀਂ ਦਿੱਲੀ ਦੀ ਦੂੰਨੀ ਵਿੱਚ ਜੁੜੀ ਸੰਸਦ ਨੇ ਖੇਤੀ ਕਰਜ਼ਿਆਂ 'ਤੇ ਲੀਕ ਫੇਰਨ ਦਾ 'ਬਿੱਲ' ਪਾਸ ਕਰਕੇ ਕਿਸਾਨ ਅੰਦੋਲਨ ਨੂੰ ਫੈਸਲਾਕੁਨ ਦੌਰ ਵਲ ਅਗਾਂਹ ਵਧਾਇਆ। ਮੁਲਕ ਭਰ ਤੋਂ ਇਥੇ ਇਕੱਤਰ ਹੋਏ ਹਜ਼ਾਰਾਂ ਕਿਸਾਨਾਂ ਨੇ ਮੰਗ ਕੀਤੀ ਕਿ ਇਕ ਵਾਰ ਕਿਸਾਨਾਂ ਦੇ ਪੂਰੇ ਕਰਜ਼ੇ 'ਤੇ ਲੀਕ ਫੇਰੀ ਜਾਵੇ ਅਤੇ ਜਿਣਸਾਂ ਦੇ ਲਾਹੇਵੰਦ ਭਾਅ ਦਿੱਤੇ ਜਾਣ। 'ਕਿਸਾਨ ਮੁਕਤੀ ਸੰਸਦ' ਵਿੱਚ ਕਰਜ਼ਾ ਮੁਆਫ਼ੀ ਅਤੇ ਜਿਣਸਾਂ ਦੇ ਲਾਹੇਵੰਦ ਭਾਅ ਬਾਰੇ ਦੋ 'ਬਿੱਲ' ਪਾਸ ਕੀਤੇ ਗਏ। ਇਹ ਇਕੱਤਰਤਾ ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ, ਜਿਸ 'ਚ ਮੁਲਕ ਭਰ ਦੀਆਂ 180 ਕਿਸਾਨ ਜਥੇਬੰਦੀਆਂ ਸ਼ਾਮਲ ਹਨ, ਦੇ ਬੈਨਰ ਹੇਠ ਕੀਤੀ ਗਈ ਸੀ। ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਦੇ ਆਗੂਆਂ ਮੁਤਾਬਕ ਉਨ੍ਹਾਂ ਵੱਲੋਂ ਪਾਸ ਕੀਤੇ ਗਏ ਇਹ 'ਬਿੱਲ' ਸੰਸਦ 'ਚ ਪ੍ਰਾਈਵੇਟ ਮੈਂਬਰ ਦੇ ਬਿੱਲ ਵਜੋਂ ਸਵੈਭਿਮਾਨੀ ਪਕਸ਼ਾ ਦੇ ਲੋਕ ਸਭਾ ਮੈਂਬਰ ਰਾਜੂ ਸ਼ੈਟੀ ਅਤੇ ਸੀਪੀਆਈ(ਐਮ) ਦੇ ਰਾਜ ਸਭਾ ਮੈਂਬਰ ਕੇਕੇ ਰਾਗੇਸ਼ ਵੱਲੋਂ ਪੇਸ਼ ਕੀਤੇ ਜਾਣਗੇ। ਆਲ ਇੰਡੀਆ ਕਿਸਾਨ ਸਭਾ ਦੇ ਆਗੂ ਅਸ਼ੋਕ ਧਾਵਲੇ ਨੇ ਕਿਹਾ, 'ਸੰਸਦ ਵਿੱਚ ਇਨ੍ਹਾਂ ਪ੍ਰਾਈਵੇਟ ਬਿੱਲਾਂ ਦਾ ਪਾਸ ਹੋਣਾ ਯਕੀਨੀ ਬਣਾਉਣ ਲਈ ਅਸੀਂ ਹੋਰ ਰਾਜਸੀ ਪਾਰਟੀਆਂ ਤੋਂ ਵੀ ਸਮਰਥਨ ਮੰਗਾਂਗੇ।'

ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਮੁਤਾਬਕ, 'ਫ਼ਸਲਾਂ 'ਤੇ ਲਾਗਤ ਖ਼ਰਚ ਵਧਣ (ਜਿਵੇਂ ਤੇਲ, ਕੀਟਨਾਸ਼ਕਾਂ, ਖਾਦਾਂ ਤੇ ਇਥੋਂ ਤਕ ਕੇ ਪਾਣੀ) ਅਤੇ ਸਰਕਾਰ ਵੱਲੋਂ ਸਬਸਿਡੀਆਂ ਵਿੱਚ ਕਟੌਤੀ ਕੀਤੇ ਜਾਣੇ ਕਾਰਨ ਕਿਸਾਨਾਂ ਦੀ ਆਮਦਨ ਅਤੇ ਖਰਚ ਵਿੱਚ ਵੱਡਾ 'ਪਾੜਾ' ਪੈ ਗਿਆ ਹੈ।' ਪ੍ਰਦਰਸ਼ਨਕਾਰੀ ਕਿਸਾਨਾਂ ਨੇ ਦੋਸ਼ ਲਾਇਆ ਕਿ ਸੱਤਾਧਾਰੀ ਭਾਜਪਾ ਨੇ ਆਪਣੇ ਰਾਜਸੀ ਹਿੱਤਾਂ ਦੀ ਪੂਰਤੀ ਤੋਂ ਸਿਵਾਏ ਕਿਸਾਨਾਂ ਲਈ ਕੁੱਝ ਨਹੀਂ ਕੀਤਾ। ਸੀਪੀਆਈ ਆਗੂ ਅਤੁਲ ਅਣਜਾਣ ਨੇ ਕਿਹਾ, 'ਪ੍ਰਧਾਨ ਮੰਤਰੀ ਪਹਿਲਾਂ ਕਹਿੰਦੇ ਸਨ ਕਿ ਕੋਈ ਵੀ ਸੂਬਾਈ ਸਰਕਾਰ ਘੱਟੋ ਘੱਟ ਸਮਰਥਨ ਮੁੱਲ (ਐਮਐਸਪੀ) 'ਤੇ ਬੋਨਸ ਨਹੀਂ ਦੇਵੇਗੀ ਅਤੇ ਹੁਣ ਗੁਜਰਾਤ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਦੋਂ ਕਪਾਹ ਦੇ ਭਾਅ ਘੱਟ ਹਨ ਤਾਂ ਗੁਜਰਾਤ ਸਰਕਾਰ ਨੇ ਪ੍ਰਤੀ ਗੱਠ 500 ਰੁਪਏ ਬੋਨਸ ਦੇਣ ਦਾ ਐਲਾਨ ਕਰ ਦਿੱਤਾ ਹੈ। ਪਰ ਪੰਜਾਬ, ਤਾਮਿਲ ਨਾਡੂ, ਮਹਾਰਾਸ਼ਟਰ ਜਾਂ ਕਰਨਾਟਕ ਦੇ ਕਿਸਾਨਾਂ ਨੇ ਸਰਕਾਰ ਦਾ ਕੀ ਵਿਗਾੜਿਆ ਹੈ? ਇਹ ਸਪੱਸ਼ਟ ਤੌਰ 'ਤੇ ਸਰਕਾਰ ਵੱਲੋਂ ਕਿਸਾਨਾਂ ਨੂੰ ਲੁਭਾਇਆ ਅਤੇ ਹਾਲਾਤ ਨੂੰ ਆਪਣੇ ਰਾਜਸੀ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ, ਜੋ ਕਿਸਾਨਾਂ ਦੇ ਹਿੱਤ 'ਚ ਨਹੀਂ ਹੈ।'

ਬੀਕੇਯੂ ਏਕਤਾ (ਡਕੌਂਦਾ) ਦੇ ਸੂਬਾਈ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਪੰਜਾਬ 'ਚ ਸੱਤਾਧਾਰੀ ਕਾਂਗਰਸ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਦੀ ਪੋਲ ਖੋਲ੍ਹੀ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਰਕਾਰ ਨੇ ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ਼ ਕਰਨ ਬਜਾਏ ਪੰਜ ਏਕੜ ਤੋਂ ਹੇਠਾਂ ਵਾਲੇ ਕਿਸਾਨਾਂ ਦੇ ਸਿਰਫ਼ ਦੋ ਲੱਖ ਰੁਪਏ ਮੁਆਫ਼ ਕਰਨ ਦਾ ਅਖ਼ਬਾਰੀ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸ਼ਾਹੂਕਾਰਾ ਕਰਜ਼ੇ ਦੀ ਗੱਲ ਹੀ ਨਹੀਂ ਕੀਤੀ ਜਾ ਰਹੀ, ਜੋ 90 ਫ਼ੀਸਦ ਹੈ। ਕਰਜ਼ੇ ਕਾਰਨ ਪੰਜਾਬ ਦੇ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਇਸ ਮੌਕੇ ਡਾ. ਦਰਸ਼ਨ ਪਾਲ, ਪ੍ਰੇਮ ਸਿੰਘ ਗਹਿਲਾਵਤ ਤੇ ਭੁਪਿੰਦਰ ਸਾਂਬਰ ਆਦਿ ਬੁਲਾਰਿਆਂ ਨੇ ਜ਼ੋਰਦਾਰ ਢੰਗ ਨਾਲ ਕਿਸਾਨਾਂ ਦੀਆਂ ਮੰਗਾਂ ਰੱਖੀਆਂ।

## ਸ਼ੈਲਰ ਮਾਲਕਾਂ ਦਾ ਪੈਸਾ ਵੀ ਕਿਸਾਨਾਂ ਵੱਲ ਦਿਖਾਇਆ

ਕਿਸਾਨਾਂ ਦੇ ਵੱਟੇ ਖਾਤੇ ਵਿੱਚ ਪਾਏ ਗਏ 603 ਕਰੋੜ ਰੁਪਏ ਦਾ ਪਹਿਲੂ ਵੀ ਸਾਹਮਣੇ ਆਇਆ। ਦਰਅਸਲ ਇਹ ਪੈਸਾ ਕਿਸਾਨਾਂ ਦੀ ਦੇਣਦਾਰੀ ਦਾ ਨਹੀਂ, ਸਗੋਂ ਸ਼ੈਲਰ ਮਾਲਕਾਂ ਦਾ ਹੈ ਅਤੇ ਸ਼ੈਲਰਾਂ ਨੂੰ ਖੇਤੀਬਾੜੀ ਦਾ ਹਿੱਸਾ ਮੰਨਿਆ ਜਾਂਦਾ ਹੈ। ਇਸ ਕਰ ਕੇ ਇਹ ਪੈਸਾ ਕਿਸਾਨਾਂ ਵੱਲ ਦਿਖਾਇਆ ਗਿਆ ਹੈ। ਕਿਸਾਨਾਂ ਨੂੰ ਇਸ ਦਾ ਪਤਾ ਤੱਕ ਨਹੀਂ ਹੈ।

## ਕੈਪਟਨ ਦੀ ਕਿਸਾਨ ਕਰਜ਼ਾ ਰਾਹਤ ਸਕੀਮ ਬਾਰੇ ਭੰਬਲਭੂਸਾ ਜਾਰੀ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦੇਣ ਦੀ ਸਕੀਮ ਲਾਗੂ ਕਰਨ ਬਾਰੇ ਅਜੇ ਵੀ ਸਥਿਤੀ ਸਪੱਸ਼ਟ ਨਹੀਂ ਹੈ। ਬੀਤੇ ਦਿਨ ਸਰਕਾਰ ਨੇ ਕੌਮੀਕ੍ਰਿਤ ਬੈਂਕਾਂ ਨੂੰ ਕਰਜ਼ਾਈ ਕਿਸਾਨਾਂ ਦੀਆਂ ਸੂਚੀਆਂ ਇਕ ਮਹੀਨੇ ਵਿੱਚ ਦੇਣ ਲਈ ਕਿਹਾ ਹੈ। ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਰਾਜ ਪੱਧਰੀ ਬੈਂਕਰਜ਼ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਕਰਜ਼ਾ ਰਾਹਤ ਸਕੀਮ ਲਈ ਜਾਰੀ ਨੋਟੀਫਿਕੇਸ਼ਨ ਦੇ ਆਧਾਰ 'ਤੇ ਸੂਚੀਆਂ ਤਿਆਰ ਕਰ ਕੇ ਸਰਕਾਰ ਕੋਲ ਇਕ ਮਹੀਨੇ ਵਿੱਚ ਭੇਜੀਆਂ ਜਾਣ। ਸੂਚੀਆਂ ਦੇ ਆਧਾਰ 'ਤੇ ਸਰਕਾਰ ਪੈਸਾ ਜਾਰੀ ਕਰੇਗੀ। ਉਨ੍ਹਾਂ ਕਿਹਾ ਕਿ ਇਹ ਸਕੀਮ ਕਰਜ਼ਾ ਮੁਆਫ਼ੀ ਨਹੀਂ, ਸਗੋਂ ਕਰਜ਼ਾ ਰਾਹਤ ਸਕੀਮ ਹੈ। ਦੂਜੇ ਪਾਸੇ ਬੈਂਕ ਅਧਿਕਾਰੀਆਂ ਨੇ ਰਾਜ ਸਰਕਾਰ ਨੂੰ ਕਿਹਾ ਕਿ ਕਰਜ਼ਾ ਰਾਹਤ ਸਕੀਮ ਬਾਰੇ ਭਾਰਤੀ ਰਿਜ਼ਰਵ ਬੈਂਕ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਰਕਾਰ ਦੇ ਨੋਟੀਫਿਕੇਸ਼ਨ ਵਿੱਚ ਫਰਕ ਹੈ। ਇਸ ਦਾ ਸਪੱਸ਼ਟੀਕਰਨ ਦਿੱਤਾ ਜਾਵੇ। ਰਿਜ਼ਰਵ ਬੈਂਕ ਅਨੁਸਾਰ ਇਕ ਹੈਕਟੇਅਰ ਅਤੇ ਦੋ ਹੈਕਟੇਅਰ ਤੱਕ ਜ਼ਮੀਨ ਵਾਲੇ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦੇਣੀ ਹੈ ਪਰ ਸਰਕਾਰ ਦੇ ਨੋਟੀਫਿਕੇਸ਼ਨ ਅਨੁਸਾਰ ਇਕ ਹੈਕਟੇਅਰ ਅਤੇ ਦੋ ਹੈਕਟੇਅਰ ਤੋਂ ਘੱਟ ਜ਼ਮੀਨ ਮਾਲਕੀ ਵਾਲੇ ਕਿਸਾਨਾਂ ਨੂੰ ਰਾਹਤ ਦੇਣੀ ਹੈ। ਇਸ ਭੰਬਲਭੂਸੇ ਨੂੰ ਦੂਰ ਕੀਤਾ ਜਾਵੇ।

ਇਸ ਦੇ ਨਾਲ ਸਹਿਕਾਰੀ ਬੈਂਕਾਂ ਅਤੇ ਸਹਿਕਾਰੀ ਸੁਸਾਇਟੀਆਂ ਤੋਂ ਫਸਲੀ ਕਰਜ਼ਾ ਲੈਣ ਵਾਲੇ ਕਿਸਾਨਾਂ ਨੂੰ ਲਗਪਗ 3600 ਕਰੋੜ ਰੁਪਏ ਦੀ ਰਾਹਤ ਦਿੱਤੀ ਜਾਣੀ ਹੈ। ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ ਨੇ ਆਪਣੇ ਸਾਰੇ ਅੰਕੜੇ ਤਿਆਰ ਕਰ ਲਏ ਹਨ ਤੇ ਲਾਭਪਾਤਰੀ ਕਿਸਾਨਾਂ ਦੀਆਂ ਸੂਚੀਆਂ ਬਣਾ ਲਈਆਂ ਹਨ।





# B Sons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!




*Office Hours*
*Mon-Fri*
*9am-6pm*
*Saturday*
*9am-5pm*

CST. REG #2092042-40

We Also Have Special Vacation Packages

President : Avtar Singh

*Contact any time from anywhere*

Tel 707.703.1451 • Fax 707.425.4260

Email: bsonstravel@yahoo.com
1652 West Texas St. Suite 139, Fairfield, CA 94533

LAW OFFICE OF
# PARDEEP S. GREWAL
ਪ੍ਰਦੀਪ ਸਿੰਘ ਗਰੇਵਾਲ

Bankruptcy
Immigration • Divorce

**ਬੈਂਕਰਪਸੀ**
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
**ਇਮੀਗ੍ਰੇਸ਼ਨ ਲਾਅ**
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
**ਪਰਿਵਾਰਕ ਕਾਨੂੰਨ**
**ਤਲਾਕ**



**Pardeep S. Grewal**
Attorney At Law

**Bankruptcy**
- Chapter 7 & 13 Bankruptcy
- Protect Your Assets- Home, Etc..
- Start Fresh- Clear

**Family Law • Divorce**

**Immigration Law**
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

**510.889.1999**
email : info@pardeeplaw.com
20980 REDWOOD ROAD, SUITE 240 • CASTRO VALLEY CA 94546

# ਟਰੰਪ ਸਰਕਾਰ ਵਲੋਂ ਯਾਤਰਾ ਪਾਬੰਦੀਆਂ ਲਾਗੂ ਕਰਨ ਲਈ ਸੁਪਰੀਮ ਕੋਰਟ ਤੱਕ ਪਹੁੰਚ

ਹੋਨੋਲੂਲੂ/ਬਿਊਰੋ ਨਿਊਜ਼, ਟਰੰਪ ਪ੍ਰਸ਼ਾਸਨ ਨੇ ਅਮਰੀਕੀ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਪਰਵਾਸੀਆਂ ਦੀ ਆਮਦ ‘ਤੇ ਪਾਬੰਦੀ ਨੂੰ ਪੂਰੀ ਤਰ੍ਹਾਂ ਅਮਲ ‘ਚ ਲਿਆਉਣ ਦੀ ਇਜਾਜ਼ਤ ਦਿੱਤੀ ਜਾਵੇ। ਫੈਡਰਲ ਅਪੀਲੀ ਅਦਾਲਤ ਨੇ ਪਿਛਲੇ ਹਫ਼ਤੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਵੇਂ ਪਾਬੰਦੀ ਨਿਯਮਾਂ ਨੂੰ ਕੁਝ ਹੱਦ ਤੱਕ ਅਮਲ ‘ਚ ਲਿਆਉਣ ਦੀ ਇਜਾਜ਼ਤ ਦਿੱਤੀ ਸੀ। ਪਿਛਲੇ ਮਹੀਨੇ ਹਵਾਈ ਦੀ ਫੈਡਰਲ ਅਦਾਲਤ ਨੇ ਟਰੰਪ ਵੱਲੋਂ ਪਰਵਾਸੀਆਂ ਦੀ ਆਮਦ ਰੋਕਣ ਲਈ ਲਾਈ ਜਾ ਰਹੀ ਤੀਜੀ ਪਾਬੰਦੀ ਨੂੰ ਅਮਲ ‘ਚ ਲਿਆਉਣ ਤੋਂ ਤੁਰੰਤ ਪਹਿਲਾਂ ਹੀ ਰੋਕ ਦਿੱਤਾ ਸੀ। ਮੈਰੀਲੈਂਡ ਦੀ ਜੱਜ ਨੇ ਇਸ ਪਾਬੰਦੀ ਨੂੰ ਵੱਖਰੇ ਤੌਰ ‘ਤੇ ਘਟਾ ਕੇ ਰੋਕ ਦਿੱਤਾ ਸੀ। ਉਸ ਨੇ ਕਿਹਾ ਸੀ ਕਿ ਇਰਾਨ, ਲਿਬੀਆ, ਸੋਮਾਲੀਆ, ਸਿਰੀਆ, ਯਮਨ ਤੇ ਚਾਡ ਦੇ ਲੋਕਾਂ ਨੂੰ ਟਰੰਪ ਪ੍ਰਸ਼ਾਸਨ ਤਾਂ ਹੀ ਰੋਕ ਸਕਦਾ ਹੈ ਜੇ ਉਨ੍ਹਾਂ ਦਾ ਅਮਰੀਕਾ ‘ਚ ਕੋਈ ਰਿਸ਼ਤੇਦਾਰ ਨਹੀਂ ਹੈ। ਅਮਰੀਕਾ ਦੇ ਨਿਆ ਵਿਭਾਗ ਨੇ ਸੋਮਵਾਰ ਨੂੰ ਅਰਜ਼ੀ ਦਾਇਰ ਕਰਕੇ ਸੁਪਰੀਮ ਕੋਰਟ ਤੋਂ ਮੰਗ ਕੀਤੀ ਹੈ ਕਿ ਹਵਾਈ ਦੇ ਜੱਜ ਦੇ ਹੁਕਮਾਂ ‘ਤੇ ਰੋਕ ਲਾਈ ਜਾਵੇ।

### ਕ੍ਰਿਸਮਸ ਮੌਕੇ ਟੈਕਸ ਘਟਾਵਾਂਗੇ-ਟਰੰਪ

ਵਾਸ਼ਿੰਗਟਨ: ਰਾਸ਼ਟਰਪਤੀ ਡੋਨਲਡ ਟਰੰਪ ਨੇ ਵਾਅਦਾ ਕੀਤਾ ਹੈ ਕਿ ਕ੍ਰਿਸਮਸ ਮੌਕੇ ਵੱਡੇ ਪੱਧਰ ‘ਤੇ ਟੈਕਸ ਘਟਾਏ ਜਾਣਗੇ। ਕੈਬਨਿਟ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਕ੍ਰਿਸਮਸ ਮੌਕੇ ਟੈਕਸ ਨੂੰ ਵੱਡੇ ਪੱਧਰ ‘ਤੇ ਘਟਾਉਣ ਜਾ ਰਹੇ ਹਨ ਤੇ ਅਮਰੀਕਾ ਦੇ ਲੋਕਾਂ ਲਈ ਇਹ ਕ੍ਰਿਸਮਸ ਦਾ ਵੱਡਾ ਤੋਹਫ਼ਾ ਹੋਵੇਗਾ।

# ਪੰਜਾਬ ਵਿਚ ਗ੍ਰਿਫਤਾਰ ਕੀਤੇ ਗਏ ਨਿਰਦੋਸ਼ ਸਿੱਖਾਂ ਦੀ ਬਿਨਾਂ ਸ਼ਰਤ ਰਿਹਾਈ ਕੀਤੀ ਜਾਵੇ : ਏਜੀਪੀਸੀ

**ਮਿਲਪੀਟਸ/ਬਿਊਰੋ ਨਿਊਜ਼:**ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਚ ਹਫਤਾਵਾਰੀ ਦੀਵਾਨ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਸੰਪੂਰਨ ਹੋਏ, ਰਾਗੀ ਸਿੰਘਾਂ ਨੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਪੰਜਾਬ ਪੁਲੀਸ ਰਾਹੀਂ ਫੜੇ ਗਏ ਨਿਰਦੋਸ਼ ਚਾਰ ਵਿਦੇਸ਼ੀ ਸਿੱਖਾਂ ਬਾਰੇ ਜਾਣਕਾਰੀ ਦਿੱਤੀ। ਜਿਨ੍ਹਾਂ ਵਿਚ, ਜਗਤਾਰ ਸਿੰਘ ਜੌਹਲ (ਜੱਗੀ) ਇੰਗਲੈਂਡ ਤੋਂ ਤਲਜੀਤ ਸਿੰਘ ਇੰਗਲੈਂਡ ਤੋਂ ਹਰਦੀਪ ਸਿੰਘ ਇਟਲੀ ਤੋਂ ਰਮਨਦੀਪ ਸਿੰਘ ਕਨੇਡੀਅਨ ਸ਼ਾਮਲ ਹਨ। ਇਨਾਂ ਸਾਰਿਆਂ ਉਤੇ ਪੁਲੀਸ ਨੇ ਝੂਠੇ ਮੁਕਦੱਮੇ ਦਰਜ ਕਰਕੇ ਪੁਲੀਸ ਹਿਰਾਸਤ ਵਿਚ ਬੇਰਹਿਮੀ ਵਾਲਾ ਰਵਈਆਂ ਅਖਤਿਆਰ ਕਰਦਿਆਂ ਅਣਮਨੁੱਖੀ ਤਸ਼ਦੱਦ ਕੀਤਾ ਹੈ ਜੋ ਬੰਦ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਦੀ ਬਿਨਾਂ ਸ਼ਰਤ ਰਿਹਾਈ ਕਰਨੀ ਚਾਹੀਦੀ ਹੈ।





ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਦਰਿੰਦਗੀ ਭਰੇ ਕੰਮ ਤੁਰੰਤ ਬੰਦ ਕਰਨੇ ਚਾਹੀਦੇ ਹਨ। ਅਮਰੀਕਨ ਸਿੱਖ ਕੰਗਰੈਸ਼ਨਲ ਕਾਕਸ ਦੇ ਭਾਈ ਹਰਪ੍ਰੀਤ ਸਿੰਘ ਸੰਧੂ ਨੇ ਕਿਹਾ ਕਿ ਉਨ੍ਹਾਂ ਇਹ ਮਸਲਾ ਅਮਰੀਕਨ ਸਿੱਖ ਕੰਗਰੈਸ਼ਨਲ ਕਾਕਸ ਦੇ ਚੇਅਰਮੈਨ ਜਾਹਨ ਗਰਮੈਂਡੀ ਦੇ ਧਿਆਨ ਵਿਚ ਲਿਆਂਦਾ ਹੈ ਜਿਨ੍ਹਾਂ ਇਸ ਸਬੰਧੀ ਉਚਿਤ ਕਾਰਵਾਈ ਕਰਨ ਦਾ ਭਰੋਸਾ ਦੁਆਇਆ ਹੈ। ਇਸ ਤੋਂ ਇਲਾਵਾ ਗ੍ਰਿਫਤਾਰੀਆਂ ਦਾ ਗੰਭੀਰ ਮਸਲਾ ਸਟੇਟ ਡਿਪਾਰਟਮੈਂਟ ਤੇ ਯੂਸਰਫ (ਯੂਨਾਈਟਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰੈਲਜੀਅਜ਼ ਫਰੀਡਮ) ਦੇ ਧਿਆਨ ਵਿਚ ਲਿਆਂਦਾ ਹੈ ਆਪਣੇ ਢੰਗ ਨਾਲ ਫੜੇ ਗਏ ਸਿੱਖਾਂ ਨੂੰ ਛੁਡਾਉਣ ਬਾਰੇ ਕਾਰਵਾਈ ਕਰਨਗੇ । ਉਨ੍ਹਾਂ ਕਿਹਾ ਕਿ ਵਿਦੇਸ਼ਾਂ ਤੋਂ ਆਪਣੇ ਪਰਿਵਾਰਾਂ ਨੂੰ ਮਿਲਣ ਗਏ ਨੌਜਵਾਨਾਂ ਨੂੰ ਸ਼ੱਕ ਦੇ ਅਧਾਰ ਉਤੇ ਫੜ ਕੇ ਹਿਰਾਸਤ ਦੌਰਾਨ ਭਾਰੀ ਸਰੀਰਕ ਤਸ਼ਦੱਦ ਦੇਣਾ ਲੋਕਤੰਤਰੀ ਸਰਕਾਰਾਂ ਦਾ ਕੰਮ ਨਹੀਂ। ਘੱਟ ਗਿਣਤੀਆਂ ਨੂੰ ਸਾਜ਼ਿਸ਼ ਤਹਿਤ ਡਰਾਉਣਾ ਤੇ ਉਨਾਂ ਵਿਚ ਡਰ ਦੀ ਭਾਵਨਾ ਪੈਦਾ ਕਰਨਾ ਕਿਸੇ ਵੀ ਤਰਾਂ ਦਰੁਸਤ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਸਿੱਖ ਸੰਗਤਾਂ ਨੂੰ ਭਰੋਸਾ ਦੁਆਇਆ ਕਿ ਸਿੱਖ ਕਾਕਸ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰੇਗਾ ਕਿ ਅਮਰੀਕਾ ਸਰਕਾਰ ਭਾਰਤ ਉਤੇ ਦਬਾਅ ਬਣਾ ਕੇ ਠੀਕ ਪਹੁੰਚ ਅਪਨਾਉਣ ਲਈ ਰਜ਼ਾਮੰਦ ਕਰੇ।

# ਫੇਸਬੁੱਕ ਉੱਤੇ ਸਿੱਖ ਦਰਦ ਦਾ ਜ਼ਿਕਰ ਕਰਨ ਵਾਲੇ ਨੌਜਵਾਨ ਨੂੰ ‘ਦਹਿਸ਼ਤਗਰਦ’ ਕਹਿ ਕੇ ਝੂਠੇ ਕੇਸਾਂ ’ਚ ਘੜੀਸਿਆ

**ਫਤਿਹਗੜ੍ਹ ਸਾਹਿਬ/ਬਿਊਰੋ ਨਿਊਜ਼:** ਗ੍ਰੰਥੀ ਵਜੋਂ ਸੇਵਾਵਾਂ ਨਿਭਾਅ ਰਹੇ ਅਤੇ ਮੋਬਾਈਲ ਫੋਨ ਦੇ ਮਕੈਨਿਕ ਜੋਗਿੰਦਰ ਜੋਗੀ (26 ਸਾਲ) ਨੂੰ ਇਲਮ ਨਹੀਂ ਸੀ ਕਿ ਫੇਸਬੁੱਕ ‘ਤੇ ਆਪਣੀ ਗੱਲ ਰੱਖਣਾ ਭਾਰੀ ਪੈ ਸਕਦਾ ਹੈ। ਉਹ ਸਾਲ 2013 ‘ਚ ਸੋਸ਼ਲ ਸਾਈਟ ‘ਤੇ ਸਰਗਰਮ ਹੋਇਆ ਸੀ ਪਰ ਪਿਛਲੇ ਚਾਰ ਸਾਲਾਂ ਦੀਆਂ ਤਕਲੀਫ਼ਾਂ ਉਸ ਦੇ ਖਿੜਦੇ ਚਿਹਰੇ ‘ਤੇ ਛੁਪਦੀਆਂ ਨਹੀਂ।ਹੁਣੇ ਜਿਹੇ ਉਸ ਦਾ ਤਰਨ ਤਾਰਨ ਰਹਿੰਦੀ ਲੜਕੀ ਨਾਲ ਮੰਗਣਾ ਹੋਇਆ ਹੈ। ਪਿਆਰ ਅਤੇ ਚਾਅ ਨਾਲ ਉਸ ਨੇ ਜੇਜੇਐਮਐਮਆਰਆਰ ਨਾਮ ਨਾਲ ਫੇਸਬੁੱਕ ਅਕਾਊਂਟ ਬਣਾਇਆ। ਉਹ ਮੁਸਕਰਾਉਂਦਾ ਹੋਇਆ ਦੱਸਦਾ ਹੈ,“‘ਜੇ’ ਮੇਰੇ ਅਤੇ ‘ਆਰ’ ਮੇਰੀ ਮੰਗੇਤਰ ਦੇ ਨਾਮ ਦੇ ਪਹਿਲੇ ਅੱਖਰ ਹਨ। ‘ਐਮ’ ਮੇਰੀ ਸਾਲੀ ਦੇ ਨਾਮ ਦਾ ਪਹਿਲਾ ਅੱਖਰ ਹੈ।“ ਗੋਲ ਕੇਸਰੀ ਦਸਤਾਰ ਸਜਾਉਣ ਅਤੇ ਕੁੜਤਾ ਪਜਾਮਾ ਪਾਉਣ ਵਾਲਾ ਜੋਗਿੰਦਰ ਜੋਗੀ ਬੇਕਸੂਰ ਜਾਪਦਾ ਹੈ। ਪਰ ਪੰਜਾਬ ਪੁਲੀਸ ਦੇ ਰਿਕਾਰਡ ‘ਚ ਉਹ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਮੈਂਬਰ ਹੈ ਅਤੇ ਹਿੰਦੂ ਆਗੂਆਂ ਦੀਆਂ ਹੱਤਿਆਵਾਂ ਦੀ ਸਾਜ਼ਿਸ਼ ਘੜਨ ਲਈ ਉਹ 18 ਹੋਰ ਗਰਮ ਖ਼ਿਆਲੀਆਂ ਨਾਲ ਮਿਲਿਆ ਸੀ ਜਿਸ ਕਰਕੇ ਉਸ ਖ਼ਿਲਾਫ਼ ਗ਼ੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਤਹਿਤ ਕੇਸ ਦਰਜ ਕੀਤਾ ਗਿਆ। ਉਹ ਚੇਤੇ ਕਰਦਿਆਂ ਦੱਸਦਾ ਹੈ,“ਮੈਂ ਕਥਾਵਾਚਕ ਬਣਨ ਦੀ ਸਿਖਲਾਈ ਲੈ ਰਿਹਾ ਸੀ ਅਤੇ ਪਾਠ ਕਰਦਾ ਸੀ। ਮੈਂ ਸਿੱਖਾਂ ‘ਤੇ ਢਾਹੇ ਗਏ ਤਸੀਹਿਆਂ ਦਾ ਦਰਦ ਫੇਸਬੁੱਕ ‘ਤੇ ਹੋਰਾਂ ਨਾਲ ਸਾਂਝਾ ਕੀਤਾ ਤਾਂ ਮੇਰੇ ਦੋਸਤਾਂ ਦੀ ਗਿਣਤੀ 500 ਤੋਂ ਟੱਪ ਗਈ ਅਤੇ ਅਸੀਂ ਕੁਝ ਨੇ ਮਿਲ ਕੇ ਵੱਟਸਐਪ ਗਰੁੱਪ ਬਣਾ ਲਿਆ। ਫੇਸਬੁੱਕ ਦੇ ਕਰੀਬ ਅੱਠ ਦੋਸਤਾਂ ਨੇ ਹਰਿਮੰਦਰ ਸਾਹਿਬ ‘ਚ ਮਿਲਣ ਦਾ ਫ਼ੈਸਲਾ ਲਿਆ ਤਾਂ ਜੋ ਕਤਲੇਆਮ ਪੀੜਤਾਂ ਨੂੰ ਇਨਸਾਫ਼ ਦੀ ਮੰਗ ਬੁਲੰਦ ਕੀਤੀ ਜਾ ਸਕੇ।“



### ਕੀ ਫੇਸਬੁੱਕ ‘ਤੇ ਬੇਇਨਸਾਫ਼ੀ ਦੀ ਗੱਲ ਕਰਨਾ ਜੁਰਮ ਹੈ ?

ਪਿਛਲੇ ਚਾਰ ਸਾਲਾਂ ਤੋਂ ਪੁਲੀਸ ਦੇ ਨਿਸ਼ਾਨੇ ‘ਤੇ ਹੋਣ ਕਰਕੇ ਜੋਗਿੰਦਰ ਜੋਗੀ ਸਵਾਲ ਕਰਦਾ ਹੈ ਕਿ ਫੇਸਬੁੱਕ ‘ਤੇ ਬੇਇਨਸਾਫ਼ੀ ਦੀ ਗੱਲ ਕਰਨਾ ਕੋਈ ਜੁਰਮ ਹੈ ? ਉਸ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਸ ਵਰਗੇ ਨੌਜਵਾਨਾਂ ਨੂੰ ਦਹਿਸ਼ਤਗਰਦ ਨਾ ਐਲਾਨਿਆ ਜਾਵੇ ਸਗੋਂ ਸਮਝਾਇਆ ਜਾਵੇ। ਜੋਗਿੰਦਰ ਜੋਗੀ ਨੇ ਸਲਾਹ ਦਿੱਤੀ ਹੈ ਕਿ ਫੇਸਬੁੱਕ ‘ਤੇ ਪੋਸਟਾਂ ਪਾਉਣ ਵੇਲੇ ਚੌਕਸ ਰਿਹਾ ਜਾਵੇ ਕਿਉਂਕਿ ਹੁਣ ਉਹ ‘ਆਜ਼ਾਦ’ ਨਹੀਂ ਹੈ ਅਤੇ ਪੁਲੀਸ ਉਸ ਦੇ ਘਰ ਦਸਤਕ ਦਿੰਦੀ ਰਹਿੰਦੀ ਹੈ।

ਜੋਗੀ ਨੇ ਦਸਿਆ ਕਿ 6 ਸਤੰਬਰ 2013 ਨੂੰ ਉਸ ਨੂੰ ਅਤੇ ਪੰਜ ਹੋਰਾਂ ਨੂੰ ਸ਼ਿਵ ਸੈਨਾ ਆਗੂ ਦੀ ਹੱਤਿਆ ਅਤੇ ਹਥਿਆਰ ਹਾਸਲ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲੀਸ ਨੇ 30 ਸਤੰਬਰ ਤਕ ਉਸ ਸਮੇਤ 19 ਹੋਰਾਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ। ਤਿੰਨ ਵਾਰ ਬਦਲੇ ਗਏ ਪੁਲੀਸ ਚਲਾਨ ਮੁਤਾਬਕ ਮੁਲਜ਼ਮ ਸੱਤ-ਅੱਠ ਵਾਰ ਜੋਗੀ ਦੇ ਪਿੰਡੀ ਪੀਰ ਜੈਨ ਅਤੇ ਸਰਹਿੰਦ ਦੇ ਆਮ-ਖਾਸ ਬਾਗ ਤੇ ਹੋਰ ਥਾਵਾਂ ‘ਤੇ ਮਿਲੇ ਸਨ। ਉਂਜ ਫਤਿਹਗੜ੍ਹ ਸਾਹਿਬ ਅਦਾਲਤ ‘ਚ ਅਜੇ ਉਨ੍ਹਾਂ ਖ਼ਿਲਾਫ਼ ਦੋਸ਼ ਸਾਬਿਤ ਹੋਣੇ ਬਾਕੀ ਹਨ। ਫੜੇ ਗਏ 19 ਮੁਲਜ਼ਮਾਂ ‘ਚੋਂ ਇਕ ਨਾਬਾਲਗ ਤਰਨਜੀਤ ਸਿੰਘ ਵੀ ਸੀ ਜਿਸ ਨੂੰ ਸਬੂਤਾਂ ਦੀ ਘਾਟ ਕਰਕੇ ਪਹਿਲੀ ਸਤੰਬਰ ਨੂੰ ਬਰੀ ਕਰ ਦਿੱਤਾ ਗਿਆ ਸੀ।

ਜੋਗੀ ਖ਼ਿਲਾਫ਼ ਬਲਾੜੀ ਕਲਾਂ ਪਿੰਡ ਦੇ ਆੜ੍ਹਤੀਏ ਦੇ ਘਰ ਡਕੈਤੀ ਦਾ ਵੀ ਕੇਸ ਦਰਜ ਕੀਤਾ ਗਿਆ ਜਦਕਿ ਜੋਗੀ ਆੜ੍ਹਤੀਏ ਕੋਲ ਮੁਨੀਮ ਸੀ। ਉਸ ਮੁਤਾਬਕ ਜੇਲ੍ਹ ‘ਚ ਰੱਖਣ ਲਈ ਪੁਲੀਸ ਨੇ ਉਸ ‘ਤੇ ਕਥਿਤ ਤੌਰ ‘ਤੇ ਝੂਠਾ ਕੇਸ ਪਾਇਆ ਅਤੇ ਉਹ ਬਰੀ ਹੋ ਗਿਆ।


ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

# ਸਰਬੱਤ ਖ਼ਾਲਸਾ ਦੇ ਪ੍ਰਬੰਧਕਾਂ ਵਿਚਾਲੇ ਸੁਲਹ-ਸਫਾਈ

**ਅੰਮ੍ਰਿਤਸਰ/ਬਿਊਰੋ ਨਿਊਜ਼**

ਸਰਬੱਤ ਖ਼ਾਲਸਾ 2015 ਦੇ ਪ੍ਰਬੰਧਕਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਵਿਚਾਲੇ ਪੈਦਾ ਹੋਈਆਂ ਗ਼ਲਤਫਹਿਮੀਆਂ ਦੂਰ ਹੋ ਗਈਆਂ ਹਨ ਤੇ ਭਵਿੱਖ ਵਿੱਚ ਉਹ ਇਕੱਠੇ ਹੋ ਕੇ ਕੌਮ ਲਈ ਕੰਮ ਕਰਨਗੇ।

ਇਸ ਸਬੰਧੀ ਸੱਦੀ ਮੀਟਿੰਗ ਵਿੱਚ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ, ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ, ਗੁਰਦੀਪ ਸਿੰਘ ਬਠਿੰਡਾ, ਆਦਿ ਹਾਜ਼ਰ ਸਨ। ਜ਼ਿਕਰਯੋਗ ਹੈ ਮੀਟਿੰਗ ਵਿੱਚ ਜਥੇਦਾਰ ਅਮਰੀਕ ਸਿੰਘ ਅਜਨਾਲਾ ਸ਼ਾਮਲ ਨਹੀਂ ਹੋਏ। ਮੁਤਵਾਜ਼ੀ ਜਥੇਦਾਰਾਂ ਵਿਚਾਲੇ ਮਤਭੇਦਾਂ ਕਾਰਨ ਭਾਈ ਅਜਨਾਲਾ ਨੇ ਮੁਤਵਾਜ਼ੀ ਜਥੇਦਾਰ ਦੀ ਜ਼ਿੰਮੇਵਾਰੀ ਛੱਡ ਦਿੱਤੀ ਸੀ।



ਮੀਟਿੰਗ ਦੌਰਾਨ ਗੱਲਬਾਤ ਕਰਦੇ ਹੋਏ ਸਰਬੱਤ ਖ਼ਾਲਸਾ ਨਾਲ ਸਬੰਧਤ ਆਗੂ।

ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਨੇ ਦੱਸਿਆ ਕਿ ਪ੍ਰਬੰਧਕਾਂ ਵਿਚਾਲੇ ਆਪਸੀ ਗ਼ਲਤਫਹਿਮੀਆਂ ਦੂਰ ਹੋ ਗਈਆਂ ਹਨ। ਭਾਈ ਮੋਹਕਮ ਸਿੰਘ ਨੇ ਸਮੂਹ ਆਗੂਆਂ ਨੂੰ ਸਪਸ਼ਟ ਕੀਤਾ ਕਿ ਉਨ੍ਹਾਂ ਨੇ ਪੰਜਾਬ ਪੁਲੀਸ ਦੀ ਸਾਬਕਾ ਮੁਖੀ ਮਰਹੂਮ ਕੇ.ਪੀ.ਐਸ. ਗਿੱਲ ਨੂੰ ਕੋਈ ਸਿਰੋਪਾਓ ਨਹੀਂ ਦਿੱਤਾ ਅਤੇ ਨਾ ਹੀ ਕਦੇ ਕਾਂਗਰਸ ਨੂੰ ਸਹਿਯੋਗ ਦਿੱਤਾ ਹੈ। ਉਨ੍ਹਾਂ ਆਖਿਆ ਕਿ ਮੀਟਿੰਗ ਵਿੱਚ ਗ਼ਲਤਫਹਿਮੀਆਂ ਦੂਰ ਹੋਣ ਮਗਰੋਂ ਸਮੂਹਿਕ ਤੌਰ 'ਤੇ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਕੇ.ਪੀ.ਐਸ. ਗਿੱਲ ਸਬੰਧੀ ਪੈਨਸ਼ਨ ਬੰਦ ਕੀਤੀ ਜਾਵੇ ਅਤੇ ਉਸ ਸਬੰਧੀ ਸਿੱਖ ਨਸਲਕੁਸ਼ੀ ਦਾ ਕੇਸ ਚਲਾਇਆ ਜਾਵੇ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਕੌਮੀ ਹਿੱਤਾਂ ਖਾਤਰ ਮੁੜ ਇਕੱਠੇ ਹੋ ਕੇ ਚੱਲਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਭਾਈ ਅਮਰੀਕ ਸਿੰਘ ਅਜਨਾਲਾ ਨਾਲ ਵੀ ਗੱਲਬਾਤ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਵੀ ਨਾਲ ਲੈ ਕੇ ਚੱਲਿਆ ਜਾਵੇਗਾ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਕਿ ਸਾਰੀਆਂ ਗ਼ਲਤਫਹਿਮੀਆਂ ਦੂਰ ਹੋ ਗਈਆਂ ਹਨ। ਸ੍ਰੀ ਮਾਨ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵੇਲੇ ਸਿੱਖਾਂ ਨੇ ਕਾਂਗਰਸ ਨੂੰ ਵੋਟਾਂ ਪਾ ਕੇ ਇਕ ਵਾਰ ਮੁੜ ਗ਼ਲਤੀ ਕੀਤੀ ਹੈ। ਬੀਤੇ ਦਿਨੀਂ ਰਾਸ਼ਟਰਪਤੀ ਦੇ ਸ੍ਰੀ ਦਰਬਾਰ ਸਾਹਿਬ ਆਉਣ ਸਬੰਧੀ ਉਨ੍ਹਾਂ ਕਿਹਾ ਕਿ ਇਸ ਮੌਕੇ ਸ਼੍ਰੋਮਣੀ ਕਮੇਟੀ ਨੂੰ ਰਾਸ਼ਟਰਪਤੀ ਨੂੰ ਮੰਗ ਪੱਤਰ ਦੇਣਾ ਚਾਹੀਦਾ ਸੀ, ਜਿਸ ਰਾਹੀਂ ਭਾਰਤੀ ਫ਼ੌਜ ਵੱਲੋਂ ਚੁੱਕੀ ਸਿੱਖ ਰੈਫਰੈਂਸ ਲਾਇਬਰੇਰੀ ਦੀ ਵਾਪਸੀ ਦੀ ਮੰਗ ਕੀਤੀ ਜਾਣੀ ਚਾਹੀਦੀ ਸੀ।

# 'ਅਜ਼ਾਦ ਕਸ਼ਮੀਰ' ਨੂੰ ਪਾਕਿਸਤਾਨ ਦਾ ਹਿੱਸਾ ਦੱਸਣ 'ਤੇ ਫ਼ਾਰੂਕ ਅਬਦੁੱਲਾ ਖਿਲਾਫ ਸ਼ਿਕਾਇਤ ਦਰਜ

**ਜੰਮੂ/ਬਿਊਰੋ ਨਿਊਜ਼:** ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਅਜ਼ਾਦ ਕਸ਼ਮੀਰ) ਦੇ ਬਾਰੇ 'ਚ ਬਿਆਨ ਕਰਨ ਦੇ ਮਾਮਲੇ 'ਚ ਹਿੰਦੀ ਫ਼ਿਲਮ ਅਦਾਕਾਰ ਰਿਸ਼ੀ ਕਪੂਰ ਅਤੇ ਨੈਸ਼ਨਲ ਕਾਨਫ਼ਰੰਸ ਦੇ ਮੁਖੀ ਫ਼ਾਰੂਕ ਅਬਦੁੱਲਾ ਖਿਲਾਫ ਜੰਮੂ ਦੇ ਰਹਿਣ ਵਾਲੇ ਇਕ ਹਿੰਦੂ ਨੇ ਅਦਾਲਤ 'ਚ ਸ਼ਿਕਾਇਤ ਦਰਜ ਕਰਾਈ ਹੈ।




ਸੁਕੇਸ਼ ਖ਼ਜੂਰੀਆ ਨੇ ਧਾਰਾ 196 ਦਾ ਹਵਾਲਾ ਦਿੰਦਿਆਂ ਇਨ੍ਹਾਂ ਦੋਵਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਅਜ਼ਾਦ ਕਸ਼ਮੀਰ ਨੂੰ ਪਾਕਿਸਤਾਨ ਦਾ ਹਿੱਸਾ ਪ੍ਰਚਾਰਨ ਲਈ ਰਿਸ਼ੀ ਕਪੂਰ ਅਤੇ ਫਾਰੂਕ ਅਬਦੁੱਲਾ 'ਤੇ ਦੇਸ਼ਧ੍ਰੋਹ' ਦਾ ਮਾਮਲਾ ਬਣਦਾ ਹੈ। ਜ਼ਿਕਰਯੋਗ ਹੈ ਕਿ ਫਾਰੂਕ ਅਬਦੁੱਲਾ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਪਾਕਿਸਤਾਨ ਕਮਜ਼ੋਰ ਮੁਲਕ ਨਹੀਂ ਕਿ ਭਾਰਤ ਉਸਤੋਂ ਉਸਦੇ ਕਬਜ਼ੇ ਵਾਲੇ ਕਸ਼ਮੀਰ ਨੂੰ ਖੋਹ ਸਕੇ ਅਤੇ ਹੁਣ ਇਸਨੂੰ ਪਾਕਿਸਤਾਨ ਦਾ ਹਿੱਸਾ ਹੀ ਮੰਨਣਾ ਚਾਹੀਦਾ ਹੈ।

## ਸਿੱਖ ਆਗੂਆਂ ਨੇ ਡਾਕਟਰ ਪਰਮਜੀਤ ਸਿੰਘ ਅਜਰਾਵਤ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟਾਵਾਇਆ

**ਈਪਰ, ਬੈਲਜੀਅਮ/ਬਿਊਰੋ ਨਿਊਜ਼:** ਅਜ਼ਾਦ ਸਿੱਖ ਰਾਜ ਖਾਲਿਸਤਾਨ ਦੀ ਪ੍ਰਾਪਤੀ ਲਈ ਅਮਰੀਕਾ ਵਿੱਚ ਜਲਾਵਤਨੀ ਹੰਢਾਉਂਦੇ ਹੋਏ ਪਿਛਲੇ ਦਿਨੀਂ ਸਦੀਵੀਂ ਵਿਛੋੜਾ ਦੇ ਗਏ ਡਾਕਟਰ ਪਰਮਜੀਤ ਸਿੰਘ ਅਜ਼ਰਾਵਤ ਦੀ ਮੌਤ 'ਤੇ ਸਿੱਖ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇੰਗਲੈਂਡ 'ਤੋਂ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਦਵਿੰਦਰਜੀਤ ਸਿੰਘ, ਫਰਾਂਸ 'ਤੋਂ ਭਾਈ ਰਘਵੀਰ ਸਿੰਘ ਕੁਹਾੜ ਅਤੇ ਬਾਬਾ ਕਸ਼ਮੀਰ ਸਿੰਘ ਅਤੇ ਜਰਮਨੀ 'ਤੋਂ ਭਾਈ ਗੁਰਮੀਤ ਸਿੰਘ ਖਨਿਆਣ ਹੋਰਾਂ ਵੱਲੋਂ ਬਿਆਨ ਜਾਰੀ ਕਰਦਿਆਂ ਭਾਈ ਜਗਦੀਸ਼ ਸਿੰਘ ਭੂਰਾ ਪ੍ਰਧਾਨ ਇੰਟਰਨੈਸ਼ਨਲ ਸਿੱਖ ਕੌਂਸਲ ਬੈਲਜੀਅਮ ਨੇ ਕਿਹਾ ਕਿ ਡਾਕਟਰ ਅਜਰਾਵਤ ਹੋਰਾਂ ਨੇ ਪੱਛਮ ਦੀ ਅਰਾਮਦਾਇਕ ਜ਼ਿੰਦਗੀ ਨੂੰ ਵੀ ਕੌਮ ਦੇ ਲੇਖੇ ਲਗਾ ਦਿੱਤਾ। ਉਪਰੋਕਤ ਸਿੱਖ ਆਗੂਆਂ ਨੇ ਡਾਕਟਰ ਪਰਮਜੀਤ ਸਿੰਘ ਅਜਰਾਵਤ ਦੇ ਵਿਛੋੜੇ ਨੂੰ ਅਜ਼ਾਦ ਸਿੱਖ ਰਾਜ ਲਈ ਚੱਲ ਰਹੇ ਸੰਘਰਸ਼ ਲਈ ਵੱਡਾ ਘਾਟਾ ਕਿਹਾ ਹੈ। ਜ਼ਿਕਰਯੋਗ ਹੈ ਕਿ ਡਾਕਟਰ ਅਜਰਾਵਤ ਨੇ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਖਾਲਿਸਤਾਨ ਡੇ ਪਰੇਡ ਦੀ ਸ਼ੁਰੂਆਤ ਕੀਤੀ ਸੀ ਤੇ ਅਮਰੀਕਾ ਦੇ ਮਸ਼ਹੂਰ ਲਿੰਕਨ ਮੈਮੋਰੀਅਲ 'ਤੇ ਖਾਲਿਸਤਾਨ ਦਾ ਝੰਡਾ ਵੀ ਲਹਿਰਾਇਆ। ਡਾਕਟਰ ਸਾਹਿਬ ਹੋਰਾਂ ਨੇ 23 ਜੂਨ 1993 ਵਿੱਚ ਹੌਲੈਂਡ ਦੇ ਡੈਨਹਾਗ ਸ਼ਹਿਰ ਵਿੱਚ ਯੂ.ਐਨ. ਪੀ.ਓ ਵਿੱਚ ਖਾਲਿਸਤਾਨ ਦਾ ਨਾਮ ਦਰਜ ਕਰਵਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਡਾਕਟਰ ਅਜਰਾਵਤ ਸਿੱਖ ਮਸਲਿਆਂ ਸਬੰਧੀ ਯੂਰਪ ਅਤੇ ਹੋਰ ਮੁਲਕਾਂ ਵਿੱਚ ਵੀ ਸਮੇਂ-ਸਮੇਂ ਅਵਾਜ਼ ਬੁਲੰਦ ਕਰਦੇ ਰਹਿੰਦੇਂ ਸਨ ਜਿਸ ਕਾਰਨ ਪੰਥਕ ਸਫਾਂ ਵਿੱਚ ਉਹਨਾਂ ਦੀ ਘਾਟ ਹਮੇਸਾਂ ਰੜਕਦੀ ਰਹੇਗੀ।



When tired of all treatments for
any disease at any age Try
HOMEOPATHIC
Experienced Consultant Physician since 1973
American
Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ
'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

ACURA
AutoNation Acura
Stevens Creek
4747 Stevens Creek Bl.
Santa Clara, CA 95051
ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।
ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।
ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang
Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ
TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

# ਕੈਪਟਨ ਅਮਰਿੰਦਰ ਸਿੰਘ ਸਮੇਤ ਸਾਰੇ ਕਾਂਗਰਸੀਆਂ ਦੇ ਘਿਰਾਓ ਦਾ ਫੈਸਲਾ

## *ਝੂਠੇ ਪੁਲੀਸ ਕੇਸਾਂ ਵਿਚ ਉਲਝਾ ਕੇ ਸਿੱਖਾਂ ਨੂੰ ਬਦਨਾਮ ਕਰ ਰਹੇ ਕਾਂਗਰਸੀਆਂ ਨੂੰ ਕਾਨੂੰਨੀ ਸਿਕੰਜੇ ’ਚ ਫਸਾਂਵਾਂਗੇ : ਹਿੰਮਤ ਸਿੰਘ*

**ਨਿਊ ਯਾਰਕ/ਹੁਸਨ ਲੜੋਆ ਬੰਗਾ:** ਅਮਰੀਕਾ ਦੀਆਂ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੂੰਦੀਆਂ ਵੱਲੋਂ ਬਣਾਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਦੇ ਆਗੂਆਂ ਨੇ ਪੰਜਾਬ ਦੇ ਮੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਮੰਤਰੀਆਂ, ਵਿਧਾਇਕਾਂ ਤੇ ਕਾਂਗਰਸ ਦੇ ਪ੍ਰਮੁੱਖ ਆਗੂਆਂ ਦਾ ਵਿਦੇਸ਼ਾਂ ਵਿੱਚ ਘਿਰਾਓ ਕਰਨ ਦਾ ਫੈਸਲਾ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਕਾਂਗਰਸੀਆਂ ਨੂੰ ਵਿਦੇਸ਼ਾਂ ਦੀਆਂ ਦੀ ਸਖਤ ਕਾਨੂੰਨੀ ਪ੍ਰਕ੍ਰਿਆ ਵਿਚੋਂ ਗੁਜਰਨਾ ਪਵੇਗਾ। ਉਨਾਂ ਨੇ ਇੱਥੇ ਹੰਗਾਮੀ ਮੀਟਿੰਗ ਬਾਅਦ ਇਹ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਵਿਚ ਮੁੜ 1984 ਸਿੱਖ ਕਤਲੇਆਮ ਕਰਨ ਵਾਂਗ ਹੁਣ ਵੀ ਸਿੱਖਾਂ ਨੂੰ ਝੂਠੇ ਕੇਸਾਂ ਵਿਚ ਉਲਝਾ ਕੇ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਇਹ ਕੈਪਟਨ ਅਮਰਿੰਦਰ ਸਿੰਘ ਦੀ ਸਭ ਤੋਂ ਵੱਡੀ ਸਿੱਖ ਵਿਰੋਧੀ ਕਾਰਵਾਈ ਕਰਾਰ ਦਿੱਤਾ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਦੇ ਕੋਆਰਡੀਨੇਟਰ ਹਿੰਮਤ ਸਿੰਘ ਤੇ ਹੋਰਨਾਂ ਆਗੂਆਂ ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨਹਿੱਲ, ਵੀਰ ਸਿੰਘ ਮਾਂਗਟ ਅਤੇ ਦਵਿੰਦਰ ਸਿੰਘ ਦਿਓ ਨੇ ਕਿਹਾ ਹੈ ਕਿ ਪੰਜਾਬ ‘ਚ ਸਿਆਸੀ ਕਤਲਾਂ ਦੇ ਦੋਸ਼ ‘ਚ ਫੜੇ ਗਏ, ਇੰਗਲੈਂਡ ਤੋਂ ਪੰਜਾਬ ਵਿਆਹ ਕਰਵਾਉਣ ਗਏ ਜੰਡਿਆਲੇ ਦੇ ਬਰਤਾਨਵੀ ਨੌਜਵਾਨ ਜਗਤਾਰ ਸਿੰਘ ਜੌਹਲ ਨੂੰ ਨਾ ਤਾਂ ਅਦਾਲਤ ‘ਚ ਵਕੀਲ ਲਿਜਾਉਣ ਦਿੱਤਾ ਗਿਆ ਅਤੇ ਨਾ ਹੀ ਬਰਤਾਨਵੀ ਅੰਬੈਸੀ ਦੇ ਅਧਿਕਾਰੀਆਂ ਨੂੰ ਮਿਲਣ ਦਿੱਤਾ ਗਿਆ ਫੇਰ ਇਨਸਾਫ਼ ਦੀ ਕੀ ਆਸ ਰੱਖੀ ਜਾ ਸਕਦੀ ਹੈ। ਪੰਜਾਬ ਪੁਲਿਸ ਕਹਿ ਰਹੀ ਹੈ ਕਿ ਇਕ ਹੋਰ ਸ਼ੂਟਰ ਫੜਿਆ, ਜਿਸ ਦੀ ਪਛਾਣ 23 ਸਾਲਾ ਹਰਦੀਪ ਸਿੰਘ ਉਰਫ਼ ਸ਼ੇਰਾ ਵਾਸੀ ਪਿੰਡ ਮਾਜਰੀ, ਥਾਣਾ ਅਮਲੋਹ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਜੋਂ ਹੋਈ ਏ, ਜੋ ਕਤਲ ਕਰਕੇ ਇਟਲੀ ਭੱਜ ਜਾਂਦਾ ਸੀ। 7-8 ਦਿਨ ਹੋ ਗਏ ਸਨ ਪਹਿਲੇ ਮੁੰਡੇ ਫੜਿਆਂ ਨੂੰ ਪਰ ਉਹ ਉਦੋਂ ਤਾਂ ਇਟਲੀ ਭੱਜਿਆ ਨਹੀਂ ਸੀ। ਦੂਜੇ ਪਾਸੇ ਪੁਲਿਸ ਕਹਿੰਦੀ ਜਿੰਮ ‘ਚੋਂ ਫੜਿਆ, ਮੀਡੀਆ ਕਹਿੰਦਾ ਮੋਟਰ ਸਾਈਕਲ ‘ਤੇ ਜਾਂਦਾ ਫੜਿਆ। ਦੂਜੇ ਪਾਸੇ ਡੀਜੀਪੀ ਅਰੋੜਾ ਹੋਰੀਂ ਕਹੀ ਜਾਂਦੇ ਕਿ ਜਾਂਚ ਹਾਲੇ ਮੁੱਢਲੇ ਪੜਾਅ ‘ਚ ਆ ਪਰ ਨਾਲ ਹੀ ਸਾਰੀ ਘੜੀ-ਘੜਾਈ ਕਹਾਣੀ ਵੀ ਬਿਆਨੀ ਜਾਂਦੇ ਕਿ ਇੱਦਾਂ-ਇੱਦਾਂ ਹੋਇਆ। ਜੇ ਜਾਂਚ ਹਾਲੇ

**ਬਾਕੀ ਸਫ਼ਾ 32 ’ਤੇ**



**ਸਿੱਖ ਕੋਆਰਡੀਨੇਸ਼ਨ ਕਮੇਟੀ ਦੀ ਹੋਈ ਹੰਗਾਮੀ ਮੀਟਿੰਗ ਵਿਚ ਪੁੱਜੇ ਵੱਖ ਵੱਖ ਸੰਸਥਾਵਾਂ ਦੇ ਆਹੁਦੇਦਾਰ।**

## ਏਜੀਪੀਸੀ ਨੇ ਸ਼੍ਰੋਮਣੀ ਕਮੇਟੀ ਦੇਂ ਸਾਬਕਾ ਉੱਪ ਪ੍ਰਧਾਨ ਸੁਖਦੇਵ ਸਿੰਘ ਭੌਰ ਵੱਲੋਂ ਨਵੀਂ ਜਥੇਬੰਦੀ ‘ਪੰਥਕ ਫ਼ਰੰਟ’ ਬਣਾਏ ਜਾਣ ਦਾ ਕੀਤਾ ਸਵਾਗਤ

**ਸੈਨ ਫ੍ਰਾਂਸਿਸਕੋ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਉਪ -ਪ੍ਰਧਾਨ ਸੁਖਦੇਵ ਸਿੰਘ ਭੌਰ ਵੱਲੋਂ ਨਵੀਂ ਪਾਰਟੀ ਬਣਾ ਕੇ ਆਪਣੇ ਹਮ-ਖਿਆਲੀ ਆਗੂਆਂ ਨੂੰ ਨਾਲ ਲੈ ਕੇ “ਪੰਥਕ ਫਰੰਟ” ਪਾਰਟੀ ਬਣਾ ਦਿਤੀ ਹੈ ! ਸੁਖਦੇਵ ਸਿੰਘ ਭੋਰ ਵੱਲੋਂ ਪਾਰਟੀ ਬਣਾਏ ਜਾਣ ਤੋਂ ਬਾਅਦ ਵੱਖ ਵੱਖ ਧਾਰਮਿਕ ਸੰਸਥਾਵਾਂ ਵਲੋਂ ਸ਼ਲਾਘਾ ਕੀਤੀ ਜਾ ਰਹੀ ਹੈ। ਸੁਖਦੇਵ ਸਿੰਘ ਭੌਰ ਨੇ ਜਲੰਧਰ ਵਿਖੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਵਿੱਚ ਪਾਰਟੀ ਦੀ ਚੜਦੀ ਕਲਾ ਲਈ ਅਰਦਾਸ ਕੀਤੀ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਵੱਲੋਂ ਦਿੱਤੇ ਬਿਆਨ ਵਿਚ ਸੁਖਦੇਵ ਸਿੰਘ ਭੌਰ ਵਲੋਂ ਬਣਾਈ ਨਵੀ ਪਾਰਟੀ ਪੰਥਕ ਫ਼ਰੰਟ ਦਾ ਸੁਆਗਤ ਕੀਤਾ ਗਿਆ ਹੈ ਤੇ ਇਸ ਸਬੰਧੀ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਸੁਖਦੇਵ ਸਿੰਘ ਭੌਰ ਹਮੇਸ਼ਾ ਹੀ ਸਿੱਖ ਪੰਥ ਨਾਲ ਸਬੰਧਿਤ ਹਰੇਕ ਮਾਮਲੇ ਤੇ ਅੱਗੇ ਰਹੇ ਹਨ,ਅਸੀਂ ਆਸ ਕਰਦੇ ਹਾਂ ਕਿ ਸਿੱਖ ਸੰਸਥਾਵਾ ਵਿੱਚ ਜੋ ਦੂਰ ਅੰਦੇਸ਼ ਆਗੂਆਂ ਦੀ ਘਾਟ ਮਹਿਸੂਸ ਹੋ ਰਹੀ ਹੈ ਉਸ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਏਜੀਪੀਸੀ ਦੇ ਆਗੂਆਂ ਵੱਲੋਂ ਇਹ ਵਡੀ ਆਸ ਪ੍ਰਗਟ ਕੀਤੀ ਗਈ ਹੈ ਕਿ ਚਾਹੇ ਇਹ ਮਾਮਲਾ ਨਾਨਕਸ਼ਾਹੀ ਕੈਲੈਂਡਰ ਨਾਲ ਸਬੰਧਤ ਹੋਵੇ ਜਾ ਸਿੱਖ ਕੌਮ ਦੇ ਉਜਵਲ ਭਵਿੱਖ ਦਾ ਹੋਵੇ ਸੁਖਦੇਵ ਸਿੰਘ ਭੋਰ ਬਹੁਤ ਸਾਰੇ ਮਸਲਿਆਂ ਵਿਚ ਨਾ ਤਾ ਕਦੇ ਪਿੱਛੇ ਹਟੇ ਹਨ ਤੇ ਨਾ ਕਦੇ ਹਟਣ ਦੀ ਉਮੀਦ ਹੈ ਤੇ ਹਮੇਸ਼ਾ ਦੀ ਤਰਾਂ ਸਿੱਖ ਕੌਮ ਦੀ ਰਹਿਨੁਮਾਈ ਹੇਠ ਕੰਮ ਕਰਦੇ ਰਹਿਣਗੇ ! ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਹੀ ਪੰਥਕ ਫ਼ਰੰਟ ਪਾਰਟੀ ਦੇ ਨਾਲ ਹੈ ਤੇ ਮੋਢੇ ਦੇ ਨਾਲ ਮੋਢਾ ਜੋੜ ਕੇ ਪੰਥਕ ਹਿੱਤਾਂ ਵਿਚ ਪਾਰਟੀ ਨੂੰ ਭਰਪੂਰ ਸਹਿਯੋਗ ਦੇਵੇਗੀ।

# ਸੁਖਦੇਵ ਸਿੰਘ ਭੌਰ ਕਰੇਗਾ ਨਵੇਂ ਬਣਾਏ ਪੰਥਕ ਫਰੰਟ ਦੀ ਅਗਵਾਈ

**ਜਲੰਧਰ/ਬਿਊਰੋ ਨਿਊਜ਼:** ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੇਅਦਬੀ ਕਾਂਡ ਦੀ ਕੋਈ ਪੜਤਾਲ ਨਾ ਕਰਵਾਏ ਜਾਣ ਅਤੇ ਹੋਰ ਪੰਥਕ ਸੰਸਥਾਵਾਂ ਦੀ ਭੂਮਿਕਾ ਤੋਂ ਨਿਰਾਸ਼ ਆਗੂਆਂ ਨੇ ਨਵਾਂ ਪੰਥਕ ਫਰੰਟ ਬਣਾ ਲਿਆ। ਫ਼ਰੰਟ ਦੀ ਸਥਾਪਨਾ ਦਾ ਮੁੱਖ ਮੰਤਵ ਪੰਥਕ ਮੁੱਦਿਆਂ ਲਈ ਲੜਾਈ ਲੜਨਾ ਹੋਵੇਗਾ। ਜਥੇਦਾਰ ਸੁਖਦੇਵ ਸਿੰਘ ਭੌਰ ਨੂੰ ਪੰਥਕ ਫਰੰਟ ਦਾ ਬਾਨੀ ਕਨਵੀਨਰ ਥਾਪਿਆ ਗਿਆ ਹੈ। ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤਿਸ਼ਾਹੀ ਨੌਵੀਂ ਵਿਖੇ ਵੀਰਵਾਰ ਨੂੰ ਹੋਈ ਇਸ ਮੀਟਿੰਗ ’ਚ ਸ਼੍ਰੋਮਣੀ ਕਮੇਟੀ ਦੇ ਮੌਜੂਦਾਂ 22 ਮੈਂਬਰਾਂ ਅਤੇ ਸਾਬਕਾ ਮੈਂਬਰਾਂ ਨੇ ਹਾਜ਼ਰੀ ਭਰੀ। ਇਨ੍ਹਾਂ ’ਚੋਂ ਬਹੁਤੇ ਸ਼੍ਰੋਮਣੀ ਕਮੇਟੀ ਮੈਂਬਰ ਅਕਾਲੀ ਦਲ ਬਾਦਲ ਦੀ ਟਿਕਟ ’ਤੇ ਚੋਣ ਜਿੱਤੇ ਸਨ।ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ 29 ਨਵੰਬਰ ਨੂੰ ਹੋਣ ਵਾਲੀ ਚੋਣ ਲੜਨ ਦਾ ਫੈਸਲਾ ਕਰਨ ਲਈ ਇੱਕ 7 ਮੈਂਬਰੀ ਕਮੇਟੀ ਵੀ ਬਣਾਈ ਗਈ ਹੈ ਜਿਸ ਵਿੱਚ ਪੰਥ ਰਤਨ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਧੀ ਕੁਲਦੀਪ ਕੌਰ ਟੌਹੜਾ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜਿਹੜੇ ਅੱਜ ਦੀ ਮੀਟਿੰਗ ਵਿੱਚ ਵੀ ਹਾਜ਼ਰ ਸਨ।

ਪ੍ਰਧਾਨਗੀ ਦੀ ਚੋਣ ਲੜਨ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਪੰਥਕ ਫਰੰਟ ਦੇ ਨਵੇਂ ਥਾਪੇ ਗਏ ਕਨਵੀਨਰ ਜਥੇਦਾਰ ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਜਥੇਬੰਦੀ ਪੰਥਕ ਮਾਣ ਮਰਿਆਦਾ ਦੀ ਕਾਇਮੀ ਲਈ ਧਾਰਮਿਕ ਸ਼ਖ਼ਸੀਅਤਾਂ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਮੈਂਬਰਾਂ ਤੱਕ ਵੀ ਪਹੁੰਚ ਕਰੇਗੀ। ਉਨ੍ਹਾਂ ਕਿਹਾ ਪੰਥਕ ਫਰੰਟ ਕਿਸੇ ਵੀ ਸਿਆਸੀ ਸਰਗਰਮੀ ਤੋਂ ਦੂਰ ਰਹਿੰਦਿਆਂ ਨਿਰੋਲ ਪੰਥਕ ਮੁੱਦਿਆਂ ਅਤੇ ਪੰਥਕ ਸੰਸਥਾਵਾਂ ਦਾ ਵਕਾਰ ਬਹਾਲ ਕਰਵਾਉਣ ਦੀ ਲੜਾਈ ਲੜੇਗਾ ਤੇ ਇਕ ਚੌਕੀਦਾਰ ਵਜੋਂ ਕੰਮ ਕਰੇਗਾ। ਇਸ ਮੌਕੇ ਫਰੰਟ ਵੱਲੋਂ ਬਾਬਾ ਗੁਰਪ੍ਰੀਤ ਸਿੰਘ ਅਤੇ ਜਸਵੰਤ ਸਿੰਘ ਪੁੜੈਣ ਨੂੰ ਮੁੱਖ ਬੁਲਾਰੇ ਨਿਯੁਕਤ ਕੀਤਾ ਗਿਆ। ਮੀਟਿੰਗ ਵਿੱਚ ਸੁਰਜੀਤ ਸਿੰਘ ਗੜ੍ਹੀ, ਸ਼ਿੰਗਾਰਾ ਸਿੰਘ ਲੋਹੀਆਂ, ਸੁਰਜੀਤ ਸਿੰਘ ਗੁਰਦਾਸਪੁਰ, ਇੰਦਰ ਮੋਹਣ ਸਿੰਘ ਲਖਮੀਰਵਾਲ, ਕੁਲਦੀਪ ਸਿੰਘ ਨੱਸੂਪੁਰ ਆਦਿ ਹਾਜ਼ਰ ਸਨ।



**ਨਵੇਂ ਬਣਾਏ ਗਏ ਪੰਥਕ ਫਰੰਟ ਦੇ ਕਨਵੀਨਰ ਸੁਖਦੇਵ ਸਿੰਘ ਭੌਰ ਤੇ ਸ਼੍ਰੋਮਣੀ ਕਮੇਟੀ ਦੇ ਹੋਰ ਮੈਂਬਰ ਸਾਹਿਬਾਨ।**

### ਸੌਦਾ ਸਾਧ ਨੂੰ ਮੁਆਫ਼ੀ ਦੇ ਡਰਾਮੇ ਦਾ ਪਰਦਾਫਾਸ਼

ਜਥੇਦਾਰ ਭੌਰ ਨੇ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁੱਖ ਸਿੰਘ ਵੱਲੋਂ ਕੀਤੇ ਖੁਲਾਸਿਆਂ ਤੋਂ ਸਾਫ਼ ਹੋ ਗਿਆ ਹੈ ਕਿ ਕਿਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਡੇਰਾ ਸੱਚਾ ਸੌਦਾ ਮੁਖੀ ਨੂੰ ਮੁਆਫ਼ੀ ਦੇਣ ਲਈ ਡਰਾਮਾ ਰਚਿਆ ਸੀ, ਪਰ ਮਗਰੋਂ ਪੰਥਕ ਦਬਾਅ ਕਰਕੇ ਮੁਆਫ਼ੀਨਾਮਾ ਵਾਪਸ ਲੈਣਾ ਪਿਆ। ਉਨ੍ਹਾਂ ਕਿਹਾ ਕਿ ਜੇਕਰ ਗਿਆਨੀ ਗੁਰਮੁੱਖ ਸਿੰਘ ਵੱਲੋਂ ਲਾਏ ਗਏ ਦੋਸ਼ ਝੂਠੇ ਸਨ ਤਾਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨੀ ਚਾਹੀਦੀ ਸੀ।

## ਯੂਨਾਈਟਿਡ ਅਕਾਲੀ ਦਲ ਨੇ ਧਰਮਯੁੱਧ ਮੁੜ ਸ਼ੁਰੂ ਕਰਨ ਦਾ ਕੀਤਾ ਐਲਾਨ



**ਗੱਲਬਾਤ ਦੌਰਾਨ ਯੂਨਾਈਟਿਡ ਅਕਾਲੀ ਦਲ ਦੇ ਆਗੂ।**

**ਚੰਡੀਗੜ੍ਹ/ਬਿਊਰੋ ਨਿਊਜ਼:** ਯੂਨਾਈਟਿਡ ਅਕਾਲੀ ਦਲ ਨੇ ਸਾਲ 1973 ਵਿੱਚ ਪਾਸ ਕੀਤੇ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਵਾਉਣ ਲਈ ਧਰਮ ਯੁੱਧ ਮੋਰਚੇ ਨੂੰ ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਜਿਸ ਤਹਿਤ 4 ਫਰਵਰੀ 2018 ਨੂੰ ਅੰਮ੍ਰਿਤਸਰ ਵਿੱਚ ਧਰਮ ਯੁੱਧ ਕਾਨਫਰੰਸ’ ਕਰ ਕੇ ਮੋਰਚਾ ਸ਼ੁਰੂ ਕੀਤਾ ਜਾਵੇਗਾ। ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ, ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਬਠਿੰਡਾ ਅਤੇ ਸੀਨੀਅਰ ਮੀਤ ਪ੍ਰਧਾਨ ਗੁਰਨਾਮ ਸਿੰਘ ਸਿੱਧੂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਭੁਲਾ ਕੇ ਸਿੱਖ ਕੌਮ ਦਾ ਭਾਰੀ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ 4 ਅਗਸਤ 1982 ਨੂੰ ਸ਼ੁਰੂ ਹੋਏ ਧਰਮ ਯੁੱਧ ਮੋਰਚੇ ਤਹਿਤ

**ਬਾਕੀ ਸਫ਼ਾ 32 ’ਤੇ**

# ਭਾਈ ਗਜਿੰਦਰ ਸਿੰਘ ਨੂੰ ਸ਼ਰਣਾਰਥੀ ਦਰਜਾ ਦਿੱਤਾ ਜਾਵੇ

## *ਦਲ ਖਾਲਸਾ ਜਥੇਬੰਦੀ ਨੇ ਸੰਯੁਕਤ ਰਾਸ਼ਟਰ ਤੋਂ ਕੀਤੀ ਮੰਗ*

**ਅੰਮ੍ਰਿਤਸਰ/ ਸਿੱਖ ਸਿਆਸਤ ਬਿਊਰੋ :** ਦਲ ਖਾਲਸਾ ਨੇ ਆਪਣੇ ਆਗੂ ਨੂੰ ਉਸ ਦੇ 66ਵੇਂ ਜਨਮ ਦਿਨ ’ਤੇ ਯਾਦ ਕਰਦਿਆਂ, ਸੰਯੁਕਤ ਰਾਸ਼ਟਰ ਪਾਸੋਂ ਮੰਗ ਕੀਤੀ ਹੈ ਕਿ ਉਹ ਜਥੇਬੰਦੀ ਦੇ ਸਰਪ੍ਰਸਤ ਗਜਿੰਦਰ ਸਿੰਘ ਨੂੰ ਸ਼ਰਣਾਰਥੀ ਦਰਜ਼ਾ ਦਿਵਾਉਣ ਵਿੱਚ ਉਸਦੀ ਮਦਦ ਕਰੇ। ਜ਼ਿਕਰਯੋਗ ਹੈ ਕਿ ਗਜਿੰਦਰ ਸਿੰਘ ਆਪਣੇ ਚਾਰ ਸਾਥੀਆਂ ਸਮੇਤ ਖਾਲਿਸਤਾਨ ਲਹਿਰ ਨੂੰ ਕੌਮਾਂਤਰੀ ਮੰਚ ’ਤੇ ਉਭਾਰਣ ਲਈ 29 ਸਤੰਬਰ 1981 ਨੂੰ ਭਾਰਤੀ ਹਵਾਈ ਜਹਾਜ਼ ਅਗਵਾ ਕਰਕੇ ਲਾਹੌਰ ਲੈ ਗਏ ਸੀ। ਜਥੇਬੰਦੀ ਦੇ ਸੀਨੀਅਰ ਆਗੂ ਹਰਚਰਨਜੀਤ ਸਿੰਘ ਧਾਮੀ ਅਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਇਹ ਤ੍ਰਾਸਦੀ ਹੈ ਕਿ ਜਹਾਜ਼ ਅਗਵਾ ਦੀ ਘਟਨਾ ਲਈ ਉਮਰ ਕੈਦ ਕੱਟਣ ਦੇ ਬਾਵਜੂਦ ਗਜਿੰਦਰ ਸਿੰਘ ਨੂੰ ਜਲਾਵਤਨੀ ਅਤੇ ਗੁੰਮਨਾਮੀ ਦੀ ਜ਼ਿੰਗਦੀ ਬਸਰ ਕਰਨੀ ਪੈ ਰਹੀ ਹੈ।

ਜਥੇਬੰਦੀ ਦੇ ਬਿਆਨ ਵਿੱਚ ਇਹ ਨਹੀਂ ਦਸਿਆ ਗਿਆ ਕਿ ਗਜਿੰਦਰ ਸਿੰਘ ਹੁਣ ਕਿਥੇ ਹਨ। ਪਰ ਉਹਨਾਂ ਇਹ ਲਿਖਿਆ ਹੈ ਕਿ ਉਹ ਜਥੇਬੰਦੀ ਦੇ ਸਰਪ੍ਰਸਤ ਹਨ ਜੋ ਉਹਨਾਂ ਵਲੋਂ ਆਜ਼ਾਦੀ ਦੇ ਮਿੱਥੇ ਟੀਚੇ ਨੂੰ ਹਾਸਿਲ ਕਰਨ ਲਈ ਜਮਹੂਰੀ ਢੰਗ-ਤਰੀਕਿਆਂ ਨਾਲ ਲਗਾਤਾਰ ਸਰਗਰਮੀ ਕਰ ਰਹੀ ਹੈ। ਸੂਤਰਾਂ ਦਾ ਮੰਨਣਾ ਹੈ ਕਿ ਗਜਿੰਦਰ ਸਿੰਘ ਨਵੰਬਰ 1994 ਵਿੱਚ ਕੋਟ ਲਖਪੱਤ ਜੇਲ ਵਿਚੋਂ ਰਿਹਾਈ ਤੋਂ ਬਾਅਦ ਪਾਕਿਸਤਾਨ ਵਿਚ ਹੀ ਟਿੱਕ ਗਏ ਹਨ। ਜਥੇਬੰਦੀ ਦੇ ਆਗੂਆਂ ਦਾ ਮੰਨਣਾ ਹੈ ਕਿ ਗਜਿੰਦਰ ਸਿੰਘ ਦਾ ਕੇਸ ਸ਼ਰਨਾਰਥੀ ਦਰਜੇ ਲਈ ਯੋਗ ਕੇਸ ਹੈ ਕਿਉਂਕਿ ਉਹ ਸਜ਼ਾ ਭੁਗਤਣ ਦੇ ਬਾਵਜੂਦ ਵੀ ਆਪਣੇ ਘਰ ਆ ਕੇ ਇੱਕ ਸਾਧਾਰਨ ਜ਼ਿੰਦਗੀ ਨਹੀਂ ਬਿਤਾ ਸਕਦਾ ਹਾਲਾਂਕਿ ਦੁਨੀਆਂ ਦੇ ਡਬਲ ਜਿਉਪਾਰਡੀ ਦੇ ਕਾਨੂੰਨ ਅਨੁਸਾਰ ਉਸ ਉਪਰ ਹਾਈਜੈਕਿੰਗ ਦਾ ਮੁੜ ਮੁਕਦਮਾ ਨਹੀਂ ਚਲਾਇਆ ਜਾ ਸਕਦਾ।

ਕੰਵਰਪਾਲ ਸਿੰਘ ਨੇ ਦੱਸਿਆ ਕਿ ਪਹਿਲਾਂ ਉਹ ਗਜਿੰਦਰ ਸਿੰਘ ਦੇ ਮਾਮਲੇ ਨੂੰ ਸੰਯੁਕਤ ਰਾਸ਼ਟਰ ਕੋਲ ਲੈਕੇ ਜਾਣ ਤੋਂ ਝਿੱਜਕਦੇ ਸਨ ਪਰ ਹੁਣ ਉਹਨਾਂ ਨੇ ਫੈਸਲਾ ਕੀਤਾ ਹੈ ਕਿ ਉਹ ਸੰਯੁਕਤ ਰਾਸ਼ਟਰ ਦੇ ਉਚਿਤ ਵਿਭਾਗ ਕੋਲ ਇਹ ਮਾਮਲਾ ਚੁੱਕਣਗੇ।

ਉਹਨਾਂ ਸਖਤ ਟਿੱਪਣੀ ਕਰਦਿਆਂ ਕਿਹਾ ਕਿ ਜਿਹੜਾ ਭਾਰਤੀ ਨਿਜ਼ਾਮ ਚੀਨ ਦੇ ਬਾਗੀ ਅਤੇ ਤਿੱਬਤੀ ਆਗੂ ਦਲਾਈ ਲਾਮਾ ਨੂੰ ਪਨਾਹ ਦੇ ਸਕਦਾ ਹੈ ਅਤੇ ਪਾਕਿਸਤਾਨ ਦੇ ਬਾਗੀ ਅਤੇ ਬਲੋਚਿਸਤਾਨ ਦੇ ਨੇਤਾ ਬੁਗਤੀ ਨੂੰ ਪਨਾਹ ਦੇਣ ਬਾਰੇ ਵਿਚਾਰ ਕਰ ਸਕਦਾ ਹੈ, ਉਹ ਆਪਣੀ ਕੂਟਨੀਤੀ ਦੇ ਪ੍ਰਭਾਵ ਹੇਠ ਦੁਨੀਆਂ ਦੇ

**ਬਾਕੀ ਸਫ਼ਾ 32 ’ਤੇ**





**ਦਲ ਖਾਲਸਾ ਦੇ ਸਰਪ੍ਰਸਤ ਭਾਈ ਗਜਿੰਦਰ ਸਿੰਘ ਅਤੇ ਦੂਜੀ ਤਸਵੀਰ ’ਚ ਦਲ ਖ਼ਾਲਸਾ ਦੇ ਸਾਬਕਾ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਅਤੇ ਬੁਲਾਰੇ ਕੰਵਰਪਾਲ ਸਿੰਘ ਮੀਡੀਆ ਨਾਲ ਗੱਲ ਕਰਦੇ ਹੋਏ।**

# ਕਪਤਾਨੀ ਛੱਡਣ ਦੇ ਵਾਅਦੇ ਤੋਂ ਮੁਕਰਿਆ ਅਮਰਿੰਦਰ

## ਕਹਿੰਦਾ : ਪੰਜਾਬ ਦੀ ਭਲਾਈ ਲਈ ਹੋਰ ਖੇਡ ਖੇਡਣ ਨੂੰ ਜੀਅ ਕਰਦਾ ਹੈ

**ਚੰਡੀਗੜ੍ਹ/ਰਾਜਮੀਤ ਸਿੰਘ:**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੀ ਭਲਾਈ ਲਈ ਲੰਬੀ ਸਿਆਸੀ ਪਾਰੀ ਖੇਡਣ ਦੀ ਇੱਛਾ ਜ਼ਾਹਿਰ ਕੀਤੀ ਹੈ। ਉਨ੍ਹਾਂ ਦੇ ਇਸ ਬਿਆਨ ਨਾਲ ਸੂਬੇ ਅਤੇ ਕਾਂਗਰਸ ਦੀ ਸਿਆਸਤ ’ਤੇ ਵੱਡਾ ਅਸਰ ਪਏਗਾ। ਕੈਪਟਨ ਦਾ ਇਹ ਬਿਆਨ ਉਨ੍ਹਾਂ ਦੇ ਪਹਿਲੇ ਦਾਅਵੇ ਤੋਂ ਉਲਟ ਹੈ ਜਿਸ ’ਚ ਉਨ੍ਹਾਂ ਵਿਧਾਨ ਸਭਾ ਚੋਣਾਂ ਦੌਰਾਨ ਕਿਹਾ ਸੀ ਕਿ ਇਹ ਚੋਣਾਂ ਉਨ੍ਹਾਂ ਦੀਆਂ ਆਖਰੀ ਹਨ ਅਤੇ ਉਹ ਹੋਰ ਚੋਣਾਂ ਨਹੀਂ ਲੜਨਗੇ। ਇਸ ਪੱਤਰਕਾਰ ਨਾਲ ਵੀਰਵਾਰ ਨੂੰ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਸੂਬੇ ਨੂੰ ਲੀਹਾਂ ’ਤੇ ਲਿਆਉਣ ਦੀ ਲੋੜ ਪਈ ਤਾਂ ਉਹ ਇਕ ਵਾਰ ਫਿਰ ਸੂਬੇ ਦੀ ਕਮਾਨ ਸੰਭਾਲਣ ਲਈ ਤਿਆਰ ਰਹਿਣਗੇ। ਮੇਰਾ ਕਾਰਜਕਾਲ ਜਦੋਂ ਮੁਕੇਗਾ ਤਾਂ ਮੈਂ 80ਵਿਆਂ ਦਾ ਢੁੱਕ ਜਾਵਾਂਗਾ। ਮੈਂ ਸੋਚਿਆ ਸੀ ਕਿ ਬਹੁਤ ਹੋ ਗਿਆ ਪਰ ਸੂਬੇ ਦੇ ਹਾਲਾਤ ਨੂੰ ਦੇਖਦਿਆਂ ਮੈਂ ਫ਼ੈਸਲਾ ਬਦਲ ਸਕਦਾ ਹਾਂ।” ਚੋਣਾਂ ਦੌਰਾਨ ਸੂਬੇ ਦੇ ਮਾੜੇ ਹਾਲਾਤ ਦਾ ਉਨ੍ਹਾਂ ਨੂੰ ਪਤਾ ਨਹੀਂ ਸੀ। ਅਸੀਂ ਲੋਕਾਂ ਨੂੰ ਆਖ ਰਹੇ ਸੀ ਕਿ ਸੂਬੇ ਸਿਰ 1.30 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਪਰ ਇਹ 2.08 ਲੱਖ ਕਰੋੜ ਰੁਪਏ ਦਾ ਨਿਕਲਿਆ। ਵਿੱਤੀ ਘਾਟਾ 34 ਹਜ਼ਾਰ ਕਰੋੜ ਕਰੋੜ ਅਤੇ ਮਾਲੀਆ ਘਾਟਾ 13 ਹਜ਼ਾਰ ਕਰੋੜ ਰੁਪਏ ਦਾ ਹੈ।’ ਮੁੱਖ ਮੰਤਰੀ ਨੇ ਕਿਹਾ ਕਿ ਉਹ ਸੂਬੇ ਨੂੰ ਇਸ ਜ਼ਿੱਲਤ ’ਚੋਂ ਕੱਢ ਕੇ ਉਸ ਦੀ ਪੁਰਾਣੀ ਸ਼ਾਨ ਨੂੰ ਬਹਾਲ ਕਰਨ ਲਈ ਵਚਨਬੱਧ ਹਨ ਅਤੇ ਪਿਛਲੇ ਦਾਅਵੇ ਤੋਂ ਮੁਕਰਣ ਸਬੰਧੀ ਆਲੋਚਨਾ ਦਾ ਸਾਹਮਣਾ ਕਰਨ ਨੂੰ ਵੀ ਤਿਆਰ ਹਨ। ਕੈਪਟਨ ਨੇ ਕਿਹਾ ਕਿ ਉਹ ਲੋਕਾਂ ਨੂੰ ਬਦਹਾਲੀ ਦੇ ਰਾਹ ’ਤੇ ਛੱਡ ਕੇ ਨਹੀਂ ਜਾਣਗੇ ਅਤੇ ਨਾ ਹੀ ਅਕਾਲੀਆਂ ਦੇ ਰਹਿਮ ਜਾਂ ਕਿਸੇ ਹੋਰ ਦੇ ਸੌੜੇ ਹਿੱਤਾਂ ਦੇ ਹਵਾਲੇ ਨਹੀਂ ਕਰਨਗੇ।



### ‘ਖਾਲਿਸਤਾਨੀ ਲਹਿਰ ਉਭਾਰਨ ਦੇ ਹੋ ਰਹੇ ਨੇ ਯਤਨ’

ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਦੀ ਜਾਸੂਸੀ ਏਜੰਸੀ ਆਈਐੱਸਆਈ ਦੀ ਮਿਲੀਭੁਗਤ ਨਾਲ ਖਾਲਿਸਤਾਨੀ ਲਹਿਰ ਨੂੰ ਮੁੜ ਉਭਾਰੇ ਜਾਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਅਜਿਹੀਆਂ ਤਾਕਤਾਂ ਨਾਲ ਨਜਿੱਠਣ ਲਈ ਪੰਜਾਬ ਕੰਟਰੋਲ ਆਫ਼ ਆਰਗੇਨਾਈਜ਼ਡ ਕ੍ਰਾਈਮ ਐਕਟ (ਪਕੋਕਾ) ਵਰਗੇ ਸਖ਼ਤ ਕਾਨੂੰਨਾਂ ਦੀ ਵਕਾਲਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਤਬਾਹ ਕਰਨ ਲਈ ਆਈਐੱਸਆਈ ਪਾਕਿਸਤਾਨ ਦੀ ਜ਼ਮੀਨ ਤੋਂ ਇਲਾਵਾ ਯੂਕੇ, ਕੈਨੇਡਾ ਅਤੇ ਇਟਲੀ ਤੋਂ ਵੀ ਆਪਣੇ ਨਾਪਾਕ ਮਨਸੂਬਿਆਂ ਨੂੰ ਅੰਜਾਮ ਦੇਣ ਲਈ ਸਰਗਰਮ ਹੈ।

**ਬੈਠਕ ’ਚ ਨਾ ਪੁੱਜੇ ਸੰਸਦ ਮੈਂਬਰਾਂ ਤੋਂ ਨਾਖੁਸ਼:** ਕੁਝ ਕਾਂਗਰਸ ਸੰਸਦ ਮੈਂਬਰਾਂ ਵੱਲੋਂ ਸਰਬ ਦਲੀ ਬੈਠਕ ’ਚ ਹਿੱਸਾ ਨਾ ਲੈਣ ’ਤੇ ਨਾਖੁਸ਼ੀ ਜ਼ਾਹਿਰ ਕਰਦਿਆਂ ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਵੱਲੋਂ ਬੈਠਕ ਦੇ ਬਾਈਕਾਟ ਦੀ ਤਾਂ ਸਮਝ ਆਉਂਦੀ ਹੈ ਪਰ ਕਾਂਗਰਸ ਸੰਸਦ ਮੈਂਬਰਾਂ ਨੂੰ ਬੈਠਕ ’ਚ ਹਿੱਸਾ ਲੈਣਾ ਚਾਹੀਦਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ 8 ਵਾਰ ਵਿਧਾਇਕ ਚੁਣੇ ਜਾ ਚੁੱਕੇ ਹਨ ਅਤੇ ਬੈਠਕ ਦੀ ਅਗਵਾਈ ਕਰਨ ਲਈ ਉਹ ਸਭ ਤੋਂ ਕਾਬਿਲ ਸਨ। ਉਨ੍ਹਾਂ ’ਤੇ ਇਤਰਾਜ਼ ਜ਼ਾਹਿਰ ਕਰਨਾ ਠੀਕ ਨਹੀਂ।

**ਨਗਰ ਕੌਂਸਲ ਚੋਣਾਂ ਦਸੰਬਰ ਦੇ ਦੂਜੇ ਹਫ਼ਤੇ:** ਮੁੱਖ ਮੰਤਰੀ ਨੇ ਕਿਹਾ ਕਿ ਜਲੰਧਰ, ਅੰਮ੍ਰਿਤਸਰ ਤੇ ਪਟਿਆਲਾ ਨਗਰ ਨਿਗਮਾਂ ਅਤੇ 36 ਨਗਰ ਕੌਂਸਲਾਂ ਦੀਆਂ ਚੋਣਾਂ ਦਸੰਬਰ ਦੇ ਦੂਜੇ ਹਫ਼ਤੇ ’ਚ ਕਰਵਾਈਆਂ ਜਾਣਗੀਆਂ। ਲੁਧਿਆਣਾ ਨਗਰ ਨਿਗਮ ਦੀ ਚੋਣ ਅਗਲੇ ਸਾਲ ਫਰਵਰੀ ’ਚ ਹੋਵੇਗੀ। ਤਰੀਕਾਂ ਬਾਰੇ ਫ਼ੈਸਲਾ ਕੱਲ ਦੀ ਕੈਬਨਿਟ ਬੈਠਕ ’ਚ ਹੋ ਸਕਦਾ ਹੈ।

**ਪਰਾਲੀ ਸਾੜਨ ਦੇ ਮੁੱਦੇ ’ਤੇ ਪਹਿਲ ਕੀਤੀ:** ਪ੍ਰਦੂਸ਼ਣ ਦੇ ਮੁੱਦੇ ’ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਨੁਕਤਾਚੀਨੀ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਦੋਵੇਂ ਆਗੂ ਹੇਠਲੇ ਦਰਜੇ ਦੀ ਸਿਆਸਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੰਬੀ ਮਿਆਦ ਲਈ ਕੋਈ ਹੱਲ ਲੱਭਣ ਦੀ ਬਜਾਏ ਉਹ ਡਰਾਮੇਬਾਜ਼ੀ ਕਰ ਰਹੇ ਹਨ। ਉਨ੍ਹਾਂ ਮੁਤਾਬਕ ਪੰਜਾਬ ਨੇ ਕੇਂਦਰੀ ਫ਼ੰਡਾਂ ’ਚੋਂ 30 ਕਰੋੜ ਰੁਪਏ ਫ਼ਸਲੀ ਰਹਿੰਦ-ਖੂੰਹਦ ਸਾਂਭਣ ਲਈ ਵਰਤੇ ਜਦਕਿ ਦਿੱਲੀ ਨੇ ਵਾਤਾਵਰਨ ਦੀ ਰਾਖੀ ਲਈ ਦਿੱਤੇ ਗਏ ਫੰਡਾਂ ਦੀ ਵਰਤੋਂ ਤਕ ਨਹੀਂ ਕੀਤੀ।

# ਮੁੱਖ ਸੜਕਾਂ ਦੇ ਸਾਈਨ ਬੋਰਡਾਂ ਤੋਂ ਹਿੰਦੀ ਹਟਾਏ ਜਾਣ ਤੋਂ ਨਾਰਾਜ਼ ਹੈ ਭਾਜਪਾ

**ਬਠਿੰਡਾ/ਚਰਨਜੀਤ ਭੁੱਲਰ:** ਭਾਜਪਾ ਪੰਜਾਬ ਹੁਣ ਕੌਮੀ ਮਾਰਗ ਬਠਿੰਡਾ-ਅੰਮ੍ਰਿਤਸਰ ਦੇ ਸਾਈਨ ਬੋਰਡਾਂ ਤੋਂ ਹਿੰਦੀ ਭਾਸ਼ਾ ਨੂੰ ਹਟਾਉਣ ਤੋਂ ਭੜਕ ਉੱਠੀ ਹੈ। ਭਾਜਪਾ ਪੰਜਾਬ ਦੇ ਪ੍ਰਧਾਨ ਅਤੇ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ ਅਤੇ ਮਾਮਲਾ ਕੇਂਦਰੀ ਮੰਤਰਾਲੇ ਕੋਲ ਉਠਾਉਣ ਦੀ ਗੱਲ ਆਖੀ ਹੈ। ਦੱਸਣਯੋਗ ਹੈ ਕਿ ਲੋਕ ਨਿਰਮਾਣ ਵਿਭਾਗ ਪੰਜਾਬ ਨੇ ਕੌਮੀ ਮਾਰਗ ਦੇ ਸਾਈਨ ਬੋਰਡ ਹੁਣ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ’ਚ ਲਿਖਣ ਦੀ ਹਦਾਇਤ ਕੀਤੀ ਹੈ ਜਦਕਿ ਹਿੰਦੀ ਭਾਸ਼ਾ ਨੂੰ ਬੋਰਡਾਂ ਤੋਂ ਹਟਾਉਣ ਦਾ ਫ਼ੈਸਲਾ ਕੀਤਾ ਹੈ। ਪਹਿਲਾਂ ਬੋਰਡਾਂ ਤੋਂ ਪੰਜਾਬੀ ਨੂੰ ਤੀਜੇ ਨੰਬਰ ’ਤੇ ਰੱਖਣ ਤੋਂ ਵਿਵਾਦ ਹੋਇਆ ਸੀ ਤੇ ਹੁਣ ਹਿੰਦੀ ਭਾਸ਼ਾ ਨੂੰ ਗਾਇਬ ਕਰਨ ਦਾ ਮਸਲਾ ਉਠਿਆ ਹੈ। ਕੇਂਦਰੀ ਰਾਜ ਮੰਤਰੀ ਤੇ ਪੰਜਾਬ ਭਾਜਪਾ ਪ੍ਰਧਾਨ ਵਿਜੇ ਸਾਂਪਲਾ ਨੇ ਆਖਿਆ ਕਿ ਸਾਈਨ ਬੋਰਡਾਂ ’ਤੇ ਪੰਜਾਬੀ ਭਾਸ਼ਾ ਨੂੰ ਸਭ ਤੋਂ ਉਪਰ ਥਾਂ ਮਿਲਣੀ ਚਾਹੀਦੀ ਹੈ ਅਤੇ ਪੰਜਾਬੀ ਨੂੰ ਪੂਰਾ ਬਣਦਾ ਮਾਣ ਸਤਿਕਾਰ ਮਿਲਣਾ ਚਾਹੀਦਾ ਹੈ, ਪਰ ਕੌਮੀ ਭਾਸ਼ਾ ਹਿੰਦੀ ਨੂੰ ਨਜ਼ਰਅੰਦਾਜ਼ ਕੀਤੇ ਜਾਣਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਅਫਸਰਾਂ ਨੂੰ ਅਜਿਹੇ ਮਾਮਲੇ ’ਤੇ ਆਪਣੀ ਮਰਜ਼ੀ ਨਹੀਂ ਕਰਨੀ ਚਾਹੀਦੀ ਹਨ। ਉਨ੍ਹਾਂ ਆਖਿਆ ਕਿ ਪੰਜਾਬੀ ਦਾ ਸਤਿਕਾਰ ਹੋਵੇ ਪਰ ਕੌਮੀ ਭਾਸ਼ਾ ਦੀ ਅਣਦੇਖੀ ਕਰਕੇ ਅੰਗਰੇਜ਼ੀ ਨੂੰ ਉੱਪਰ ਰੱਖਣਾ ਵੀ ਠੀਕ ਨਹੀਂ ਹੈ। ਉਨ੍ਹਾ ਕਿਹਾ ਕਿ ਉਹ ਇਹ ਮਾਮਲ ਕੇਂਦਰੀ ਸੜਕ ਮੰਤਰਾਲੇ ਕੋਲ ਉਠਾਉਣਗੇ। ਇਸ ਬਾਰੇ ਭਾਜਪਾ ਦੇ ਕਾਰਜਕਾਰਨੀ ਮੈਂਬਰ ਦਿਆਲ ਸੋਢੀ ਨੇ ਕਿਹਾ ਕਿ ਮਾਂ ਬੋਲੀ ਦਾ ਸਨਮਾਨ ਹੋਣਾ ਚਾਹੀਦਾ ਹੈ ਪਰ ਹਿੰਦੀ ਦੇਸ਼ ਦੀ ਕੌਮੀ ਭਾਸ਼ਾ ਹੈ, ਜਿਸ ਨੂੰ ਨਜ਼ਰਅੰਦਾਜ਼ ਕਰਨਾ ਠੀਕ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਇਸ ਨੂੰ ਦਰੁਸਤ ਕਰੇ। ਦੂਜੇ ਪਾਸੇ ਪੰਜਾਬੀ ਭਾਸ਼ਾ ਪ੍ਰੇਮੀ ਆਖਦੇ ਹਨ ਕਿ ਉਨ੍ਹਾਂ ਨੂੰ ਹਿੰਦੀ ਭਾਸ਼ਾ ਨਾਲ ਕੋਈ ਗਿਲਾ ਨਹੀਂ ਹੈ ਅਤੇ ਬੋਰਡ ਤਿੰਨੋਂ ਭਾਸ਼ਾਵਾਂ ਵਿੱਚ ਲਿਖੇ ਜਾਣੇ ਚਾਹੀਦੇ ਹਨ। ਭਾਜਪਾ ਵਿਧਾਇਕ ਅਤੇ ਸਾਬਕਾ ਡਿਪਟੀ ਸਪੀਕਰ ਦਿਨੇਸ਼ ਸਿੰਘ ਬੱਬੂ ਨੇ ਕਿਹਾ ਕਿ ਸਾਈਨ ਬੋਰਡਾਂ ਤੋਂ ਰਾਸ਼ਟਰੀ ਭਾਸ਼ਾ ਨੂੰ ਬੇਦਖ਼ਲ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਉਨ੍ਹਾਂ ਆਖਿਆ ਕਿ ਅਗਾਮੀ ਵਿਧਾਨ ਸਭਾ ਸੈਸ਼ਨ ਵਿਚ ਉਹ ਇਸ ਮਾਮਲੇ ਨੂੰ ਉਠਾਉਣਗੇ। ਦੱਸਣਯੋਗ ਹੈ ਕਿ ਪੰਜਾਬ ਵਿੱਚ ਬਹੁਗਿਣਤੀ ਕੌਮੀ ਮਾਰਗਾਂ ’ਤੇ ਜੋ ਸਾਈਨ ਬੋਰਡ ਲੱਗੇ ਹੋਏ ਹਨ, ਉਨ੍ਹਾਂ ਵਿੱਚ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਹੀ ਹੈ ਜਦਕਿ ਹਿੰਦੀ ਭਾਸ਼ਾ ਕਿਧਰੇ ਵੀ ਨਹੀਂ ਹੈ। ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਸਾਰੇ ਸਾਈਨ ਬੋਰਡਾਂ ’ਤੇ ਇਸੇ ਤਰ੍ਹਾਂ ਹੀ ਹੈ ਤਾਂ ਹੁਣ ਭਾਸ਼ਾ ਨੂੰ ਮੁੱਦਾ ਨਹੀਂ ਬਣਾਇਆ ਜਾਣਾ ਚਾਹੀਦਾ ਹੈ। ਅਜਿਹੀ ਹਾਲਤ ਵਿੱਚ ਲੋਕ ਨਿਰਮਾਣ ਵਿਭਾਗ ਨੂੰ ਮੁੜ ਸਾਈਨ ਬੋਰਡ ਤਬਦੀਲ ਕਰਨੇ ਪੈ ਸਕਦੇ ਹਨ।

# ਸਿਰ.ਫ ਚਾਰ ਸੰਸਦ ਮੈਂਬਰਾਂ ਦੇ ਪੁੱਜਣ ਕਾਰਨ ਪੰਜਾਬ ਮਸਲਿਆਂ ਬਾਰੇ ਬੁਲਾਈ ਸਰਬ ਪਾਰਟੀ ਮੀਟਿੰਗ ਠੁੱਸ

**ਚੰਡੀਗੜ੍ਹ/ਬਿਊਰੋ ਨਿਊਜ਼:** ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਵਿਚਲੀ ਕਾਂਗਰਸ ਸਰਕਾਰ ਵੱਲੋਂ ਕੇਂਦਰ ਸਰਕਾਰ ਨਾਲ ਸਬੰਧਤ ਮੁੱਦਿਆਂ ’ਤੇ ਚਰਚਾ ਕਰਨ ਲਈ ਸੱਦੀ ਸਰਬ ਪਾਰਟੀ ਮੀਟਿੰਗ ਮਹਿਜ਼ ਚਾਰ ਸੰਸਦ ਮੈਂਬਰਾਂ ਦੇ ਹਾਜ਼ਰ ਹੋਣ ਕਾਰਨ ਠੁੱਸ ਹੋ ਕੇ ਰਹਿ ਗਈ। ਹਾਕਮ ਧਿਰ ਕਾਂਗਰਸ ਦੇ ਸੱਤ ਸੰਸਦ ਮੈਂਬਰਾਂ ਵਿੱਚੋਂ ਕੇਵਲ ਤਿੰਨ ਅਤੇ ਆਮ ਆਦਮੀ ਪਾਰਟੀ ਤੋਂ ਬਾਗੀ ਲੋਕ ਸਭਾ ਮੈਂਬਰ ਧਰਮਵੀਰ ਗਾਂਧੀ ਸਣੇ ਕੁਨ ਚਾਰ ਸੰਸਦ ਮੈਂਬਰ ਹੀ ਮੀਟਿੰਗ ਵਿੱਚ ਪਹੁੰਚੇ। 16 ਸੰਸਦ ਮੈਂਬਰ ਮੀਟਿੰਗ ਵਿਚ ਨਹੀਂ ਆਏ।



ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ, ਸੁਨੀਲ ਜਾਖੜ, ਗੁਰਜੀਤ ਔਜਲਾ ਅਤੇ ਡਾ. ਧਰਮਵੀਰ ਗਾਂਧੀ ਸਰਬ ਪਾਰਟੀ ਮੀਟਿੰਗ ਵਿੱਚ ਹਿੱਸਾ ਲੈਂਦੇ ਹੋਏ।

ਕਾਂਗਰਸ ਪਾਰਟੀ ਦੇ ਤਿੰਨ ਸੀਨੀਅਰ ਰਾਜ ਸਭਾ ਮੈਂਬਰ ਅੰਬਿਕਾ ਸੋਨੀ, ਪ੍ਰਤਾਪ ਸਿੰਘ ਬਜਾਵਾ, ਸ਼ਮਸ਼ੇਰ ਸਿੰਘ ਦੂਲੋ ਮੀਟਿੰਗ ਵਿੱਚ ਇਸ ਕਰਕੇ ਨਹੀਂ ਆਏ ਕਿਉਂਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੀਟਿੰਗ ਵਿਚ ਨਹੀਂ ਸੀ ਆਉਣਾ। ਕਾਂਗਰਸ ਦੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਬਿੱਟੂ ਸੰਸਦ ਦੀ ਸਥਾਈ ਕਮੇਟੀ ਦੀ ਮੀਟਿੰਗ ਵਿਚ ਹਿੱਸਾ ਲੈਣ ਦੇ ਬਹਾਨੇ ਸੂਬੇ ਦੇ ਸੰਸਦ ਮੈਂਬਰਾਂ ਦੀ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ। ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਪਹਿਲਾਂ ਤੋਂ ਲਏ ਸਟੈਂਡ ਮੁਤਾਬਕ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ।

ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸੀਨੀਅਰ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਵਿਰੋਧੀ ਪਾਰਟੀ ਦੇ ਸੰਸਦ ਮੈਂਬਰਾਂ ਨੇ ਮੀਟਿੰਗ ਵਿਚ ਨਾ ਆ ਕੇ ਰਾਜਨੀਤਕ ਗਲਤੀ ਕੀਤੀ

ਬਾਕੀ ਸਫ਼ਾ 33 ’ਤੇ

### ‘ਰਾਜਨੀਤੀ ਦੀ ਭੇਟ ਚੜ੍ਹੀ ਮੀਟਿੰਗ’

ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ.ਧਰਮਵੀਰ ਗਾਂਧੀ ਨੇ ਕਿਹਾ ਕਿ ਮੀਟਿੰਗ ਅੰਤਰ ਪਾਰਟੀ ਅਤੇ ਵਿਰੋਧੀ ਪਾਰਟੀਆਂ ਦੀ ਰਾਜਨੀਤੀ ਦੀ ਭੇਂਟ ਚੜ੍ਹ ਗਈ। ਮੀਟਿੰਗ ਚੌਤਰਫੇ ਸੰਕਟ ਵਿਚ ਘਿਰੇ ਪੰਜਾਬ ਨੂੰ ਬਾਹਰ ਕੱਢਣ ਵਿਚ ਮਦਦਗਾਰ ਸਾਬਤ ਹੋਣੀ ਸੀ। ਪੰਜਾਬ ਨੂੰ ਸੰਕਟ ਵਿੱਚੋਂ ਕੱਢਣ ਲਈ ਹੋਰ ਮੀਟਿੰਗਾਂ ਕਰਨ ਦੀ ਲੋੜ ਹੈ। ਦੱਖਣੀ ਸੂਬਿਆਂ ਦੇ ਮੁੱਖ ਮੰਤਰੀ ਸੰਸਦ ਦੇ ਹਰੇਕ ਸੈਸ਼ਨ ਤੋਂ ਪਹਿਲਾਂ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਸੰਸਦ ਮੈਂਬਰਾਂ ਦੀ ਮੀਟਿੰਗ ਕਰਦੇ ਹਨ ਤੇ ਸੰਸਦ ਮੈਂਬਰ ਉਹ ਮਾਮਲੇ ਸੰਸਦ ਵਿਚ ਉਠਾ ਕੇ ਹੱਲ ਕਰਵਾਉਂਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਕਾਲੀ ਭਾਜਪਾ ਸਰਕਾਰ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮੀਟਿੰਗ ਸੱਦਣ ਲਈ ਚਿੱਠੀ ਲਿਖੀ ਸੀ ਪਰ ਉਨ੍ਹਾਂ ਨੇ ਮੀਟਿੰਗ ਨਹੀਂ ਸੱਦੀ। ਉਨ੍ਹਾਂ ਨੇ ਇਸ ਸਾਲ 21 ਜੁਲਾਈ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖਿਆ ਸੀ ਕਿ ਸੰਸਦ ਦੇ ਹਰੇਕ ਸੈਸ਼ਨ ਤੋਂ ਪਹਿਲਾਂ ਮੀਟਿੰਗ ਸੱਦੀ ਜਾਵੇ ਤੇ ਉਨ੍ਹਾਂ ਨੇ ਮੀਟਿੰਗ ਸੱਦ ਕੇ ਚੰਗਾ ਕਦਮ ਚੁੱਕਿਆ ਹੈ। ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਸੌੜੀ ਸਿਆਸਤ ਨੂੰ ਪਾਸੇ ਰੱਖ ਕੇ ਸੂਬੇ ਦੇ ਹਿੱਤਾਂ ਲਈ ਮੀਟਿੰਗ ਵਿਚ ਆਉਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਨਰਾਜ਼ ਚਲ ਰਹੇ ਫਿਰੋਜ਼ਪੁਰ ਤੋਂ ਲੋਕ ਸਭਾ ਮੈਂਬਰ ਸ਼ੇਰ ਸਿੰਘ ਘੁਬਾਇਆ ਪੰਜਾਬ ਭਵਨ ਆਏ ਸਨ ਤੇ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਚਲੇ ਗਏ। ਉਨ੍ਹਾਂ ਦਾ ਲੜਕਾ ਫਾਜ਼ਿਲਕਾ ਵਿਧਾਨ ਸਭਾ ਹਲਕੇ ਤੋਂ ਕਾਂਗਰਸੀ ਵਿਧਾਇਕ ਹੈ।

# ‘ਆਪ’ ਦੇ ਆਗੂਆਂ ਅਤੇ ਬੈਂਸ ਭਰਾਵਾਂ ਨੇ ਕੈਪਟਨ ਨੂੰ ਮਿਲ ਕੇ ਪੰਜਾਬ ਦੇ ਪਾਣੀਆਂ ਦੀ ਵਸੂਲੀ ਦਾ ਮੁੱਦਾ ਉਠਾਇਆ

**ਚੰਡੀਗੜ੍ਹ/ਬਿਊਰੋ ਨਿਊਜ਼:**
ਲੋਕ ਇਨਸਾਫ਼ ਪਾਰਟੀ ਦੇ ਆਗੂ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਨੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕਾਂ ਸਮੇਤ ਸੋਮਵਾਰ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲ ਕੇ ਪੰਜਾਬ ਦੇ ਪਾਣੀਆਂ ਦੀ ਕੀਮਤ ਵਸੂਲੀ ਦਾ ਮੁੱਦਾ ਉਠਾਇਆ। ਮੀਟਿੰਗ ਦੌਰਾਨ ਬੈਂਸ ਭਰਾਵਾਂ ਵੱਲੋਂ ਪਾਣੀ ਦੇ ਮੁੱਦੇ ਉਪਰ ਕੀਤੀਆਂ ਭਾਵੁਕ ਅਪੀਲਾਂ ਨੂੰ ਕੈਪਟਨ ਨੇ ਚੰਗਾ ਹੁੰਗਾਰਾ ਭਰਿਆ। ਕੈਪਟਨ ਨੇ ਬੈਂਸ ਭਰਾਵਾਂ ਨਾਲ ਆਏ ਵਿਰੋਧੀ ਧਿਰ ਦੇ ਆਗੂ ਤੇ ਵਿਧਾਇਕ ਸੁਖਪਾਲ ਖਹਿਰਾ, ‘ਆਪ’ ਪੰਜਾਬ ਦੇ ਸਹਿ ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ, ਕੰਵਰ ਸੰਧੂ, ਨਾਜ਼ਰ ਸਿੰਘ ਮਾਨਸ਼ਾਹੀਆ, ਕੁਲਵੰਤ ਸਿੰਘ ਪੰਡੋਰੀ ਅਤੇ ਮੀਤ ਹੇਅਰ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਰਾਜਸਥਾਨ, ਹਰਿਆਣਾ ਅਤੇ ਦਿੱਲੀ ਤੋਂ ਪਾਣੀ ਦੀ ਕੀਮਤ ਵਸੂਲਣ ਦੇ ਮੁੱਦੇ ਉਪਰ ਮੌਕੇ ‘ਤੇ ਹੀ ਐਡਵੋਕੇਟ ਜਨਰਲ (ਏਜੀ) ਨੂੰ ਪੜਚੋਲ ਦੀਆਂ ਹਦਾਇਤਾਂ ਦਿੱਤੀਆਂ। ਮੁੱਖ ਮੰਤਰੀ ਨੇ ਏਜੀ ਨੂੰ ਬੈਂਸ ਭਰਾਵਾਂ ਨਾਲ ਮੀਟਿੰਗ ਕਰ ਕੇ ਸਾਰੇ ਪੱਖਾਂ ਦੀ ਘੋਖ ਕਰਨ ਲਈ ਕਿਹਾ। ਦੱਸਣਯੋਗ ਹੈ ਕਿ ਬੈਂਸ ਭਰਾਵਾਂ ਨੇ 16 ਨਵੰਬਰ 2016 ਨੂੰ ਪੰਜਾਬ ਵਿਧਾਨ ਸਭਾ ਵਿੱਚ ਰਾਜਸਥਾਨ, ਹਰਿਆਣਾ ਅਤੇ ਦਿੱਲੀ ਤੋਂ ਪਾਣੀ ਦੀ ਕੀਮਤ ਵਸੂਲਣ ਦੇ ਪਾਸ ਹੋਏ ਮਤੇ



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੋਮਵਾਰ ਨੂੰ ਪੰਜਾਬ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨਾਲ ਮੀਟਿੰਗ ਕਰਦੇ ਹੋਏ।

ਅਨੁਸਾਰ ਰਾਸ਼ੀ ਵਸੂਲਣ ਦੀ ਮੰਗ ਨੂੰ ਲੈ ਕੇ ਹਰੇਕ ਮੰਗਲਵਾਰ ਇੱਥੇ ਮੁੱਖ ਮੰਤਰੀ ਦੀ ਕੋਠੀ ਮੂਹਰੇ ਧਰਨੇ ਮਾਰਨ ਦੀ ਲੜੀ ਚਲਾਈ ਹੈ।

ਕੈਪਟਨ ਨਾਲ ਹੋਈ ਮੀਟਿੰਗ ਤੋਂ ਬਾਅਦ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਉਹ ਹੁਣ 21 ਨਵੰਬਰ ਨੂੰ ਧਰਨਾ ਨਹੀਂ ਮਾਰਨਗੇ ਅਤੇ ਮੁੱਖ ਮੰਤਰੀ ਵੱਲੋਂ ਦਿੱਤੇ ਹੁੰਗਾਰੇ ਅਨੁਸਾਰ ਐਡਵੋਕੇਟ ਜਰਨਲ ਨਾਲ ਮੀਟਿੰਗ ਕਰ ਕੇ ਆਪਣਾ ਪੱਖ ਰੱਖਣਗੇ। ਸ੍ਰੀ ਬੈਂਸ ਨੇ ਦੱਸਿਆ ਕਿ ਪਹਿਲਾਂ ਤਾਂ ਮੁੱਖ ਮੰਤਰੀ ਨੇ ਵੀ ਪੰਚਾਇਤ ਮੰਤਰੀ ਵਾਂਗ ਕਿਹਾ ਕਿ ਜੇ ਉਹ ਦੂਜੇ ਰਾਜਾਂ ਕੋਲੋਂ ਸਪਲਾਈ ਹੋਏ ਪਾਣੀ ਦੀ ਰਾਸ਼ੀ

ਬਾਕੀ ਸਫ਼ਾ 33 ’ਤੇ

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਅਮਰਿੰਦਰ ਸਿੰਘ ਪੰਜ ਸਾਲ ਹੀ ਟਪਾ ਲਵੇ ਤਾਂ ਵੱਡੀ ਗੱਲ ਹੋਵੇਗੀ : ਸੁਖਬੀਰ ਬਾਦਲ

## ਕਹਿੰਦਾ : ਕੈਪਟਨ ਦਾ 'ਤਖ਼ਤਾ ਪਲਟ' ਸਕਦੇ ਨੇ ਸਿੱਧੂ, ਬਾਜਵਾ ਤੇ ਮਨਪ੍ਰੀਤ

**ਪਟਿਆਲਾ/ਬਿਊਰੋ ਨਿਊਜ਼:** ਕੈਪਟਨ ਅਮਰਿੰਦਰ ਸਿੰਘ ਵੱਲੋਂ ਲੰਮੀ ਸਿਆਸੀ ਪਾਰੀ ਖੇਡਣ ਦੀ ਇੱਛਾ ਪ੍ਰਗਟਾਉਣ ਸਬੰਧੀ ਟਿੱਪਣੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਅਮਰਿੰਦਰ ਸਿੰਘ ਇਸ ਸਰਕਾਰ ਦੇ ਪੰਜ ਸਾਲ ਹੀ ਟਪਾ ਲੈਣ, ਇਹੀ ਵੱਡੀ ਗੱਲ ਹੋਵੇਗੀ। ਉਹ ਪਿੰਡ ਰੱਖੜਾ ਵਿੱਚ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਦੇ ਘਰ ਰੱਖੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਆਖਿਆ ਕਿ ਕੈਪਟਨ ਸਰਕਾਰ ਲਈ ਨਵਜੋਤ ਸਿੰਘ ਸਿੱਧੂ, ਪ੍ਰਤਾਪ ਸਿੰਘ ਬਾਜਵਾ ਤੇ ਮਨਪ੍ਰੀਤ ਸਿੰਘ ਬਾਦਲ 'ਖਤਰੇ ਦੇ ਬੱਦਲਾਂ' ਵਾਂਗ ਹਨ ਤੇ ਕੈਪਟਨ ਵੱਲੋਂ ਅਗਲੀ ਪਾਰੀ ਖੇਡਣ ਦੇ ਬਿਆਨ ਪਿੱਛੇ ਆਪਣੇ ਇਨ੍ਹਾਂ ਆਗੂਆਂ ਨੂੰ ਡਰਾਉਣ ਦਾ ਮਕਸਦ ਲੁਕਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਇਹ ਤਿੰਨੋਂ ਆਗੂ ਕਥਿਤ ਤੌਰ 'ਤੇ ਅੰਦਰੋਂ-ਅੰਦਰੀ ਕੈਪਟਨ ਦੇ ਪਿੱਛੇ ਪਏ ਹੋਏ ਹਨ। ਸਰਕਾਰ ਵਿੱਚ ਅਜਿਹੇ ਆਪਾ-ਵਿਰੋਧੀ ਮਾਹੌਲ ਤੋਂ ਲੱਗ ਰਿਹਾ ਹੈ ਕਿ ਅਮਰਿੰਦਰ ਸਿੰਘ ਦਾ ਕਦੇ ਵੀ 'ਤਖ਼ਤਾ ਪਲਟ' ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਨਵਜੋਤ ਸਿੱਧੂ ਦੀ 'ਆਪ' ਪ੍ਰਤੀ ਨਰਮ ਪਹੁੰਚ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਉਸ ਦੀ 'ਆਪ' ਨਾਲ ਕਿਤੇ ਨਾ ਕਿਤੇ ਸਾਂਝ ਹੈ। ਇਸੇ ਕਰ ਕੇ ਕੈਪਟਨ ਪ੍ਰਤੀ ਉਸ ਦੀ ਪਹੁੰਚ ਸੁਖਾਵੀਂ ਨਹੀਂ ਹੈ।

ਸ੍ਰੀ ਬਾਦਲ ਨੇ ਕਿਹਾ ਨਵਜੋਤ ਸਿੱਧੂ ਕਥਿਤ ਤੌਰ 'ਤੇ ਬੈਂਸ ਭਰਾਵਾਂ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨਾਲ ਮਿਲ ਕੇ ਅਕਾਲੀ ਦਲ ਦੇ ਨਾਲ-ਨਾਲ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਵੀ ਸਾਜ਼ਿਸ਼ਾਂ ਰਚਦਾ ਰਹਿੰਦਾ ਹੈ। ਉਸ ਦੀ ਕੋਸ਼ਿਸ਼ ਹੈ ਕਿ ਅਮਰਿੰਦਰ ਸਰਕਾਰ ਨੂੰ 'ਤੋੜ' ਕੇ ਬੈਂਸ ਭਰਾਵਾਂ ਤੇ ਆਮ ਆਦਮੀ ਪਾਰਟੀ ਨਾਲ ਮਿਲ ਕੇ ਪੰਜਾਬ ਵਿੱਚ ਨਵੀਂ ਸਰਕਾਰ ਬਣਾਈ ਜਾਵੇਗਾ ਉਨ੍ਹਾਂ ਕਿਹਾ ਕਿ ਸਿੱਧੂ ਕਾਂਗਰਸ ਵਿੱਚ ਆਰਜ਼ੀ ਤੌਰ 'ਤੇ ਹੀ ਆਇਆ ਹੈ ਹਨ ਤੇ ਉਹ ਕਦੇ ਵੀ ਆਮ ਆਦਮੀ ਪਾਰਟੀ ਵੱਲ ਰੁਖ਼ ਕਰ ਸਕਦਾ ਹੈ।

ਅਕਾਲੀ ਦਲ ਦੇ ਪ੍ਰਧਾਨ ਮੁਤਾਬਕ ਬੈਂਸ ਭਰਾਵਾਂ ਨੇ ਲੁਧਿਆਣਾ ਨਿਗਮ ਦੀ ਚੋਣ ਸਬੰਧੀ ਜਿਹੜੀ ਪਟੀਸ਼ਨ ਪਾਈ ਹੈ, ਉਹ ਨਵਜੋਤ ਸਿੱਧੂ ਦੀ ਸਲਾਹ 'ਤੇ ਹੀ ਪਾਈ ਹੈਗ ਇਸ ਮੌਕੇ ਸੁਰਜੀਤ ਸਿੰਘ ਰੱਖੜਾ, ਚਰਨਜੀਤ ਸਿੰਘ ਰੱਖੜਾ ਤੇ ਸੁਰਜੀਤ ਸਿੰਘ ਅਬਲੋਵਾਲ, ਹਰਪਾਲ ਜੁਨੇਜਾ, ਰਾਜੂ ਖੰਨਾ ਤੇ ਵਿਸ਼ਨੂੰ ਸ਼ਰਮਾ ਆਦਿ ਹਾਜ਼ਰ ਸਨ।



ਮੀਡੀਆ ਨਾਲ ਗੱਲਬਾਤ ਕਰਦੇ ਹੋਏ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ

### ਸੁਖਬੀਰ ਤੇ ਹਰਸਿਮਰਤ ਨੂੰ ਕਾਂਗਰਸ ਤੇ 'ਆਪ' ਦਿਸਦੀਆਂ ਨੇ ਦੋਗਲੀਆਂ

**ਅੰਮ੍ਰਿਤਸਰ/ਬਿਊਰੋ ਨਿਊਜ਼:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਉਨ੍ਹਾਂ ਦੇ ਪਤੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ('ਆਪ') ਤੇ ਕਾਂਗਰਸ ਨੂੰ ਦੋਗਲੀਆਂ ਪਾਰਟੀਆਂ ਕਰਾਰ ਦਿੱਤਾ ਹੈ। ਉਹ ਵੀਰਵਾਰ ਨੂੰ ਇੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਰਿਵਾਰ ਵੱਲੋਂ ਰਖਾਏ ਅਖੰਡ ਪਾਠ ਦੇ ਭੋਗ ਵਿੱਚ ਸ਼ਾਮਲ ਹੋਣ ਆਏ ਸਨ। ਮੱਥਾ ਟੇਕਣ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ 'ਆਪ' ਦਾ ਇੱਕ ਆਗੂ ਨਸ਼ਿਆਂ ਦੇ ਕਾਰੋਬਾਰ ਅਤੇ ਇੱਕ ਬੇਅਦਬੀ ਮਾਮਲਿਆਂ ਵਿੱਚ ਨਾਮਜ਼ਦ ਹੈ। ਉਨ੍ਹਾਂ ਆਖਿਆ ਕਿ ਇਹ ਆਗੂ ਦੋਗਲੇ ਕਿਰਦਾਰ ਵਾਲੇ ਹਨ, ਜਿਨ੍ਹਾਂ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਬੀਬੀ ਬਾਦਲ ਨੇ ਆਖਿਆ ਕਿ ਸੂਬੇ ਦੇ ਲੋਕ 'ਆਪ' ਅਤੇ ਕਾਂਗਰਸੀ ਆਗੂਆਂ ਦੀ ਅਸਲੀਅਤ ਤੋਂ ਜਾਣੂ ਹੋ ਗਏ ਹਨ ਅਤੇ ਹੁਣ ਆਪਣੀ ਤਾਕਤ ਵੀ ਇਨ੍ਹਾਂ ਨੂੰ ਦਿਖਾਉਣਗੇ। ਸੂਬੇ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਦਤਰ ਕਰਾਰ ਦਿੰਦਿਆਂ ਉਨ੍ਹਾਂ ਆਖਿਆ ਕਿ ਜਦੋਂ ਸੂਬੇ ਦਾ ਮੁੱਖ ਮੰਤਰੀ ਹੀ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਹਾਜ਼ਰ ਨਹੀਂ ਹੈ ਤਾਂ ਮੰਤਰੀ ਤੇ ਹੋਰ ਆਪਣੀਆਂ ਮਨ ਮਰਜ਼ੀਆਂ ਕਰਨਗੇ। ਇਸ ਨਾਲ ਸੂਬੇ ਵਿੱਚ ਬਦਅਮਨੀ ਵਧ ਰਹੀ ਹੈ। ਸਰਕਾਰ ਵੱਲੋਂ ਪ੍ਰੀ-ਪ੍ਰਾਇਮਰੀ ਵਿੰਗ ਸ਼ੁਰੂ ਕਰਨ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਆਖਿਆ ਕਿ ਜਦੋਂ ਪ੍ਰਾਇਮਰੀ ਸਕੂਲ ਬੰਦ ਕੀਤੇ ਜਾ ਰਹੇ ਹਨ ਤਾਂ ਪ੍ਰੀ-ਪ੍ਰਾਇਮਰੀ ਵਿੰਗ ਦੀ ਕੀ ਅਹਿਮੀਅਤ ਰਹਿ ਜਾਵੇਗੀ।

### ਸੁਖਬੀਰ ਨੇ ਹੋਰ ਅਹੁਦੇ ਵੰਡੇ

**ਚੰਡੀਗੜ੍ਹ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੇ ਜਥੇਬੰਦਕ ਢਾਂਚੇ ਦੀ ਦੂਜੀ ਸੂਚੀ ਜਾਰੀ ਕਰਦਿਆਂ ਬੀਬੀ ਜਗੀਰ ਕੌਰ ਨੂੰ ਮੁੜ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੂੰ ਮੁੜ ਐਸੀ.ਸੀ. ਵਿੰਗ ਦਾ

ਬਾਕੀ ਸਫ਼ਾ 33 'ਤੇ

### ਸ਼੍ਰੋਮਣੀ ਅਕਾਲੀ ਦਲ (ਬਦਲ) ਦਾ ਪੁਨਰਗਠਨ

**ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਨਵੇਂ ਅਹੁਦੇਦਾਰ ਐਲਾਨੇ**

**ਚੰਡੀਗੜ੍ਹ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਢਾਂਚੇ ਦਾ ਮੁੜ ਤੋਂ ਗਠਨ ਕਰਦਿਆਂ ਸੀਨੀਅਰ ਮੀਤ ਪ੍ਰਧਾਨਾਂ ਅਤੇ ਜਨਰਲ ਸਕੱਤਰਾਂ ਦੇ ਨਾਲ ਨਾਲ ਜਿਲ੍ਹਾ ਪ੍ਰਧਾਨਾਂ ਦੇ ਨਾਵਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਵੇਖਿਆ ਜਾਵੇ ਤਾਂ ਪੁਨਰਗਠਨ ਦੇ ਨਾਂਅ ਹੇਠ ਕੋਈ ਵੱਡੀ ਅਦਲਾਬਦਲੀ ਨਹੀਂ ਕੀਤੀ ਗਈ ਹਾਂ ਅਹੁਦੇ ਜ਼ਰੂਰ ਪਹਿਲਾਂ ਨਾਲੋਂ ਵੱਧ ਵੰਡੇ ਗਏ ਹਨ। ਇਸ ਫੈਸਲੇ ਅਨੁਸਾਰ ਸ. ਪ੍ਰਕਾਸ਼ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਮੁੜ ਤੋਂ ਸਰਪ੍ਰਸਤ ਹੋਣਗੇ ਅਤੇ ਪਾਰਟੀ ਦੇ ਸੀਨੀਅਰ ਆਗੂ ਸ. ਸੁਖਦੇਵ ਸਿੰਘ ਢੀਂਡਸਾ ਦਲ ਦੇ ਸਕੱਤਰ ਜਨਰਲ ਜਨਰਲ ਹੋਣਗੇ।

ਪਾਰਟੀ ਦੇ ਮੁੱਖ ਦਫ਼ਤਰ ਤੋਂ ਪ੍ਰੈੱਸ ਨੂੰ ਸੂਚੀ ਜਾਰੀ ਕਰਦਿਆਂ ਸ. ਬਾਦਲ ਨੇ ਦੱਸਿਆ ਕਿ ਪਾਰਟੀ ਕੋਰ ਕਮੇਟੀ ਦਾ ਗਠਨ ਕੁੱਝ ਸਮਾਂ ਪਹਿਲਾਂ ਕਰ ਦਿੱਤਾ ਗਿਆ ਸੀ। ਨਵੀਂ ਸੂਚੀ ਅਨੁਸਾਰ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਸ. ਬਲਵਿੰਦਰ ਸਿੰਘ ਭੂੰਦੜ, ਜਥੇਦਾਰ ਤੋਤਾ ਸਿੰਘ, ਡਾ. ਉਪਿੰਦਰਜੀਤ ਕੌਰ, ਸ. ਮਹੇਸ਼ਇੰਦਰ ਸਿੰਘ ਗਰੇਵਾਲ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸ. ਨਿਰਮਲ ਸਿੰਘ ਕਾਹਲੋਂ, ਸ. ਜਨਮੇਜਾ ਸਿੰਘ ਸੇਖੋਂ, ਸ. ਚਰਨਜੀਤ ਸਿੰਘ ਅਟਵਾਲ, ਸ. ਸੇਵਾ ਸਿੰਘ ਸੇਖਵਾਂ, ਸ. ਆਦੇਸ਼ ਪ੍ਰਤਾਪ ਸਿੰਘ ਕੈਰੋਂ, ਡਾ. ਦਲਜੀਤ ਸਿੰਘ ਚੀਮਾ, ਸ੍ਰੀ ਨਰੇਸ਼ ਗੁਜਰਾਲ ਅਤੇ ਸ. ਸ਼ਰਨਜੀਤ ਸਿੰਘ ਢਿੱਲੋਂ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਹੋਣਗੇ।

**ਨਵੇਂ ਜ਼ਿਲ੍ਹਾ ਪ੍ਰਧਾਨਾਂ ਦੇ ਨਾਵਾਂ ਦਾ ਐਲਾਨ**

ਪਾਰਟੀ ਦੇ ਜਿਨ੍ਹਾਂ ਆਗੂਆਂ ਨੂੰ ਜ਼ਿਲ੍ਹਾ ਪ੍ਰਧਾਨ ਬਣਾਇਆ ਗਿਆ ਹੈ ਉਹਨਾਂ ਵਿੱਚ ਅਜੀਤ ਸਿੰਘ ਕੋਹਾੜ ਸਾਬਕਾ ਮੰਤਰੀ ਪੰਜਾਬ ਨੂੰ ਜ਼ਿਲ੍ਹਾ ਜਲੰਧਰ (ਦਿਹਾਤੀ) ਦਾ ਪ੍ਰਧਾਨ, ਸਿਕੰਦਰ ਸਿੰਘ ਮਲੂਕਾ ਸਾਬਕਾ ਮੰਤਰੀ ਨੂੰ ਜ਼ਿਲ੍ਹਾ ਬਠਿੰਡਾ (ਦਿਹਾਤੀ) ਦਾ ਪ੍ਰਧਾਨ, ਸੁਰਜੀਤ ਸਿੰਘ ਰੱਖੜਾ ਸਾਬਕਾ ਮੰਤਰੀ ਨੂੰ ਜ਼ਿਲ੍ਹਾ ਪਟਿਆਲਾ (ਦਿਹਾਤੀ) ਦਾ ਪ੍ਰਧਾਨ, ਸੰਤਾ ਸਿੰਘ ਉਮੈਦਪੁਰ ਨੂੰ ਪੁਲਿਸ ਜ਼ਿਲ੍ਹਾ ਖੰਨਾ, ਦਰਸ਼ਨ ਸਿੰਘ ਸ਼ਿਵਾਲਿਕ ਨੂੰ ਪੁਲਿਸ ਜ਼ਿਲ੍ਹਾ ਜਗਰਾਉਂ ਅਤੇ ਰਣਜੀਤ ਸਿੰਘ ਢਿੱਲੋਂ ਸਾਬਕਾ ਵਿਧਾਇਕ ਨੂੰ ਜ਼ਿਲ੍ਹਾ ਲੁਧਿਆਣਾ (ਸ਼ਹਿਰੀ) ਦਾ ਪ੍ਰਧਾਨ ਬਣਾਇਆ ਗਿਆ ਹੈ। ਸੁਖਬੀਰ ਬਾਦਲ ਨੇ ਦੱਸਿਆ ਕਿ ਵੀਰ ਸਿੰਘ ਲੋਪੋਕੇ ਨੂੰ ਜ਼ਿਲ੍ਹਾ ਅੰਮ੍ਰਿਤਸਰ (ਦਿਹਾਤੀ) ਅਤੇ ਗੁਰਪ੍ਰਤਾਪ ਸਿੰਘ ਟਿੱਕਾ ਨੂੰ ਅੰਮ੍ਰਿਤਸਰ (ਸ਼ਹਿਰੀ), ਵਿਰਸਾ ਸਿੰਘ ਵਲਟੋਹਾ ਜ਼ਿਲ੍ਹਾ ਤਰਨ ਤਾਰਨ (ਦਿਹਾਤੀ), ਸਵਰਨ ਸਿੰਘ ਚਨਾਰਥਲ ਜ਼ਿਲ੍ਹਾ ਫਤਿਹਗੜ੍ਹ ਸਾਹਿਬ (ਦਿਹਾਤੀ), ਮਨਤਾਰ ਸਿੰਘ ਬਰਾੜ ਫਰੀਦਕੋਟ (ਦਿਹਾਤੀ)

ਬਾਕੀ ਸਫ਼ਾ 33 'ਤੇ

# ਪੰਜਾਬ ਸਰਕਾਰ ਨੇ ਨਸ਼ਾ ਤਸਕਰਾਂ ਵਿਰੁਧ ਸਿਕੰਜਾ ਕਸਣ ਲਈ ਬਣਾਇਆ ਕਾਨੂੰਨ

- **ਦੋਸ਼ੀ ਪਾਏ ਜਾਣ ਵਾਲਿਆਂ ਦੀਆਂ ਜਾਇਦਾਦਾਂ ਹੋਣਗੀਆਂ ਜ਼ਬਤ**
- **ਅਤਿਵਾਦੀ ਹਮਲਿਆਂ ਨਾਲ ਨਜਿੱਠਣ ਲਈ ਵਿਸ਼ੇਸ਼ ਅਪਰੇਸ਼ਨ ਗਰੁੱਪ ਬਣਾਉਣ ਨੂੰ ਪ੍ਰਵਾਨਗੀ**

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਜ਼ਾਰਤ ਨੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਲਈ ਪੰਜਾਬ ਐਕਟ 2017 (ਪੰਜਾਬ ਫੋਰਫੀਟ ਆਫ ਇਲੀਗਲੀ ਐਕੁਆਇਰਡ ਪ੍ਰਾਪਰਟੀ ਐਕਟ) ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਵਜ਼ਾਰਤ ਨੇ ਮੋਗਾ ਅਤੇ ਆਦਮਪੁਰ ਵਿੱਚ ਆਨਲਾਈਨ ਰਜਿਸਟਰੀਆਂ ਕਰਨ 'ਤੇ ਵੀ ਮੋਹਰ ਲਾ ਦਿੱਤੀ ਹੈ। ਇਸ ਤੋਂ ਇਲਾਵਾ ਕੁਝ ਹੋਰ ਅਹਿਮ ਫੈਸਲੇ ਵੀ ਕੀਤੇ ਗਏ।

ਇਹ ਫੈਸਲੇ ਅੱਜ ਇੱਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਵਜ਼ਾਰਤ ਦੀ ਮੀਟਿੰਗ ਵਿੱਚ ਲਏ ਗਏ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਨਸ਼ਾ ਤਸਕਰਾਂ ਬਾਰੇ ਕਾਨੂੰਨ ਬਣਨ ਨਾਲ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੀਆਂ ਤਾਕਤਾਂ ਮਿਲ ਜਾਣਗੀਆਂ। ਕਾਨੂੰਨ ਦਾ ਖਰੜਾ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਤਿਆਰ ਕੀਤਾ ਗਿਆ ਹੈ। ਐਨ.ਡੀ.ਪੀ.ਐਸ. ਐਕਟ ਹੇਠ ਕੇਸ ਦਰਜ ਹੋਣ ਤੋਂ ਬਾਅਦ ਮੁਲਜ਼ਮ ਆਪਣੀ ਜਾਇਦਾਦ ਵੇਚ ਨਹੀਂ ਸਕਣਗੇ ਅਤੇ ਨਾ ਕਿਸੇ ਦੇ ਨਾਂ ਤਬਦੀਲ ਕਰਵਾ ਸਕਣਗੇ। ਨਵਾਂ ਐਕਟ ਲਾਗੂ ਕਰਨ ਲਈ ਬਿੱਲ ਵਿਧਾਨ ਸਭਾ ਵਿੱਚ ਪਾਸ ਕੀਤਾ ਜਾਵੇਗਾ ਤੇ ਰਾਜਪਾਲ ਦੀ ਪ੍ਰਵਾਨਗੀ ਤੇ ਰਾਸ਼ਟਰਪਤੀ ਕੋਲੋਂ ਮਨਜ਼ੂਰੀ ਤੋਂ ਬਾਅਦ ਅਮਲ ਵਿੱਚ ਆਵੇਗਾ।

ਵਜ਼ਾਰਤ ਨੇ ਮੋਗਾ ਤੇ ਆਦਮਪੁਰ ਤਹਿਸੀਲਾਂ ਵਿੱਚ ਆਨਲਾਈਨ ਰਜਿਸਟਰੀ ਕਰਨ ਦੇ ਫੈਸਲੇ ਨੂੰ ਵੀ ਮਨਜ਼ੂਰੀ ਦੇ ਦਿੱਤੀ ਅਤੇ ਇਸ ਬਾਰੇ ਮੁੱਖ ਮੰਤਰੀ ਨੇ ਕੁਝ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਗੱਲਬਾਤ ਵੀ ਕੀਤੀ। ਮੁੱਖ ਮੰਤਰੀ ਨੇ ਪੰਜ ਜ਼ਿਲ੍ਹਿਆਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਐਸ.ਏ.ਐਸ. ਨਗਰ (ਮੁਹਾਲੀ) ਵਿੱਚ ਇਲੈਕਟ੍ਰਾਨਿਕ ਟੋਟਲ ਸਟੇਸ਼ਨ ਪ੍ਰੋਗਰਾਮ (ਈ.ਟੀ.ਐਸ.) ਦੇ ਪਾਇਲਟ ਪ੍ਰਾਜੈਕਟ ਦਾ ਵੀ ਆਰੰਭ ਕੀਤਾ, ਜਿਸ ਨਾਲ ਜ਼ਮੀਨ ਦੀ ਨਿਸ਼ਾਨਦੇਹੀ ਦੀ ਗੁੰਝਲਦਾਰ ਪ੍ਰੀਕਿਰਿਆ ਸੁਖਾਲੀ ਹੋ ਜਾਵੇਗੀ। ਮੁੱਖ ਮੰਤਰੀ ਨੇ ਵੀਡੀਓ ਕਾਨਫਰੰਸਿੰਗ ਵਿੱਚ ਹਿੱਸਾ ਲੈਣ ਵਾਲੇ ਕਮਿਸ਼ਨਰਾਂ ਤੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਕਿ ਮਾਲ ਵਿਭਾਗ ਪਾਰਦਰਸ਼ੀ ਅਤੇ ਜੁਆਬਦੇਹ ਸ਼ਾਸਨ ਮੁਹੱਈਆ ਕਰਵਾਏ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮਾਲ ਅਦਾਲਤਾਂ ਵਿੱਚ ਸਾਲਾਂ ਤੋਂ ਬਕਾਇਆ ਮਾਮਲੇ 31 ਮਾਰਚ, 2018 ਤੱਕ ਨਿਬੇੜਨ ਨੂੰ ਯਕੀਨੀ ਬਣਾਇਆ ਜਾਵੇ।

ਆਨਲਾਈਨ ਪ੍ਰਣਾਲੀ ਹੋਣ ਕਰ ਕੇ ਜਿੱਥੇ ਰਜਿਸਟਰੀ ਅਤੇ ਹੋਰ ਦਸਤਾਵੇਜ਼ ਅਪਲੋਡ ਕਰਨ ਲਈ ਸਬੰਧਤ ਡੇਟਾ ਦੀ ਐਂਟਰੀ ਹੋਇਆ ਕਰੇਗੀ, ਉਥੇ ਐਨ.ਜੀ.ਡੀ.ਆਰ.ਐਸ. ਪ੍ਰੋਗਰਾਮ ਸਟੈਂਪ ਡਿਊਟੀ, ਰਜਿਸਟਰੇਸ਼ਨ ਫੀਸ ਅਤੇ ਕੁਲੈਕਟਰ ਰੇਟ 'ਤੇ ਆਧਾਰਤ ਫੀਸ ਦਾ ਹਿਸਾਬ-ਕਿਤਾਬ ਖ਼ੁਦ ਲਾ ਲਵੇਗਾ। ਦੱਸਣਯੋਗ ਹੈ ਕਿ ਮੁਲਕ ਵਿੱਚ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ, ਜਿੱਥੇ ਐਨ.ਜੀ.ਡੀ.ਆਰ.ਐਸ. ਪ੍ਰਾਜੈਕਟ ਲਾਗੂ ਕੀਤਾ ਗਿਆ ਹੈ। ਇਸ ਦੇ ਨਾਲ ਜ਼ਮੀਨ ਦੀ ਪੈਮਾਇਸ਼ ਤੇ ਨਿਸ਼ਾਨਦੇਹੀ ਈ.ਟੀ.ਐਸ. ਪ੍ਰਣਾਲੀ ਰਾਹੀਂ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਜ਼ਮੀਨ ਦੀ ਜ਼ਰੀਬ ਨਾਲ ਪੈਮਾਇਸ਼ ਦੀ ਪੰਜ-ਛੇ ਸਦੀਆਂ ਪੁਰਾਣੀ ਰਵਾਇਤ ਖ਼ਤਮ ਹੋ ਗਈ ਹੈ। ਜ਼ਮੀਨ ਦਾ ਮਾਲਕ ਆਪਣੇ ਹਿੱਸੇ ਦੀ ਜ਼ਮੀਨ ਦਾ ਨਕਸ਼ਾ ਆਨਲਾਈਨ ਦੇਖ ਸਕੇਗਾ। ਨਸ਼ਾਨਦੇਹੀ ਲਈ ਦਰਾਂ ਇਕ ਦਸੰਬਰ, 2017 ਤੋਂ ਲਾਗੂ ਕੀਤੀਆਂ ਜਾਣਗੀਆਂ।

ਵਜ਼ਾਰਤ ਨੇ ਅਤਿਵਾਦੀ ਹਮਲਿਆਂ ਨਾਲ ਨਜਿੱਠਣ ਲਈ ਵਿਸ਼ੇਸ਼ ਅਪਰੇਸ਼ਨ ਗਰੁੱਪ ਬਣਾਉਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਦੇ ਕੁੱਲ ਨੌਂ ਦਸਤੇ ਬਣਾਏ ਜਾਣਗੇ। ਹਰੇਕ ਦਸਤੇ ਵਿੱਚ 27-27 ਜਵਾਨ ਹੋਣਗੇ। ਇਹ ਜਵਾਨ ਮੌਜੂਦਾ ਪੁਲੀਸ ਫੋਰਸ ਵਿੱਚੋਂ ਹੀ ਲਏ ਜਾਣਗੇ। ਸਜ਼ਾ ਪੂਰੀ ਕਰਨ ਮਗਰੋਂ ਵੀ ਜੇਲ੍ਹਾਂ ਵਿੱਚ ਬੰਦ ਬਿਮਾਰ, ਮਾਨਸਿਕ ਰੋਗੀ ਕੈਦੀਆਂ ਤੇ ਹੋਰਾਂ ਨੂੰ ਰਿਹਾਅ ਕਰਨ ਲਈ ਮੈਡੀਕਲ ਬੋਰਡ ਬਣਾਉਣ ਦਾ ਫੈਸਲਾ ਕੀਤਾ ਗਿਆ। ਜਨਤਕ ਵੰਡ ਪ੍ਰਣਾਲੀ ਨੂੰ ਬਾਇਓਮੀਟ੍ਰਿਕ ਕਰਨ ਦਾ ਫੈਸਲਾ ਕੀਤਾ ਗਿਆ। ਇਸ ਫੈਸਲੇ ਨਾਲ ਕਿਸੇ ਇਲਾਕੇ ਦਾ ਵਿਅਕਤੀ ਇਲਾਕਾ ਬਦਲਣ ਤੋਂ ਬਾਅਦ ਨਵੀਂ ਥਾਂ ਰਾਸ਼ਨ ਲੈ ਸਕੇਗਾ। ਰਾਸ਼ਨ ਨੂੰ ਆਧਾਰ ਕਾਰਡ ਨਾਲ ਜੋੜ ਦਿੱਤਾ ਗਿਆ ਹੈ। ਇਸ ਨੂੰ ਪਾਇਲਟ ਪ੍ਰਾਜੈਕਟ ਵਜੋਂ ਮੁਹਾਲੀ ਵਿੱਚ ਚਲਾਇਆ ਗਿਆ ਸੀ, ਜਿਹੜਾ ਸਫ਼ਲ ਰਿਹਾ ਹੈ। ਇਸ ਕਰ ਕੇ ਇਸ ਫੈਸਲੇ ਨੂੰ ਪੂਰੇ ਸੂਬੇ ਵਿੱਚ ਲਾਗੂ ਕੀਤਾ ਹੈ। ਆਟਾ ਦਾਲ ਸਕੀਮ ਨੂੰ ਵੀ ਇਸ ਦੇ ਨਾਲ ਹੀ ਜੋੜਿਆ ਜਾਵੇਗਾ ਅਤੇ ਇਸ ਮੰਤਵ ਲਈ ਸਮਾਰਟ ਕਾਰਡ ਬਣਨਗੇ।

ਘਿਨਾਉਣੇ ਜੁਰਮਾਂ ਦੀ ਸੁਚੱਜੀ ਜਾਂਚ ਲਈ ਵਜ਼ਾਰਤ ਨੇ ਪੰਜਾਬ ਪੁਲੀਸ ਵਿੱਚ ਵੱਖਰੇ ਜਾਂਚ ਵਿੰਗ ਦੀ ਸਥਾਪਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਅਮਰੂਦ, ਕੇਲਾ ਅਤੇ ਅੰਗੂਰਾਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਬਾਗਾਂ ਵਾਲੇ ਕਿਸਾਨਾਂ ਦੇ ਬਰਾਬਰ ਲਿਆਉਣ ਦਾ ਫੈਸਲਾ ਕੀਤਾ ਹੈ। ਇਸ ਲਈ ਪੰਜਾਬ ਲੈਂਡ ਰਿਫਾਰਮਜ਼ ਐਕਟ-1972 ਦੀ ਧਾਰਾ 3(8) ਵਿੱਚ ਸੋਧ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਨਾਲ ਇਹ ਫਲ ਵੀ ਬਾਗਬਾਨੀ ਉਤਪਾਦਕਾਂ ਨੂੰ ਮਿਲਦੀਆਂ ਰਿਆਇਤਾਂ ਦੇ ਘੇਰੇ ਵਿੱਚ ਆ ਜਾਣਗੇ। ਵਜ਼ਾਰਤ ਨੇ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਤੇ ਨਿਯਮ) ਸੋਧ ਬਿੱਲ-2017 ਰਾਹੀਂ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਤੇ ਨਿਯਮ) ਐਕਟ-2002 ਵਿੱਚ ਵੱਖ ਵੱਖ ਸੋਧਾਂ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸ਼ਰਾਬ ਦੀਆਂ ਫੈਕਟਰੀਆਂ ਵਿੱਚ ਉਤਪਾਦਨ ਨੂੰ ਲੀਹ 'ਤੇ ਲਿਆਉਣ ਲਈ ਪੰਜਾਬ ਡਿਸਟਿਲਰੀ ਰੂਲਜ਼, 1932 ਵਿੱਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਸ਼ਰਾਬ ਫੈਕਟਰੀਆਂ ਵਿੱਚ ਮੀਟਰ ਲਾਏ ਜਾਣਗੇ, ਜਿਨ੍ਹਾਂ ਨਾਲ ਸ਼ਰਾਬ ਉਤਪਾਦਨ 'ਤੇ ਨਿਗਰਾਨੀ ਰੱਖੀ ਜਾ ਸਕੇਗੀ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਚੰਡੀਗੜ੍ਹ 'ਚ ਸ਼ੁੱਕਰਵਾਰ ਨੂੰ ਕੈਬਨਿਟ ਬੈਠਕ ਦੀ ਅਗਵਾਈ ਕਰਦੇ ਹੋਏ।

### ਸਿਰਫ਼ ਤਿੰਨ ਦਿਨ ਚਲੇਗਾ ਵਿਧਾਨ ਸਭਾ ਦਾ ਸਰਦ ਰੁੱਤ ਸ਼ੈਸ਼ਨ

ਪੰਜਾਬ ਵਜ਼ਾਰਤ ਨੇ ਪੰਜਾਬ ਵਿਧਾਨ ਸਭਾ ਦਾ ਸਰਦ ਰੁੱਤ ਦਾ ਸੈਸ਼ਨ 27 ਤੋਂ 29 ਨਵੰਬਰ ਤੱਕ ਕਰਨ ਦਾ ਫੈਸਲਾ ਕੀਤਾ ਹੈ। ਸੈਸ਼ਨ ਦਾ ਸਮਾਂ ਵਧਾਉਣ ਦਾ ਫੈਸਲਾ ਵਿਧਾਨ ਸਭਾ ਦੀ ਕਾਰ-ਵਿਹਾਰ ਸਲਾਹਕਾਰ ਕਮੇਟੀ ਕਰੇਗੀ। ਵਜ਼ਾਰਤ ਦੀ ਮੀਟਿੰਗ ਹਰ ਬੁੱਧਵਾਰ ਹੋਇਆ ਕਰੇਗੀ। ਸਰਕਾਰ ਨੇ ਵਿੱਤੀ ਸੰਕਟ ਨਾਲ ਨਜਿੱਠਣ ਲਈ ਮੁੱਖ ਮੰਤਰੀ ਦੀ ਅਗਵਾਈ ਹੇਠ ਕੈਬਨਿਟ ਦੀ ਸਬ-ਕਮੇਟੀ ਕਾਇਮ ਕਰਨ ਦਾ ਫੈਸਲਾ ਕੀਤਾ ਹੈ। ਸਬ-ਕਮੇਟੀ ਦੀ ਮੀਟਿੰਗ ਹਰ ਮੰਗਲਵਾਰ ਨੂੰ ਹੋਵੇਗੀ। ਕਮੇਟੀ ਵਿੱਚ ਮੁੱਖ ਮੰਤਰੀ ਤੋਂ ਇਲਾਵਾ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਅਤੇ ਮਨਪ੍ਰੀਤ ਸਿੰਘ ਬਾਦਲ ਸ਼ਾਮਲ ਹਨ।

# ਨਹੀਂ ਮੁੱਕ ਰਹੀਆਂ ਸੁਖਪਾਲ ਖਹਿਰਾ ਦੀਆਂ ਮੁਸ਼ਕਲਾਂ

## ਅਕਾਲੀ ਦਲ ਨੇ ਆਪ ਆਗੂ ਦੇ ਅਸਤੀਫ਼ੇ ਲਈ ਮੁਹਿੰਮ ਭਖ਼ਾਈ



ਰੋਸ ਮੁਜ਼ਾਹਰਾ ਕਰਦੀਆਂ ਇਸਤਰੀ ਅਕਾਲੀ ਦਲ ਦੀਆਂ ਬੀਬੀਆਂ ਨੂੰ ਅੱਗੇ ਵਧਣ ਤੋਂ ਰੋਕਦੀ ਹੋਈ ਪੁਲੀਸ।

**ਚੰਡੀਗੜ੍ਹ/ਬਿਊਰੋ ਨਿਊਜ਼**

ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਤੇ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਸੁਖਪਾਲ ਸਿੰਘ ਖਹਿਰਾ ਵਿਰੁੱਧ ਮੁਹਿੰਮ ਤੇਜ਼ ਕਰ ਦਿੱਤੀ ਹੈ। ਸ੍ਰੀ ਖਹਿਰਾ ਦੀ ਰਵਾਇਤੀ ਸਿਆਸੀ ਵਿਰੋਧੀ ਬੀਬੀ ਜਗੀਰ ਕੌਰ ਨੇ ਚੰਡੀਗੜ੍ਹ ਵਿੱਚ 'ਆਪ' ਆਗੂ ਵਿਰੁੱਧ ਕਾਰਵਾਈ ਦੀ ਮੰਗ ਕਰਦਿਆਂ ਅਕਾਲੀ ਬੀਬੀਆਂ ਸਮੇਤ ਧਰਨਾ ਦਿੱਤਾ।

ਬੀਬੀਆਂ ਨੇ 'ਆਪ' ਆਗੂ ਦੀ ਰਿਹਾਇਸ਼ ਵੱਲ ਵੀ ਕੂਚ ਕਰਨ ਦਾ ਯਤਨ ਕੀਤਾ, ਪਰ ਮਹਿਲਾ ਪੁਲੀਸ ਦੀ ਸਖ਼ਤੀ ਕਾਰਨ ਉਹ ਅੱਗੇ ਨਹੀਂ ਵਧ ਸਕੀਆਂ। ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਐਲਾਨ ਕੀਤਾ ਕਿ ਜੇਕਰ ਸੁਖਪਾਲ ਸਿੰਘ ਖਹਿਰਾ ਨੇ ਤੁਰੰਤ ਅਸਤੀਫ਼ਾ ਨਾ ਦਿੱਤਾ ਤਾਂ ਉਹ ਆਗਾਮੀ ਸਰਦ ਰੁੱਤ ਸੈਸ਼ਨ ਦੌਰਾਨ ਉਸ ਨੂੰ ਵਿਧਾਨ ਸਭਾ ਅੰਦਰ ਦਾਖ਼ਲ ਨਹੀਂ ਹੋਣ ਦੇਣਗੀਆਂ। ਅਕਾਲੀ ਆਗੂਆਂ ਤੇ ਵਰਕਰਾਂ ਨੇ ਪਾਰਟੀ ਦਫ਼ਤਰ ਤੋਂ ਸ੍ਰੀ ਖਹਿਰਾ ਦੀ ਰਿਹਾਇਸ਼ ਵੱਲ ਮਾਰਚ ਸ਼ੁਰੂ ਕੀਤਾ। ਮਹਿਲਾ ਵਰਕਰਾਂ ਦੇ ਹੱਥਾਂ ਵਿੱਚ ਪੋਸਟਰ ਫੜੇ ਹੋਏ ਸਨ। ਚੰਡੀਗੜ੍ਹ ਪੁਲੀਸ ਨੇ ਉਨ੍ਹਾਂ ਨੂੰ ਰਸਤੇ ਵਿੱਚ ਰੋਕ ਲਿਆ। ਉਨ੍ਹਾਂ ਪੁਲੀਸ ਨਾਕਿਆਂ ਨੂੰ ਵੀ ਪਾਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਫਿਰ 'ਆਪ' ਆਗੂ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦਿਆਂ ਉਸੇ ਥਾਂ 'ਤੇ ਧਰਨੇ 'ਤੇ ਬੈਠ ਗਈਆਂ। ਬੀਬੀ ਜਗੀਰ ਕੌਰ ਨੇ ਕਿਹਾ ਕਿ ਹਾਈ ਕੋਰਟ ਵੱਲੋਂ ਸ੍ਰੀ ਖਹਿਰਾ ਦੀ ਹੇਠਲੀ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਪਾਈ ਰੀਵਿਊ ਪਟੀਸ਼ਨ ਨੂੰ ਰੱਦ ਕੀਤੇ ਜਾਣ ਤੋਂ ਬਾਅਦ 'ਆਪ' ਆਗੂ ਕੋਲ ਅਹੁਦੇ ਉੱਤੇ ਬਣੇ ਰਹਿਣ ਦਾ ਨੈਤਿਕ ਅਧਿਕਾਰ ਨਹੀਂ ਬਚਿਆ ਹੈ। ਉਨ੍ਹਾਂ 'ਆਪ' ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਆਖਦਿਆਂ ਕਿਹਾ ਕਿ ਜੇਕਰ ਉਹ ਸ੍ਰੀ ਖਹਿਰਾ ਨੂੰ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਨਹੀਂ ਹਟਾਉਂਦੇ ਅਤੇ ਉਸ ਦੀ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਰੱਦ ਨਹੀਂ ਕਰਦੇ ਤਾਂ ਇਹੋ ਸਮਝਿਆ ਜਾਵੇਗਾ ਕਿ 'ਆਪ' ਨਸ਼ਾ ਤਸਕਰੀ ਵਾਲੇ ਪੈਸਿਆਂ ਦਾ ਫੰਡ ਲੈਂਦੀ ਸੀ। ਇਕੱਠ ਨੂੰ ਇਸਤਰੀ ਵਿੰਗ ਦੇ ਜਨਰਲ ਸਕੱਤਰ ਬੀਬੀ ਮੰਜੂ ਕੁਰੈਸ਼ੀ, ਮੀਤ ਪ੍ਰਧਾਨ ਰਾਣੀ ਧਾਲੀਵਾਲ, ਜ਼ਿਲ੍ਹਾ ਲੁਧਿਆਣਾ ਦੀ ਪ੍ਰਧਾਨ ਸੁਰਿੰਦਰ ਕੌਰ ਦਿਆਲ, ਜ਼ਿਲ੍ਹਾ ਸੰਗਰੂਰ ਦੀ ਪ੍ਰਧਾਨ ਪਰਮਜੀਤ ਕੌਰ ਵਿਰਕ ਤੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਪ੍ਰਧਾਨ ਸੁਖਦੇਵ ਕੌਰ ਸੱਲ੍ਹਾ ਨੇ ਸੰਬੋਧਨ ਕੀਤਾ।

# ਹਾਈਕੋਰਟ ਵਲੋਂ ਡਰੱਗ ਕੇਸ ਖਹਿਰਾ ਦੀ ਅਰਜ਼ੀ ਖਾਰਿਜ ਕਰ ਦੇਣ ਬਾਅਦ ਰਾਜਸੀ ਵਿਰੋਧੀ ਦੀ ਕਾਵਾਂ-ਰੌਲੀ ਤੇਜ

**ਚੰਡੀਗੜ੍ਹ/ਬਿਊਰੋ ਨਿਊਜ਼:** ਡਰੱਗ ਕੇਸ 'ਚ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੂੰ ਜ਼ੋਰਦਾਰ ਝਟਕਾ ਲੱਗਾ ਜਦੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਉਸ ਨੂੰ ਸਹਿ-ਮੁਲਜ਼ਮ ਵਜੋਂ ਸੰਮਨ ਜਾਰੀ ਕਰਨ ਬਾਰੇ ਹੁਕਮਾਂ ਖ਼ਿਲਾਫ਼ ਪਾਈ ਅਰਜ਼ੀ ਰੱਦ ਕਰ ਦਿੱਤੀ। ਦੂਜੇ ਪਾਸੇ ਰਾਜਸੀ ਵਿਰੋਧੀਆਂ ਨੇ ਖਹਿਰਾ ਵਿਰੁਧ ਹਮਲਾ ਤੇਜ ਕਰਦਿਆਂ ਵਿਰੋਧੀ ਧਿਰ ਨੇਤਾ ਵਜੋਂ ਖਹਿਰਾ ਦੇ ਅਸਤੀਫ਼ੇ ਲਈ ਕਾਵਾਂ-ਰੌਲੀ ਪਾਉਣੀ ਸ਼ੁਰੂ ਕਰ ਦਿੱਤੀ ਹੈ।

ਖਹਿਰਾ ਦੀ ਅਰਜ਼ੀ ਦੀ ਸੁਣਵਾਈ ਕਰਨ ਵਾਲੇ ਹਾਈਕੋਰਟ ਦੇ ਬੈਂਚ ਨੇ ਕਿਹਾ ਕਿ ਦੋਸ਼ੀਆਂ ਅਤੇ ਇਸ ਸਹਿ-ਮੁਲਜ਼ਮ ਦਰਮਿਆਨ ਕਾਲ ਡਿਟੇਲ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਕੇਸ 'ਚ ਫਾਜ਼ਿਲਕਾ ਦੇ ਐਡੀਸ਼ਨਲ ਸੈਸ਼ਨਜ਼ ਜੱਜ ਵੱਲੋਂ ਸ੍ਰੀ ਖਹਿਰਾ ਤੇ ਚਾਰ ਹੋਰਾਂ ਨੂੰ ਸਹਿ-ਮੁਲਜ਼ਮ ਵਜੋਂ ਸੰਮਨ ਜਾਰੀ ਕੀਤੇ ਜਾਣ ਦੇ ਤਕਰੀਬਨ ਮਹੀਨੇ ਬਾਅਦ ਜਸਟਿਸ ਏ ਬੀ ਚੌਧਰੀ ਨੇ ਇਹ ਹੁਕਮ ਸੁਣਾਏ ਹਨ। ਵਧੀਕ ਸੈਸ਼ਨ ਜੱਜ ਨੇ 31 ਅਕਤੂਬਰ ਨੂੰ 10 ਜਣਿਆਂ ਨੂੰ ਦੋਸ਼ੀ ਠਹਿਰਾਉਂਦਿਆਂ ਫ਼ੌਜਦਾਰੀ ਜ਼ਾਬਤੇ ਦੀ ਧਾਰਾ 319 ਤਹਿਤ ਸਹਿ-ਮੁਲਜ਼ਮਾਂ ਨੂੰ ਸੰਮਨ ਜਾਰੀ ਕਰਨ ਦਾ ਫ਼ੈਸਲਾ ਕੀਤਾ ਸੀ। ਜਸਟਿਸ ਚੌਧਰੀ ਨੇ ਕਿਹਾ ਕਿ ਸਰਕਾਰੀ ਵਕੀਲ ਵੱਲੋਂ ਸਾਹਮਣੇ ਲਿਆਂਦੇ ਸਬੂਤਾਂ ਤੇ ਹੇਠਲੀ ਅਦਾਲਤ ਵੱਲੋਂ ਦਿੱਤੇ ਕਾਰਨਾਂ ਨੂੰ ਮਹਿਜ਼ ਮੁਢਲਾ ਕੇਸ ਨਹੀਂ ਮੰਨਿਆ ਜਾ ਸਕਦਾ। ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਦੇਖਦਿਆਂ ਫੋਨ ਕਾਲ ਡਿਲੇਟ ਨੂੰ ਹਲਕੇ 'ਚ ਨਹੀਂ ਲਿਆ ਜਾ ਸਕਦਾ। ਉਨ੍ਹਾਂ ਨੇ ਸਬੰਧਤ ਫ਼ੈਸਲੇ 'ਚ ਵਧੀਕ ਸਰਕਾਰੀ ਵਕੀਲ ਦੇ ਹਵਾਲੇ ਨਾਲ ਕਿਹਾ 'ਪੜਤਾਲ ਦੌਰਾਨ ਇਹ ਸਾਹਮਣੇ ਆਇਆ ਕਿ ਇਸ ਸਾਰੇ ਘਟਨਾਕ੍ਰਮ ਪਿਛੇ ਸਰਗਨਾ ਸੁਖਪਾਲ ਸਿੰਘ ਖਹਿਰਾ ਸੀ।' ਉਨ੍ਹਾਂ ਦੇ ਵਕੀਲ ਨੇ ਇਸ ਮਾਮਲੇ ਨੂੰ 'ਰਾਜਸੀ ਬਦਾਲਖੋਰੀ ਦੀ ਕਲਾਸਿਕ ਉਦਾਹਰਣ ਕਰਾਰ ਦਿੱਤਾ ਸੀ'। ਪਰ ਜਸਟਿਸ ਚੌਧਰੀ ਨੇ ਕਿਹਾ ਕਿ ਉਹ ਇਹ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ ਕਿ ਇਸਤਗਾਸਾ ਉਸ ਪ੍ਰਤੀ ਪੱਖਪਾਤੀ ਨਹੀਂ ਸੀ। ਇਸ ਸਬੰਧੀ ਐਫਆਈਆਰ 5 ਮਾਰਚ, 2015 ਨੂੰ ਦਰਜ ਹੋਈ ਸੀ, ਉਦੋਂ



ਮੌਜੂਦਾ ਸਰਕਾਰ ਸੱਤਾ ਵਿੱਚ ਨਹੀਂ ਸੀ।

ਸ੍ਰੀ ਖਹਿਰਾ ਨੇ ਦਲੀਲ ਦਿੱਤੀ ਸੀ ਕਿ ਕੇਸ ਦੇ ਨਿਬੇੜੇ ਬਾਅਦ ਸਹਿ-ਮੁਲਜ਼ਮ ਵਜੋਂ ਸੰਮਨ ਨਹੀਂ ਕੀਤਾ ਜਾ ਸਕਦਾ। ਜਸਟਿਸ ਚੌਧਰੀ ਨੇ ਹਾਈ ਕੋਰਟ ਦੇ ਇਕ ਫ਼ੈਸਲੇ ਦੇ ਹਵਾਲੇ ਨਾਲ ਕਿਹਾ ਕਿ ਫ਼ੈਸਲਾ ਹੋਣ ਬਾਅਦ ਵੀ ਧਾਰਾ 319 ਤਹਿਤ ਸ਼ਕਤੀ ਵਰਤੀ ਜਾ ਸਕਦੀ ਹੈ। ਪਟੀਸ਼ਨਰਾਂ ਦੇ ਸੀਨੀਅਰ ਵਕੀਲ ਵੱਲੋਂ ਦਿੱਤੇ ਤਰਕ ਕਿ ਹੇਠਲੀ ਅਦਾਲਤ ਨੂੰ ਗ਼ੈਰ-ਜ਼ਮਾਨਤੀ ਵਾਰੰਟ ਨਹੀਂ ਜਾਰੀ ਕਰਨੇ ਚਾਹੀਦੇ ਸਨ, ਨਾਲ ਹਾਈ ਕੋਰਟ ਨੇ ਸਹਿਮਤੀ ਪ੍ਰਗਟਾਈ। ਗ਼ੈਰ-ਜ਼ਮਾਨਤੀ ਵਾਰੰਟਾਂ ਬਾਰੇ ਹੁਕਮ ਨੂੰ ਰੱਦ ਕਰਦਿਆਂ ਜਸਟਿਸ ਚੌਧਰੀ ਨੇ ਪਟੀਸ਼ਨਰ ਨੂੰ ਹੇਠਲੀ ਅਦਾਲਤ ਨੂੰ ਮਾਮਲੇ ਨੂੰ 'ਚ ਅਗਾਊਂ ਜ਼ਮਾਨਤ ਜਾਂ ਪੱਕੀ ਜ਼ਮਾਨਤ ਲਈ ਅਰਜ਼ੀ ਦੇਣ ਦੀ ਖੁੱਲ੍ਹ ਦਿੱਤੀ ਹੈ।

## ਅਕਾਲੀ ਦਲ, ਭਾਜਪਾ ਤੇ ਕਾਂਗਰਸ ਵੱਲੋਂ ਖਹਿਰਾ ਖਿਲਾਫ਼ ਹੱਲਾ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਝਟਕੇ ਬਾਅਦ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਅਕਾਲੀ ਦਲ ਤੇ ਹੋਰ ਵਿਰੋਧੀ ਧਿਰਾਂ ਦੇ ਨਿਸ਼ਾਨੇ 'ਤੇ ਆ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕਾਂਗਰਸ ਪ੍ਰਧਾਨ ਸੁਨੀਲ ਜਾਖੜ ਅਤੇ ਭਾਜਪਾ ਆਗੂਆਂ ਵਿਨੀਤ ਜੋਸ਼ੀ ਤੇ ਹਰਜੀਤ ਸਿੰਘ ਗਰੇਵਾਲ ਨੇ ਸ੍ਰੀ ਖਹਿਰਾ ਖ਼ਿਲਾਫ਼ ਕਾਰਵਾਈ ਦੀ ਮੰਗ ਕਰਦਿਆਂ ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ 'ਤੇ ਵੀ ਨਿਸ਼ਾਨਾ ਸੇਧਿਆ। ਹਾਈ ਕੋਰਟ ਦੇ ਫ਼ੈਸਲੇ ਬਾਅਦ ਆਪ' ਦੀ ਹਾਲਤ ਕਸੂਤੀ ਬਣ ਗਈ ਹੈ ਅਤੇ ਪਾਰਟੀ ਅੰਦਰ ਵੀ ਕਤਾਰਬੰਦੀ ਸ਼ੁਰੂ ਹੋ ਗਈ ਹੈ।

ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੁਖਬੀਰ ਬਾਦਲ ਨੇ ਸ੍ਰੀ ਖਹਿਰਾ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਹਾਈ ਕੋਰਟ ਦੇ ਫ਼ੈਸਲੇ ਬਾਅਦ ਆਪ' ਨੂੰ ਇੱਕ ਦਾਗੀ' ਵਿਅਕਤੀ ਨੂੰ ਅਹਿਮ ਅਹੁਦੇ 'ਤੇ ਨਹੀਂ ਬਿਠਾਉਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਹ ਕੋਈ ਸਿਆਸੀ ਦੋਸ਼ ਨਹੀਂ ਬਲਕਿ ਉਚ ਅਦਾਲਤ ਨੇ ਹੇਠਲੀ ਅਦਾਲਤ ਦੀ ਕਾਰਵਾਈ 'ਤੇ ਮੋਹਰ ਲਾਈ ਹੈ। ਸ੍ਰੀ ਖਹਿਰਾ ਅਤੇ ਉਨ੍ਹਾਂ ਦੇ ਪੀਏ ਤੇ ਪੀਐਸਓ ਦਾ ਫਾਜ਼ਿਲਕਾ ਅਦਾਲਤ ਵੱਲੋਂ ਸੁਣਾਏ ਫੈਸਲੇ 'ਚ 32 ਵਾਰ ਨਾਂ ਬੋਲਿਆ ਹੈ, ਇਸ ਲਈ ਇਹ ਮਾਮਲਾ ਬੇਹੱਦ ਗੰਭੀਰ ਹੈ। ਸ੍ਰੀ ਬਾਦਲ ਨੇ ਦੋਸ਼ ਲਾਇਆ ਕਿ ਸੁਖਪਾਲ ਖਹਿਰਾ ਨੇ ਵਿਧਾਨ ਸਭਾ ਚੋਣਾਂ ਵੇਲੇ ਆਪ' ਨੂੰ ਫੰਡਿੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਹੁਣ ਜਦੋਂ ਸ੍ਰੀ ਖਹਿਰਾ ਖ਼ਿਲਾਫ਼ ਠੋਸ ਸਬੂਤ ਰਿਕਾਰਡ 'ਚ ਮੌਜੂਦ ਹਨ ਤਾਂ ਕਾਂਗਰਸ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਮਾਮਲੇ 'ਚ ਚਲਾਨ ਪੇਸ਼ ਕਰੇ।

# 'ਪਿਤਾ ਜੀ ਖਿਲਾਫ਼ ਝੂਠ ਬੋਲਣ ਲਈ ਦਬਾਅ ਪਾ ਰਿਹੈ ਮਾਮਾ'

## ਖੱਟਾ ਸਿੰਘ ਦੀ ਰਿਸ਼ਤੇਦਾਰ ਸੁਮਿੰਦਰ ਕੌਰ ਨੇ ਲਾਏ ਦੋਸ਼

**ਨਵੀਂ ਦਿੱਲੀ/ਸਿਰਸਾ(ਬਿਊਰੋ ਨਿਊਜ਼):** ਖ਼ੁਦ ਨੂੰ ਡੇਰਾ ਸੱਚਾ ਸੌਦਾ ਦੀ ਸਾਧਵੀ ਤੇ ਡੇਰਾ ਮੁਖੀ ਦੇ ਸਾਬਕਾ ਡਰਾਈਵਰ ਖੱਟਾ ਸਿੰਘ ਦੀ ਭਾਣਜੀ ਦੱਸਣ ਵਾਲੀ ਸੁਮਿੰਦਰ ਕੌਰ ਨੇ ਦੋਸ਼ ਲਾਇਆ ਹੈ ਕਿ ਉਸ ਦਾ ਮਾਮਾ, ਪਿਤਾ ਜੀ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਖ਼ਿਲਾਫ਼ ਝੂਠੇ ਦੋਸ਼ ਲਾਉਣ ਲਈ ਉਸ ਉਪਰ ਦਬਾਅ ਪਾ ਰਿਹਾ ਹੈ। ਉਸ ਨੇ ਕਿਹਾ ਕਿ ਖੱਟਾ ਸਿੰਘ ਪੈਸੇ ਦੇ ਲਾਲਚ 'ਚ ਡੇਰਾ ਮੁਖੀ ਨੂੰ ਬਦਨਾਮ ਕਰ ਰਿਹਾ ਹੈ। ਸੁਮਿੰਦਰ ਕੌਰ ਨੇ ਇੱਥੇ ਇਕ ਪ੍ਰੈੱਸ ਬਿਆਨ 'ਚ ਕਿਹਾ ਕਿ ਉਹ ਡੇਰਾ ਸਿਰਸਾ ਵਿੱਚ 16 ਸਾਲ ਬਤੌਰ ਸਾਧਵੀ ਰਹੀ ਅਤੇ ਇਸ ਸਾਲ 25 ਅਪਰੈਲ ਨੂੰ ਆਪਣੀ ਮਰਜ਼ੀ ਨਾਲ ਡੇਰਾ ਛੱਡ ਕੇ ਆਪਣੇ ਪਿੰਡ ਆ ਗਈ। 25 ਅਗਸਤ ਦੀ ਘਟਨਾ ਮਗਰੋਂ ਖੱਟਾ ਸਿੰਘ ਨੇ ਉਸ ਨੂੰ ਡੇਰੇ ਅਤੇ ਡੇਰਾ ਮੁਖੀ ਖ਼ਿਲਾਫ਼ ਝੂਠੇ ਦੋਸ਼ ਲਾਉਣ ਲਈ ਕਿਹਾ। ਜਦੋਂ ਉਹ ਨਹੀਂ ਮੰਨੀ ਤਾਂ ਉਸ ਨੂੰ ਡਰਾਇਆ ਧਮਕਾਇਆ ਗਿਆ। ਜਦੋਂ ਉਸ ਨੂੰ ਪਤਾ ਲੱਗਾ ਕਿ ਉਹਨੂੰ ਗਾਇਬ ਕਰਾਉਣ ਜਾਂ ਹੱਤਿਆ ਕਰਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ ਤਾਂ ਉਹ ਮੌਕਾ ਵੇਖ ਕੇ ਭੱਜ ਆਈ। ਉਸ ਨੇ ਦਾਅਵਾ ਕੀਤਾ ਕਿ ਖੱਟਾ ਸਿੰਘ ਦੇ ਬੰਦੇ ਉਸ ਦੀ ਹੱਤਿਆ ਕਰ ਸਕਦੇ ਹਨ। ਉਸ ਨੇ ਖੱਟਾ ਸਿੰਘ 'ਤੇ ਨਸ਼ਾ ਤਸਕਰੀ ਦਾ ਦੋਸ਼ ਵੀ ਲਾਇਆ।

ਉਸ ਨੇ ਮੰਗ ਕੀਤੀ ਕਿ ਖੱਟਾ ਸਿੰਘ ਦਾ ਨਾਰਕੋ ਟੈਸਟ ਕਰਵਾਇਆ ਜਾਵੇ, ਜਿਸ ਨਾਲ ਪੂਰੀ ਸੱਚਾਈ ਸਾਹਮਣੇ ਆ ਜਾਵੇਗੀ। ਯਾਦ ਰਹੇ ਕਿ ਇਹ ਖੁਲਾਸਾ ਉਸ ਵੇਲੇ ਹੋਇਆ ਹੈ ਜਦੋਂ ਖੱਟਾ ਸਿੰਘ ਨੇ ਪੱਤਰਕਾਰ ਰਾਮ ਚੰਦਰ ਛੱਤਰਪਤੀ ਤੇ ਸਾਬਕਾ ਡੇਰਾ ਪ੍ਰਬੰਧਕ ਰਣਜੀਤ ਸਿੰਘ ਦੇ ਮਾਮਲੇ ਵਿੱਚ ਅਦਾਲਤ ਵਿੱਚ ਗਵਾਹ ਵਜੋਂ ਪੇਸ਼ ਹੋਣ ਦੀ ਅਰਜ਼ੀ ਦਿੱਤੀ ਹੋਈ ਹੈ। ਰਾਮ ਚੰਦਰ ਅਤੇ ਰਣਜੀਤ ਸਿੰਘ ਦੇ ਕਤਲਾਂ ਦੇ ਕੇਸ ਆਖਰੀ ਪੜਾਅ 'ਤੇ ਹਨ। ਡੇਰਾ ਮੁਖੀ ਦੇ ਸਾਬਕਾ ਡਰਾਈਵਰ ਖੱਟਾ ਸਿੰਘ ਨੇ ਸੁਮਿੰਦਰ ਕੌਰ ਵੱਲੋਂ ਲਾਏ ਦੋਸ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਉਹ ਨਾਰਕੋ ਟੈਸਟ ਲਈ ਤਿਆਰ ਹੈ ਬਸ਼ਰਤੇ ਡੇਰਾ ਪ੍ਰਮੁੱਖ ਦਾ ਨਾਰਕੋ ਟੈਸਟ ਵੀ ਨਾਲ ਹੋਵੇ ਤਾਂ ਕਿ ਸੱਚਾਈ ਸਾਹਮਣੇ ਆ ਸਕੇ। ਉਨ੍ਹਾਂ ਕਿਹਾ ਕਿ ਸੁਮਿੰਦਰ ਕੌਰ ਡੇਰੇ ਦੇ ਲੋਕਾਂ ਦੇ ਆਖੇ ਲੱਗ ਅਜਿਹੇ ਦੋਸ਼ ਲਾ ਰਹੀ ਹੈ।

# ਕੇਜਰੀਵਾਲ ਖਹਿਰਾ ਨੂੰ ਆਮ ਆਦਮੀ ਪਾਰਟੀ ਵਿਚੋਂ ਕੱਢੇ-ਬੀਬੀ ਜਾਗੀਰ ਕੌਰ

**ਜਲੰਧਰ/ਬਿਊਰੋ ਨਿਊਜ਼:**

ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਵਿਰੁਧ ਨਸ਼ਿਆਂ ਦੇ ਮਾਮਲੇ ਸਬੰਧੀ ਫਾਜ਼ਿਲਕਾ ਅਦਾਲਤ ਵਿੱਚ ਪੇਸ਼ ਹੋਣ ਦੇ ਕੀਤੇ ਸੰਮਨ ਦੇ ਮਾਮਲੇ ਤੋਂ ਭੜਕੀਆਂ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਨੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੋਂ ਮੰਗ ਕੀਤੀ ਹੈ ਕਿ ਖਹਿਰਾ ਨੂੰ ਤੁਰੰਤ ਪਾਰਟੀ ਵਿੱਚੋਂ ਬਾਹਰ ਕੱਢਿਆ ਜਾਵੇ। ਸੁਖਪਾਲ ਸਿੰਘ ਖਹਿਰਾ ਦੀ ਰਵਾਇਤੀ ਵਿਰੋਧੀ ਆਗੂ ਬੀਬੀ ਜਗੀਰ ਕੌਰ ਨੇ ਤਿੱਖਾ ਹੱਲਾ ਬੋਲਦਿਆਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਆਗੂ ਖ਼ਿਲਾਫ਼ ਨਸ਼ਿਆਂ ਦੇ ਕਾਰੋਬਾਰ ਵਿੱਚ ਫਸੇ ਹੋਣ ਦੇ ਲੱਗੇ ਦੋਸ਼ਾਂ ਦੇ ਮਾਮਲੇ ਵਿੱਚ ਅਦਾਲਤ ਵਿੱਚ ਪੇਸ਼ ਹੋਣ ਲਈ ਹਾਈ ਕੋਰਟ ਨੇ ਵੀ ਕਹਿ ਦਿੱਤਾ ਹੈ ਤਾਂ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਚਾਹੀਦਾ ਹੈ ਕਿ ਖਹਿਰਾ ਜਿਹੇ ਦਾਗੀ ਆਗੂ ਨੂੰ ਪਾਰਟੀ ਵਿੱਚੋਂ ਤੁਰੰਤ ਬਾਹਰ ਕੱਢਣ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਪੁਲੀਸ ਖਹਿਰਾ ਨੂੰ ਬਿਨਾਂ ਦੇਰੀ ਗ੍ਰਿਫ਼ਤਾਰ ਕਰੇ ਅਤੇ ਸਖ਼ਤੀ ਨਾਲ ਪੁੱਛ-ਪੜਤਾਲ ਕਰੇ ਤਾਂ ਜੋ ਨਸ਼ਿਆਂ ਦੇ ਗੁੱਝੇ ਭੇਤ ਬਾਹਰ ਆ ਸਕਦੇ ਹਨ। ਬੀਬੀ ਨੇ ਦਾਅਵਾ ਕੀਤਾ ਕਿ ਦਾਰਾ ਮੁੱਠਡਾ ਦੀ ਖਹਿਰਾ ਨਾਲ ਨੇੜਤਾ ਬਾਰੇ ਸਭ ਜਾਣਦੇ ਹਨ ਕਿ ਕਿਵੇਂ ਉਹ ਖਹਿਰਾ ਦੀਆਂ ਚੋਣਾਂ ਵਿੱਚ ਆ ਕੇ ਮੱਦਦ ਕਰਦਾ ਸੀ। ਉਨ੍ਹਾਂ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਸਾਬਕਾ ਕਾਂਗਰਸੀ ਹੋਣ ਕਾਰਨ ਖਹਿਰਾ ਨੂੰ ਬਚਾਅ ਰਹੀ ਹੈ। ਬੀਬੀ ਜਗੀਰ ਕੌਰ ਨੇ ਦਾਅਵਾ ਕੀਤਾ ਕਿ ਹਲਕਾ ਭੁੱਲਥ ਵਿੱਚ ਨਸ਼ਿਆਂ ਤੇ ਖਾਸ ਕਰਕੇ ਚਿੱਟੇ ਦਾ ਦੌਰ ਕੈਪਟਨ ਦੀ ਪਿਛਲੀ ਸਰਕਾਰ ਸਮੇਂ ਤੋਂ ਸ਼ੁਰੂ ਹੋ ਗਿਆ ਸੀ। ਭਾਜਪਾ ਦੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਨੂੰ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੂਜੀਆਂ ਪਾਰਟੀਆਂ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਣ ਵਾਲੇ ਖਹਿਰਾ ਨੂੰ ਚਾਹੀਦਾ ਹੈ ਕਿ ਉਹ ਇਸ ਅਹੁਦੇ ਤੋਂ ਆਪੇ ਹੀ ਲਾਂਭੇ ਹੋ ਜਾਣ। ਉਧਰ ਕਾਂਗਰਸ ਦੇ ਆਗੂ ਰਣਜੀਤ ਸਿੰਘ ਰਾਣਾ ਨੇ ਵੀ ਖਹਿਰਾ ਤੋਂ ਅਸਤੀਫਾ ਮੰਗਿਆ ਹੈ।




## ਬੀਬੀ ਬਣਨਾ ਚਾਹੁੰਦੀ ਹੈ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਰਹੀ ਬੀਬੀ ਜਗੀਰ ਕੌਰ ਨੇ ਲੁਕਵੇਂ ਜਿਹੇ ਢੰਗ ਨਾਲ ਮੁੜ ਪ੍ਰਧਾਨਗੀ ਲੈਣ ਦੀ ਇੱਛਾ ਜ਼ਾਹਰ ਕਰਦਿਆਂ ਕਿਹਾ ਕਿ ਜੇ ਪਾਰਟੀ ਉਨ੍ਹਾਂ ਨੂੰ ਇਹ ਸੇਵਾ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ ਤਾਂ ਉਹ ਬਿਲਕੁਲ ਤਿਆਰ ਹਨ। ਇਹ ਟਿੱਪਣੀ ਉਨ੍ਹਾਂ 29 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ ਹੋ ਰਹੀ ਚੋਣ ਲਈ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਕੀਤੀ।

## ਜੱਗੀ ਜੌਹਲ ਦੇ ਮਾਮਲੇ ਭੁੰਨ-ਵੱਟਾ ਬਣਨ ਵਾਲੇ ਸਿੱਖ ਸੰਸਦ ਮੈਂਬਰ ਢੇਸੀ ਨੂੰ ਆੜੇ-ਹੱਥੀਂ ਲਿਆ

**ਲੰਡਨ/ਬਿਊਰੋ ਨਿਊਜ਼,** ਬਰਤਾਨੀਆ 'ਚ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵੱਲੋਂ ਪੰਜਾਬ 'ਚ ਫੜੇ ਗਏ ਜਗਤਾਰ ਸਿੰਘ ਜੌਹਲ ਸਮੇਤ ਸਿੱਖਾਂ ਨਾਲ ਸਬੰਧਤ ਮੁੱਦਿਆਂ ਦੀ ਆਵਾਜ਼ ਬੁਲੰਦ ਨਾ ਕਰਨ ਤੋਂ ਨਾਰਾਜ਼ ਕੁਝ ਵਿਅਕਤੀਆਂ ਨੇ ਆਨਲਾਈਨ ਉਨ੍ਹਾਂ ਦੀ ਲਾਹ-ਪਾਹ ਕਰਦਿਆਂ ਧਮਕੀ ਵੀ ਦਿੱਤੀ ਹੈ। ਸਲੋਹ ਤੋਂ ਜੂਨ 'ਚ ਲੇਬਰ ਪਾਰਟੀ ਦੇ ਸੰਸਦ ਮੈਂਬਰ ਬਣੇ ਚੁਣੇ ਗਏ ਸ੍ਰੀ ਢੇਸੀ 'ਤੇ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਭਾਰਤ 'ਚ ਗ੍ਰਿਫ਼ਤਾਰ ਕੀਤੇ ਗਏ ਬ੍ਰਿਟਿਸ਼ ਸਿੱਖ ਵਿਅਕਤੀ ਦੇ ਮਾਮਲੇ ਨੂੰ ਅਣਗੌਲਿਆਂ ਕਰ ਦਿੱਤਾ। 'ਦਿ ਸਨ' ਦੀ ਰਿਪੋਰਟ ਮੁਤਾਬਕ ਸ੍ਰੀ ਢੇਸੀ ਖ਼ਿਲਾਫ਼ ਆਨਲਾਈਨ ਭੜਾਸ ਕੱਢਣ ਦਾ ਸਿਲਸਿਲਾ ਉਸ ਸਮੇਂ ਸ਼ੁਰੂ ਹੋਇਆ ਜਦੋਂ ਸੰਸਦ 'ਚ ਉਨ੍ਹਾਂ ਆਪਣੇ ਹਲਕੇ 'ਚ ਰੇਲ ਲਿੰਕ ਬਾਰੇ ਸਵਾਲ ਕੀਤਾ। ਰਿਪੋਰਟ ਮੁਤਾਬਕ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਜਗਤਾਰ ਸਿੰਘ ਦਾ ਮਾਮਲਾ ਉਠਾਉਣਾ ਚਾਹੀਦਾ ਸੀ। ਸੰਸਦ ਮੈਂਬਰ ਨੂੰ ਲਿਖੀ ਇਕ ਟਿੱਪਣੀ 'ਚ ਕਿਹਾ ਗਿਆ,"ਸਿੱਖ ਬ੍ਰਿਟਿਸ਼ ਨਾਗਰਿਕ ਨੂੰ ਪੰਜਾਬ 'ਚ ਤਸੀਹੇ ਦਿੱਤੇ ਜਾ ਰਹੇ ਹਨ ਅਤੇ ਤੁਹਾਨੂੰ ਰੇਲ ਬਾਰੇ ਫਿਕਰ ਹੈ। ਅਖੌਤੀ ਸਿੱਖ ਤੈਨੂੰ ਤਾਂ ਮੂੰਹ 'ਤੇ ਚਪੇੜਾਂ ਪੈਣੀਆਂ ਚਾਹੀਦੀਆਂ ਹਨ।"

ਸ੍ਰੀ ਢੇਸੀ ਨੇ ਫੇਸਬੁੱਕ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਜਗਤਾਰ ਸਿੰਘ ਦੇ ਮਾਮਲੇ ਨੂੰ ਉਭਾਰਿਆ ਹੈ ਅਤੇ ਉਹ ਲਗਾਤਾਰ ਇਸ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਇਕੱਲੇ ਸਿੱਖਾਂ ਦੇ ਨੁਮਾਇੰਦੇ ਨਹੀਂ ਹਨ ਜੋ ਸਿਰਫ਼ ਸਿੱਖਾਂ ਦੇ ਮੁੱਦੇ 'ਤੇ ਹੀ ਬੋਲਣ।

# ਜਗਤਾਰ ਸਿੰਘ ਜੱਗੀ ਦੀ ਫੌਰੀ ਰਿਹਾਈ ਲਈ ਮੁਜ਼ਾਹਰਾ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਮਨੁੱਖੀ ਅਧਿਕਾਰਾਂ ਦੇ ਮੁੱਦਈ ਨੌਜਵਾਨਾਂ ਤੇ ਹੋਰਨਾਂ ਨੇ ਯੂ.ਕੇ. ਦੇ ਨਾਗਰਿਕ ਜਗਤਾਰ ਸਿੰਘ ਜੱਗੀ ਦੀ ਫੌਰੀ ਰਿਹਾਈ ਲਈ ਅੰਮ੍ਰਿਤਸਰ 'ਚ ਸ਼ਾਂਤਮਈ ਵਿਖਾਵਾ ਕਰਕੇ ਪੰਜਾਬ ਪੁਲੀਸ ਦੀਆਂ ਸਿੱਖ ਵਿਰੋਧੀ ਕਾਰਵਾਈਆਂ ਦੀ ਕਰੜੀ ਨਿਖੇਧੀ ਕੀਤੀ। ਵਰਨਣਯੋਗ ਹੈ ਕਿ ਪੰਜਾਬ ਵਿਚ ਬੀਤੇ ਸਮੇਂ ਦੌਰਾਨ ਹੋਏ ਚੋਣਵੇਂ ਕਤਲਾਂ ਦੇ ਮਾਮਲਿਆਂ ਵਿੱਚ ਸਕਾਟਲੈਂਡ ਵਾਸੀ ਜਗਤਾਰ ਸਿੰਘ ਜੱਗੀ ਨੂੰ ਪੰਜਾਬ ਪੁਲਿਸ ਵਲੋਂ 4 ਨਵੰਬਰ ਨੂੰ ਜਲੰਧਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਜੱਗੀ ਦੀ ਫੌਰੀ ਰਿਹਾਈ ਲਈ ਕੌਮਾਂਤਰੀ ਪੱਧਰ 'ਤੇ ਉਠ ਰਹੀ ਪੰਥਕ ਜਥੇਬੰਦੀਆਂ ਅਤੇ ਮਨੁਖੀ ਅਧਿਕਾਰਾਂ ਦੇ ਰਖਵਾਲਿਆਂ ਦੀ ਅਵਾਜ਼ ਨੇ ਬੀਤੇ ਦਿਨ ਅੰਮ੍ਰਿਤਸਰ ਵਿਖੇ ਦਸਤਕ ਦਿੱਤੇ। ਦੇਰ ਸ਼ਾਮ ਕਰੀਬ ਤਿੰਨ ਦਰਜਨ ਨੌਜਵਾਨਾਂ ਨੇ ਸਥਾਨਕ ਚੌਂਕ ਫਵਾਰਾ ਵਿਖੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਲਾਗੇ ਖਲੋ ਕੇ ਜੱਗੀ ਦੀ ਰਿਹਾਈ ਲਈ ਸ਼ਾਂਤਮਈ ਵਿਖਾਵਾ ਕੀਤਾ। ਹੱਥਾਂ ਵਿਚ ਜੱਗੀ ਨੂੰ ਰਿਹਾਅ ਕਰੋ ਦੇ ਨਾਅਰਿਆਂ ਵਾਲੇ ਪੋਸਟਰ ਅਤੇ ਵੱਡੇ ਫਲੈਕਸ ਬੈਨਰ ਲੈਕੇ ਇਹ ਨੌਜਵਾਨ ਕਰੀਬ ਅੱਧਾ ਘੰਟਾ ਖੜ੍ਹੇ ਹੋਏ। ਨੌਜਵਾਨਾਂ ਨੇ ਅਜਿਹੇ ਹੱਥ ਲਿਖਤ ਬੈਨਰ ਰਾਹ ਲੰਘਦੇ ਵਿਦੇਸ਼ੀ ਯਾਤਰੂਆਂ ਨੂੰ ਵੀ ਵੰਡੇ।



## ਜਗਤਾਰ ਸਿੰਘ ਜੱਗੀ 'ਤੇ ਤਸ਼ੱਦਦ ਦੀਆਂ ਖ਼ਬਰਾਂ ਸੁਣ ਕੇ ਮਨ ਦੁਖੀ ਹੈ: ਦਿਲਜੀਤ ਦੋਸਾਂਝ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਪੰਜਾਬੀ ਗਾਇਕ ਤੋਂ ਅਦਾਕਾਰ ਬਣੇ ਦਿਲਜੀਤ ਦੋਸਾਂਝ ਨੇ ਕੱਲ੍ਹ (19 ਨਵੰਬਰ, 2017) ਸਕਾਟਿਸ਼/ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ 'ਤੇ ਹੋਰ ਰਹੇ ਤਸ਼ੱਦਦ ਦੀਆਂ ਖ਼ਬਰਾਂ 'ਤੇ ਚਿੰਤਾ ਜਾਹਰ ਕੀਤੀ ਹੈ। ਦਿਲਜੀਤ ਦੋਸਾਂਝ ਨੇ ਸੋਸ਼ਲ ਨੈਟਵਰਕਿੰਗ ਸਾਈਟ ਫੇਸਬੁਕ ਅਤੇ ਟਵਿਟਰ 'ਤੇ ਕਿਹਾ ਕਿ ਪੰਜਾਬ 'ਚ ਜਗਤਾਰ ਸਿੰਘ ਜੌਹਲ ਦੀ ਗ੍ਰਿਫਤਾਰ ਤੋਂ ਬਾਅਦ ਉਸਨੂੰ ਦਿੱਤੀਆਂ ਜਾ ਰਹੀਆਂ ਤਕਲੀਫਾਂ ਦੀਆਂ ਖ਼ਬਰਾਂ ਸੁਣ ਕੇ ਮਨ ਬਹੁਤ ਦੁਖੀ ਹੈ। ਦਿਲਜੀਤ ਦੋਸਾਂਝ ਨੇ ਕਿਹਾ ਕਿ ਜੋ ਵੀ ਉਸ 'ਤੇ ਦੋਸ਼ ਲੱਗੇ ਹਨ, ਹਰੇਕ ਨੂੰ ਨਿਰਪੱਖ ਟ੍ਰਾਇਲ ਦਾ ਹੱਕ ਹੈ।



# ਆਸਟ੍ਰੇਲੀਆ 'ਚ ਸਿੱਖਾਂ ਨੇ ਜਗਤਾਰ ਸਿੰਘ ਜੱਗੀ ਦੇ ਮਾਮਲੇ 'ਚ ਭਾਰਤੀ ਹਾਈ ਕਮਿਸ਼ਨਰ ਨੂੰ ਘੇਰਿਆ

**ਵਿਕਟੋਰੀਆ, ਆਸਟ੍ਰੇਲੀਆ/ਸਿੱਖ ਸਿਆਸਤ ਬਿਊਰੋ:** ਆਸਟ੍ਰੇਲੀਆ 'ਚ ਭਾਰਤੀ ਹਾਈ ਕਮਿਸ਼ਨਰ ਅਤੇ ਮੈਲਬਰਨ ਸਥਿਤ ਕੌਂਸਲੇਟ ਜਨਰਲ ਨੂੰ ਸ਼ਨੀਵਾਰ 18 ਨਵੰਬਰ, 2017 ਨੂੰ ਉਸ ਵੇਲੇ ਸਿੱਖ ਸੰਗਤ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਜਦੋਂ ਉਹ ਆਸਟ੍ਰੇਲੀਆ ਦੇ ਵਿਕਟੋਰੀਆ ਸੂਬੇ ਦੇ ਟਰਨੇਟ ਇਲਾਕੇ ਦੇ ਗੁਰਦੁਆਰਾ ਸਾਹਿਬ ਆਇਆ ਸੀ। ਭਾਰਤੀ ਹਾਈ ਕਮਿਸ਼ਨਰ ਡਾ. ਏ.ਐਮ. ਗੌਂਡੇਨ ਅਤੇ ਮੈਲਬਰਨ ਸਥਿਤ ਭਾਰਤੀ ਕੌਂਸਲੇਟ ਜਨਰਲ ਸ੍ਰੀਮਤੀ ਮਨਿਕਾ ਜੈਨ ਨੂੰ ਸਿੱਖ ਸੰਗਤ ਨੇ ਭਾਰਤੀ ਪੁਲਿਸ ਵਲੋਂ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ ਜੱਗੀ ਦੀ ਗ੍ਰਿਫਤਾਰੀ ਅਤੇ ਉਸ 'ਤੇ ਪੰਜਾਬ ਪੁਲਿਸ ਵਲੋਂ ਕੀਤੇ ਜਾ ਰਹੇ ਤਸ਼ੱਦਦ ਬਾਰੇ ਤਿੱਖੇ ਸਵਾਲ ਕੀਤੇ। ਪ੍ਰਦਰਸ਼ਨਕਾਰੀ, ਜਿਨ੍ਹਾਂ ਵਿਚ ਜ਼ਿਆਦਾਤਰ ਨੌਜਵਾਨ ਸੀ, ਨੇ ਕਿਹਾ ਕਿ ਭਾਰਤੀ ਅਧਿਕਾਰੀਆਂ ਗੁਰਦੁਆਰਾ ਸਾਹਿਬ ਆ ਸਕਦੇ ਹਨ ਪਰ ਸੰਗਤ ਦੇ ਰੂਪ ਵਿਚ, ਉਨ੍ਹਾਂ ਨੂੰ ਕੋਈ ਖਾਸ ਮਾਣ-ਸਤਿਕਾਰ ਨਹੀਂ ਦਿੱਤਾ ਜਾਣਾ ਚਾਹੀਦਾ। ਉਨ੍ਹਾਂ ਨੇ ਭਾਰਤ ਵਿਚ ਸਿੱਖਾਂ ਨਾਲ ਹੁੰਦੇ ਮਾੜੇ ਵਿਵਹਾਰ ਦੇ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਪ੍ਰਦਰਸ਼ਨਕਾਰੀ ਨੇ ਦੋਸ਼ ਲਾਇਆ ਕਿ ਪੰਜਾਬ ਵਿਚ ਭਾਰਤੀ ਅਧਿਕਾਰੀ ਜਾਗਰੂਪ ਅਤੇ ਸਰਗਰਮ ਸਿੱਖ ਨੌਜਵਾਨਾਂ ਦੀ ਸੂਚੀ ਬਣਾ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਮੈਲਬਰਨ ਆਧਾਰਤ ਪੰਜਾਬੀ ਰੇਡੀਓ ਨੇ ਇਸਦਾ ਸਿੱਧਾ ਪ੍ਰਸਾਰਣ ਵੀ ਕੀਤਾ। ਭਾਰਤੀ ਅਧਿਕਾਰੀਆਂ ਵਲੋਂ ਸਪੱਸ਼ਟੀਕਰਨ ਦੇਣ ਦੀ ਪੇਸ਼ਕਸ਼ ਵੀ ਕੀਤੀ ਗਈ। ਪਰ ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਭਾਰਤੀ ਅਧਿਕਾਰੀ ਭਾਰਤ ਵਿਚ ਸਿੱਖ ਨੌਜਵਾਨਾਂ ਨਾਲ ਹੋ ਰਹੇ ਤਸ਼ੱਦਦ 'ਤੇ ਅੱਖਾਂ ਮੀਟੀ ਬੈਠੇ ਹਨ, ਖਾਸ ਕਰਕੇ ਜਗਤਾਰ ਸਿੰਘ ਜੱਗੀ ਦੇ ਮਾਮਲੇ 'ਚ।

## ਜੱਗੀ ਜੌਹਲ ਦਾ ਮਾਮਲਾ ਬਰਤਾਨਵੀ ਸੰਸਦ 'ਚ ਗੂੰਜਿਆ

*ਸਫ਼ਾ ਇਕ ਦਾ ਬਾਕੀ*

ਦਾ ਸ਼ਿਕਾਰ ਬਣਾਇਆ ਗਿਆ ਤਾਂ ਸਰਕਾਰ ਵੱਲੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੰਤਰੀ ਨੇ ਦੱਸਿਆ ਕਿ ਬਰਤਾਨੀਆ ਦੇ ਡਿਪਟੀ ਹਾਈ ਕਮਿਸ਼ਨਰ ਨੇ ਜੌਹਲ ਨਾਲ ਮੁਲਾਕਾਤ ਦਾ ਰਾਹ ਪੱਧਰਾ ਕਰ ਲਿਆ ਹੈ।

ਜੱਗੀ ਜੌਹਲ ਦੇ ਸੰਸਦੀ ਹਲਕੇ ਪੱਛਮੀ ਡਨਬਾਰਟਨ ਸ਼ਾਇਰ ਦੇ ਐਮਪੀ ਮਾਰਟਿਨ ਡੋਖ਼ਰਟੀ ਹਿਊਜ ਨੇ ਮੰਗ ਕੀਤੀ ਕਿ ਵਿਦੇਸ਼ ਅਤੇ ਕਾਮਨਵੈਲਥ ਮਾਮਲਿਆਂ ਦੇ ਮੰਤਰੀ ਸੰਸਦ ਵਿੱਚ ਆ ਕੇ ਜੱਗੀ 'ਤੇ ਕੀਤੇ ਗਏ ਅਣਮਨੁੱਖੀ ਤਸ਼ੱਦਦ ਸਬੰਧੀ ਬਿਆਨ ਦੇਣ।

ਇਹ ਵੀ ਦੱਸਿਆ ਜਾਵੇ ਕਿ ਜਦੋਂ ਜੱਗੀ ਜੌਹਲ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ ਤਾਂ ਕਿ ਉਸ ਨੂੰ ਬ੍ਰਿਟਿਸ਼ ਹਾਈ ਕਮਿਸ਼ਨ ਵੱਲੋਂ ਸਹਾਇਤਾ ਦਿੱਤੀ ਗਈ ਸੀ ? ਇੰਗਲੈਂਡ ਦੀ ਪਹਿਲੀ ਸਿੱਖ ਸੰਸਦ ਮੈਂਬਰ ਬਣੀ ਪ੍ਰੀਤੀ ਗਿੱਲ ਨੇ ਸਰਬ ਪਾਰਟੀ ਗੁਰਪ ਵੱਲੋਂ ਵਿਦੇਸ਼ ਸਕੱਤਰ ਨੂੰ ਲਿਖੇ ਸਾਂਝੇ ਪੱਤਰ ਵਿੱਚ ਇੰਗਲੈਂਡ ਸਰਕਾਰ ਨੂੰ ਸਵਾਲ ਕੀਤਾ ਹੈ ਕਿ ਜਗਤਾਰ ਸਿੰਘ ਜੱਗੀ 'ਤੇ ਭਾਰਤ ਦੀਆਂ ਏਜੰਸੀਆਂ ਵੱਲੋਂ ਇਕ ਸਾਲ ਤੋਂ ਨਜ਼ਰਾਂ ਰੱਖਣ ਬਾਰੇ ਕੀ ਇਸ ਭਾਰਤ ਸਰਕਾਰ ਨੇ ਬ੍ਰਿਟੇਨ ਸਰਕਾਰ ਨਾਲ ਕੋਈ ਜਾਣਕਾਰੀ ਸਾਂਝੀ ਕੀਤੀ ਸੀ ? ਪ੍ਰੀਤੀ ਗਿੱਲ ਨੇ ਕਿਹਾ ਕਿ ਭਾਰਤ ਅਤੇ ਇੰਗਲੈਂਡ ਵਿੱਚ ਸੂਹੀਆ ਗੱਲਾਂ ਨੂੰ ਸਾਂਝਿਆ ਕਰਨ ਦੀ ਸਹਿਮਤੀ ਹੈ ਕਿਉਂਕਿ ਦੋਵੇ ਦੇਸ਼ ਅਤਿਵਾਦ ਤੋਂ ਪੀੜਤ ਹਨ।

ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਦੋਂ ਜੱਗੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤਾਂ ਘੱਟੋ ਘੱਟ ਭਾਰਤ ਸਰਕਾਰ ਵੱਲੋਂ ਉਦੋਂ ਹੀ ਇਸ ਦੀ ਸੂਚਨਾ ਯੂਕੇ ਸਰਕਾਰ ਨੂੰ ਦੇਣੀ ਚਾਹੀਦੀ ਸੀ। ਇਨ੍ਹਾਂ ਐਮਪੀਜ਼ ਦੇ ਗਰੁੱਪ ਨੇ ਕਿਹਾ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਹੈ ਪਰ ਜੱਗੀ ਨੂੰ ਅਦਾਲਤ ਵਿੱਚ ਪੇਸ਼ ਕਰਨ ਸਮੇਂ ਨਾ ਤਾਂ ਉਸ ਦੇ ਵਕੀਲ ਅਤੇ ਨਾ ਹੀ ਬ੍ਰਿਟਿਸ਼ ਹਾਈ ਕਮਿਸ਼ਨ ਦੇ ਅਧਿਕਾਰੀ ਨੂੰ ਮਿਲਣ ਦਿੱਤਾ ਗਿਆ। ਸਕੌਟਲੈਂਡ ਦੇ ਡਨਬਾਰਟਨ ਨਾਲ ਸਬੰਧਤ ਜੱਗੀ ਜੌਹਲ ਇਸ ਵੇਲੇ ਜੇਲ੍ਹ ਵਿੱਚ ਹੈ। ਉਸ ਨੂੰ ਪੰਜਾਬ ਵਿੱਚ ਹੋਏ ਸਿਆਸੀ ਕਤਲਾਂ ਵਿੱਚ ਕਥਿਤ ਸ਼ਮੂਲੀਅਤ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ।

### ਸਿੱਖਾਂ ਵਲੋਂ ਜਗਤਾਰ ਸਿੰਘ ਜੌਹਲ ਦੀ ਰਿਹਾਈ ਲਈ ਲੰਡਨ 'ਚ ਮੁਜ਼ਾਹਰਾ

ਜਗਤਾਰ ਸਿੰਘ ਜੌਹਲ ਦੀ ਗ੍ਰਿਫ਼ਤਾਰੀ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਬੁਲਾਰਿਆਂ ਨੇ ਕਿਹਾ ਕਿ ਜਗਤਾਰ ਸਿੰਘ ਦੀ ਗ੍ਰਿਫ਼ਤਾਰੀ ਨਾਜਾਇਜ਼ ਤੌਰ 'ਤੇ ਹੋਈ ਹੈ।

ਵੱਡੀ ਗਿਣਤੀ ਵਿੱਚ ਸਿੱਖ ਜਥੇਬੰਦੀਆਂ ਦੇ ਆਗੂਆਂ, ਜੱਗੀ ਦੇ ਰਿਸ਼ਤੇਦਾਰਾਂ ਤੇ ਹੋਰਾਂ ਨੇ ਵਿਦੇਸ਼ ਸਕੱਤਰ ਅਤੇ ਕਾਮਨਵੈਲਥ ਦਫ਼ਤਰ ਦੇ ਬਾਹਰ ਮੁਜ਼ਾਹਰਾ ਕਰਨ ਮੌਕੇ ਜੱਗੀ ਦੀ ਰਿਹਾਈ ਦੀ ਜ਼ੋਰਦਾਰ ਮੰਗ ਕੀਤੀ। ਉਨ੍ਹਾਂ ਪੰਜਾਬ ਪੁਲੀਸ ਵੱਲੋਂ ਕੀਤੇ ਗਏ ਅਣਮਨੁੱਖੀ ਵਤੀਰੇ ਦੀ ਨਿੰਦਾ ਕੀਤੀ।

### 'ਆਪ' ਆਗੂਆਂ ਤੇ ਦਿਲਜੀਤ ਦੁਸਾਂਝ ਨੇ ਚਿੰਤਾ ਪ੍ਰਗਟਾਈ

**ਚੰਡੀਗੜ੍ਹ:** 'ਆਪ' ਆਗੂ ਭਗਵੰਤ ਮਾਨ ਅਤੇ ਵਿਧਾਇਕ ਕੰਵਰ ਸੰਧੂ ਅਤੇ ਗਾਇਕ ਦਿਲਜੀਤ ਦੁਸਾਂਝ ਨੇ ਪੰਜਾਬ ਪੁਲੀਸ ਵੱਲੋਂ ਜੱਗੀ ਜੌਹਲ 'ਤੇ ਕਥਿਤ ਤਸ਼ੱਦਦ ਕੀਤੇ ਜਾਣ ਦੀਆਂ ਰਿਪੋਰਟਾਂ 'ਤੇ ਚਿੰਤਾ ਪ੍ਰਗਟਾਈ ਹੈ। ਜ਼ਿਕਰਯੋਗ ਹੈ ਕਿ ਜਗਤਾਰ ਸਿੰਘ ਜੱਗੀ ਦਾ ਵਿਆਹ 18 ਅਕਤੂਬਰ ਨੂੰ ਹੋਇਆ ਸੀ। ਮੋਗਾ ਪੁਲੀਸ ਤੇ ਹੋਰ ਏਜੰਸੀਆਂ ਨੇ 4 ਨਵੰਬਰ ਨੂੰ ਉਸ ਨੂੰ ਰਾਮਾ ਮੰਡੀ ਜਲੰਧਰ ਤੋਂ ਉਦੋਂ ਚੁਕ ਲਿਆ ਸੀ ਜੋਂ ਉਹ ਪਤਨੀ ਅਤੇ ਭੈਣ ਨਾਲ ਚੰਡੀਗੜ੍ਹ ਜਾ ਰਿਹਾ ਸੀ।

# ਸਿਆਸੀ ਕਤਲਾਂ ਸਬੰਧੀ ਫੜੇ ਚਾਰ ਸਿੱਖਾਂ ਤੋਂ ਹੁਣ ਐਨਆਈਏ ਕਰੇਗੀ ਪੁੱਛ-ਗਿੱਛ

**ਲੁਧਿਆਣਾ/ਬਿਊਰੋ ਨਿਊਜ਼:** ਭਾਰਤ ਦੀ ਕੌਮੀ ਜਾਂਚ ਏਜੰਸੀ (ਐਨਆਈਏ) ਦੀ ਟੀਮ ਨੇ ਪੰਜਾਬ ਪੁਲੀਸ ਵਲੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਮਿੱਥ ਕੇ ਕੀਤੇ ਗਏ ਸਿਆਸੀ ਕਤਲਾਂ ਦੇ ਮਾਮਲੇ ਵਿੱਚ ਚਾਰ ਮੁਲਜ਼ਮਾਂ ਐਨਆਰਆਈ ਜਗਤਾਰ ਸਿੰਘ ਜੌਹਲ, ਜਿੰਮੀ, ਰਮਨਦੀਪ ਸਿੰਘ ਉਰਫ਼ ਰਮਨ ਕੈਨੇਡੀਅਨ ਅਤੇ ਹਰਦੀਪ ਸਿੰਘ ਸ਼ੇਰਾ ਦਾ ਪੰਜ ਦਿਨਾਂ ਦਾ ਰਿਮਾਂਡ ਹਾਸਲ ਕੀਤਾ ਹੈ। ਐਨਆਈਏ ਟੀਮ ਲੁਧਿਆਣਾ ਪੁਲੀਸ ਦੇ ਕ੍ਰਾਈਮ ਬਰਾਂਚ (ਸੀਆਈਏ ਸਟਾਫ਼) ਵਿੱਚ ਮੁਲਜ਼ਮਾਂ ਕੋਲੋਂ ਪੁੱਛ-ਗਿੱਛ ਕਰ ਰਹੀ ਹੈ। ਇਹ ਵੀ ਚਰਚਾ ਹੈ ਕਿ ਐਨਆਈਏ ਦੀ ਟੀਮ ਆਉਂਦੇ ਦਿਨਾਂ 'ਚ ਮੁਲਜ਼ਮਾਂ ਨੂੰ ਦਿੱਲੀ ਹੈੱਡ ਆਫਿਸ ਲਿਜਾ ਕੇ ਪੁੱਛ-ਗਿੱਛ ਕਰ ਸਕਦੀ ਹੈ। ਉਨ੍ਹਾਂ ਵੱਲੋਂ ਚਾਰੇ ਮੁਲਜ਼ਮਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਅਤੇ ਵੱਖਰੇ ਤੌਰ 'ਤੇ ਵੀ ਪੁੱਛ-ਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਵਿਦੇਸ਼ਾਂ ਤਕ ਜੁੜੇ ਇਸ ਕੇਸ ਦੀਆਂ ਗੁੰਝਲਾਂ ਨੂੰ ਖੋਲ੍ਹਿਆ ਜਾ ਸਕੇ।

ਉਂਜ ਐਨਆਈਏ ਨੂੰ ਸਿਰਫ਼ ਆਰਐਸਐਸ ਆਗੂ ਰਵਿੰਦਰ ਗੋਸਾਈਂ ਕਤਲ ਕਾਂਡ ਦੀ ਜਾਂਚ ਸੌਂਪੀ ਗਈ ਹੈ ਪਰ ਟੀਮ ਹੋਰ ਹੋਏ ਸਿਆਸੀ ਕਤਲਾਂ ਦੀਆਂ ਪਰਤਾਂ ਵੀ ਖੋਲ੍ਹਣ ਵਿੱਚ ਲੱਗੀ ਹੋਈ ਹੈ। ਐਨਆਈਏ ਟੀਮ ਨੇ ਚਾਰੇ ਮੁਲਜ਼ਮਾਂ ਦਾ ਰਿਮਾਂਡ ਹਾਸਲ ਕਰਨ ਤੋਂ ਬਾਅਦ ਕੇਸ ਨਾਲ ਜੁੜੇ ਸਾਰੇ ਕਾਗਜ਼ਾਤ ਪੰਜਾਬ ਪੁਲੀਸ ਤੋਂ ਆਪਣੇ ਕਬਜ਼ੇ ਵਿੱਚ ਲੈ ਲਏ ਹਨ। ਲੁਧਿਆਣਾ ਪੁਲੀਸ ਤੋਂ ਐਨਆਈਏ ਨੇ ਚਾਰੇ ਮੁਲਜ਼ਮਾਂ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਹੈ। ਸੀਆਈਏ ਦੇ ਆਸ-ਪਾਸ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਇਹਤਿਆਤ ਵਜੋਂ ਸੀਆਈਏ ਨੂੰ ਜਾਣ ਵਾਲੀ ਸੜਕ ਨੂੰ ਬੰਦ ਕਰ ਦਿੱਤਾ ਗਿਆ ਹੈ। ਸੀਆਈਏ ਦੇ ਪਿੱਛੇ ਫਿਰੋਜ਼ ਗਾਂਧੀ ਮਾਰਕੀਟ 'ਚ ਵੀ ਮਸ਼ੀਨ ਗੰਨ ਦੇ ਨਾਲ ਲੈਸ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਗਿਆ ਹੈ।

# ਪੁਲੀਸ ਨੇ ਬਲਾਤਕਾਰੀ ਸਾਧ ਦਾ ਸਾਥੀ ਪਵਨ ਇੰਸਾਂ ਕੀਤਾ ਕਾਬੂ

**ਡੇਰਾਬਸੀ/ਬਿਊਰੋ ਨਿਊਜ਼:** ਡੇਰਾ ਸਿਰਸਾ ਦੇ ਮੁਖੀ ਗੁਰਮੀਤ ਸਿੰਘ ਰਾਮ ਰਹੀਮ ਨੂੰ ਸੀਬੀਆਈ ਦੀ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਤੋਂ ਬਾਅਦ ਪੰਚਕੂਲਾ ਵਿੱਚ ਹਿੰਸਾ ਭੜਕਾਉਣ ਦੇ ਮਾਮਲੇ ਵਿੱਚ ਨਾਮਜ਼ਦ ਡੇਰਾ ਮੁਖੀ ਦੇ ਨਜ਼ਦੀਕੀ ਪਵਨ ਇੰਸਾਂ ਨੂੰ ਹਰਿਆਣਾ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਵੱਲੋਂ ਲਾਲੜੂ ਖੇਤਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਪਵਨ ਇੰਸਾਂ ਸਣੇ ਹੋਰਨਾਂ ਖ਼ਿਲਾਫ਼ ਹਿੰਸਾ ਭੜਕਾਉਣ ਦਾ ਕੇਸ ਦਰਜ ਹੋਣ ਤੋਂ ਬਾਅਦ ਪੁਲੀਸ ਨੂੰ ਇਹ ਡਰ ਸੀ ਕਿ ਪਵਨ ਦੇਸ਼ ਛੱਡ ਕੇ ਨੇ ਭੱਜ ਜਾਵੇ, ਜਿਸ ਕਰਕੇ ਪੁਲੀਸ ਨੇ ਪਵਨ ਦਾ ਲੁੱਕ ਆਊਟ ਨੋਟਿਸ ਵੀ ਜਾਰੀ ਕੀਤਾ ਹੋਇਆ ਸੀ। ਪਵਨ ਇੰਸਾਂ ਐਮਐਸਜੀ ਕੰਪਲੈਕਸ, ਸਿਰਸਾ (ਰਹਿਆਣਾ) ਦਾ ਰਹਿਣ ਵਾਲਾ ਹੈ। ਥਾਣਾ ਲਾਲੜੂ ਦੇ ਮੁਖੀ ਇੰਸਪੈਕਟਰ ਪੁਸ਼ਪਿੰਦਰ ਸਿੰਘ ਨੇ ਦੱਸਿਆ ਕਿ ਐਸਆਈਟੀ ਨੇ ਪਵਨ ਇੰਸਾਂ ਨੂੰ ਲਾਲੜੂ ਨੇੜੇ ਸਥਿਤ ਡਰਾਈਵ ਇੰਨ-22 ਨੇੜਿਓਂ ਸ਼ਾਮ ਕਰੀਬ 7 ਵਜੇ ਗ੍ਰਿਫ਼ਤਾਰ ਕੀਤਾ ਹੈ। ਐਸਆਈਟੀ ਦੀ ਅਗਵਾਈ ਏਸੀਪੀ ਮੁਕੇਸ਼ ਮਲਹੋਤਰਾ ਕਰ ਰਹੇ ਸਨ ਜਿਨ੍ਹਾਂ ਨੇ ਪਵਨ ਇੰਸਾਂ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਇਸ ਸਬੰਧੀ ਜਾਣਕਾਰੀ ਲਾਲੜੂ ਪੁਲੀਸ ਨੂੰ ਦਿੱਤੀ। ਟੀਮ ਵੱਲੋਂ ਲਗਾਤਾਰ ਡੇਰਾ ਮੁਖੀ ਦੇ ਕਰੀਬੀਆਂ ਦੇ ਫੋਨ ਰਿਕਾਰਡ ਕੀਤੇ ਜਾ ਰਹੇ ਸਨ, ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਪਵਨ ਇੰਸਾਂ ਦੇ ਇੱਥੇ ਹੋਣ ਬਾਰੇ ਪੁਖ਼ਤਾ ਜਾਣਕਾਰੀ ਮਿਲੀ ਸੀ।



ਉਪਰੰਤ ਟੀਮ ਨੇ ਘੇਰਾਬੰਦੀ ਕਰਕੇ ਪਵਨ ਨੂੰ ਦੇਰ ਸ਼ਾਮ ਇੱਥੋਂ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਪਵਨ ਨੂੰ ਉਸ ਸਮੇਂ ਕਾਬੂ ਕੀਤਾ ਜਦੋ ਪਵਨ ਸੜਕ ਕਿਨਾਰੇ ਖੜ੍ਹਾ ਕਿਸੇ ਦੀ ਉਡੀਕ ਕਰ ਰਿਹਾ ਸੀ। ਸੂਤਰਾਂ ਮੁਤਾਬਕ ਪਵਨ ਇੰਸਾਂ ਦੇ ਨਾਲ ਆਦਿਤਿਆ ਇੰਸਾਂ ਵੀ ਪੁਲੀਸ ਤੋਂ ਬਚਣ ਲਈ ਲੁੱਕ ਕੇ ਰਹਿ ਰਿਹਾ ਸੀ, ਜਿਸ ਨੇ ਕੁਝ ਦਿਨ ਪਹਿਲਾਂ ਹੀ ਆਪਣਾ ਟਿਕਾਣਾ ਬਦਲ ਲਿਆ ਸੀ। ਦੱਸਣਯੋਗ ਹੈ ਕਿ 26 ਅਗਸਤ ਨੂੰ ਪੰਚਕੂਲਾ ਪੁਲੀਸ ਨੇ ਆਦਿਤਿਆ ਇੰਸਾਂ, ਸੁਰਿੰਦਰ ਧੀਮਾਨ, ਪਵਨ ਇੰਸਾਂ, ਮਹਿੰਦਰ ਇੰਸਾਂ ਖ਼ਿਲਾਫ਼ ਦੰਗਾ ਭੜਕਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਸੀ, ਜਿਸ ਤੋਂ ਬਾਅਦ ਇਹ ਫ਼ਰਾਰ ਚੱਲ ਰਹੇ ਸਨ। ਹਰਿਆਣਾ ਪੁਲੀਸ ਇਨ੍ਹਾਂ ਦੀ ਭਾਲ ਨੇਪਾਲ ਬਾਰਡਰ 'ਤੇ ਕਰ ਰਹੀ ਸੀ, ਪਰ ਇਹ ਪੰਚਕੂਲਾ ਤੋਂ ਕੁਝ ਕਿਲੋਮੀਟਰ ਦੂਰ ਹੀ ਛੁਪਿਆ ਬੈਠਾ ਸੀ।

# ਵਿਸ਼ਵ ਪੰਜਾਬੀ ਕਾਨਫ਼ਰੰਸ 5 ਤੇ 6 ਜਨਵਰੀ ਨੂੰ ਚੰਡੀਗੜ੍ਹ 'ਚ

**ਚੰਡੀਗੜ੍ਹ/ਬਿਊਰੋ ਨਿਊਜ਼:** ਵਿਸ਼ਵ ਪੰਜਾਬੀ ਕਾਨਫਰੰਸ ਸੰਸਥਾ ਅਤੇ ਪੰਜਾਬ ਕਲਾ ਪ੍ਰੀਸ਼ਦ ਵਲੋਂ 5 ਅਤੇ 6 ਜਨਵਰੀ ਨੂੰ ਚੰਡੀਗੜ੍ਹ 'ਚ "ਵਿਸ਼ਵ ਪੰਜਾਬੀ ਕਾਨਫਰੰਸ" ਕਰਵਾਈ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਕਾਨਫਰੰਸ ਦੇ ਚੇਅਰਮੈਨ ਐਚ.ਐਸ. ਹੰਸਪਾਲ ਅਤੇ ਕਲਾ ਪ੍ਰੀਸ਼ਦ ਦੇ ਚੇਅਰਮੈਨ ਡਾ. ਸੁਰਜੀਤ ਪਾਤਰ ਨੇ ਦੱਸਿਆ ਕਿ ਇਸ ਕਾਨਫਰੰਸ ਦਾ ਵਿਸ਼ਾ 'ਪੰਜਾਬੀਅਤ : ਵਰਤਮਾਨ ਅਤੇ ਭਵਿੱਖ' ਹੋਵੇਗਾ। ਕਾਨਫਰੰਸ ਦਾ ਆਗ਼ਾਜ਼ 5 ਜਨਵਰੀ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਲਾਅ ਆਡੀਟੋਰੀਅਮ ਵਿਖੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਕੀਤਾ ਜਾਵੇਗਾ। ਡਾ. ਪਾਤਰ ਨੇ ਕਿਹਾ ਕਿ ਇਸ ਕਾਨਫਰੰਸ 'ਚ ਭਾਰਤ ਸਮੇਤ ਅਮਰੀਕਾ, ਕਨੇਡਾ, ਯੂ.ਕੇ., ਪਾਕਿਸਤਾਨ, ਅਸਟ੍ਰੇਲੀਆ ਅਤੇ ਨਿਊਜ਼ੀਲੈਂਡ ਤੋਂ ਸਾਹਿਤਕਾਰਾਂ ਦੇ ਸ਼ਾਮਿਲ ਹੋਣ ਦੀ ਆਸ ਹੈ। ਕਾਨਫਰੰਸ ਦੇ ਆਗ਼ਾਜ਼ ਤੋਂ ਬਾਅਦ ਬਾਕੀ ਦੇ ਸੈਸ਼ਨ ਪੰਜਾਬ ਕਲਾ ਭਵਨ ਸੈਕਟਰ-16 ਵਿਖੇ ਹੋਣਗੇ। ਉਦਘਾਟਨੀ ਸਮਾਰੋਹ ਤੋਂ ਇਲਾਵਾ ਕਾਨਫਰੰਸ ਵਿਚ 6 ਵਰਕਿੰਗ ਸੈਸ਼ਨ ਹੋਣਗੇ, ਜਿਨ੍ਹਾਂ ਵਿਚ ਪੰਜਾਬੀ ਸਾਹਿਤ, ਭਾਸ਼ਾ, ਸੱਭਿਆਚਾਰ, ਆਰਥਿਕਤਾ, ਕਿਸਾਨੀ ਸੰਕਟ, ਯੁਵਾ ਸ਼ਕਤੀ ਅਤੇ ਪ੍ਰਵਾਸੀ ਪੰਜਾਬੀਆਂ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਮੌਕੇ ਸਾਹਿਤਕਾਰ ਡਾ. ਦੀਪਕ ਮਨਮੋਹਨ ਸਿੰਘ, ਡਾ. ਸਤੀਸ਼ ਵਰਮਾ, ਡਾ. ਰਵੇਲ ਸਿੰਘ, ਡਾ. ਸਰਬਜੀਤ ਕੌਰ ਸੋਹਲ, ਸੁਖਵਿੰਦਰ ਅੰਮ੍ਰਿਤ, ਡਾ. ਲਖਵਿੰਦਰ ਸਿੰਘ ਜੌਹਲ, ਗੁਰਭੇਜ ਸਿੰਘ ਗੁਰਾਇਆ ਅਤੇ ਡਾ. ਰਵੀ ਰਵਿੰਦਰ ਮੌਜੂਦ ਸਨ।



ਅੰਮ੍ਰਿਤਸਰ ਟਾਈਮਜ਼
AMRITSAR TIMES
22 ਨਵੰਬਰ 2017 ਤੋਂ 28 ਨਵੰਬਰ 2017

# ਹੁਣ ਸਿੱਖਾਂ ਨੂੰ ਸਬਕ ਸਿਖਾਉਣ ਦਾ ਸੰਕੇਤ

## ਦਿਆਲ ਸਿੰਘ ਕਾਲਜ ਦਾ ਨਾਂਅ ਬਦਲਣ ਦੀ ਆੜ 'ਚ ਫਿਰਕੂ ਚਾਲਾਂ

ਭਾਰਤ ਦੇ ਰਾਜਧਾਨੀ ਵਾਲੇ ਸ਼ਹਿਰ ਦਿੱਲੀ ਦੇ ਵਰ੍ਹਿਆਂ ਪੁਰਾਣੀ ਵਿਰਾਸਤੀ ਵਿਦਿਅਕ ਸੰਸਥਾ ਦਿਆਲ ਸਿੰਘ ਮਜੀਠੀਆ ਕਾਲਜ ਦਾ ਨਾਂਅ ਬਦਲ ਕੇ 'ਵੰਦੇ ਮਾਤਰਮ ਮਹਾਵਿਦਿਆਲਾ' ਰੱਖਣ ਦਾ ਮਾਮਲੇ ਵਿਰੁਧ ਸਿੱਖਾਂ ਵਲੋਂ ਪ੍ਰਗਟਾਇਆ ਜਾ ਰਿਹਾ ਸਖ਼ਤ ਰੋਸ ਹੋਰਨਾਂ ਘੱਟ ਗਿਣਤੀਆਂ ਦੇ ਧਿਆਨ ਦੀ ਮੰਗ ਕਰਦਾ ਹੈ। ਲੋਕਰਾਜੀ ਕਦਰਾਂ ਕੀਮਤਾਂ ਦਾ ਰਖ਼ਵਾਲਾ ਹੋਣ ਦੀ ਡੌਂਡੀ ਪਿੱਟਣ ਵਾਲੇ ਦੇਸ ਵਿੱਚ ਹਿੰਦੂਤਵੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਮੋਦੀ ਸਰਕਾਰ ਬਣਨ ਬਾਅਦ ਮੁਸਲਮਾਨਾਂ ਨੂੰ ਮੁੱਖ ਨਿਸ਼ਾਨਾ ਬਣਾਉਂਦਿਆਂ ਹੋਰਨਾਂ ਗੈਰ ਹਿੰਦੂ ਭਾਈਚਾਰਿਆਂ ਨੂੰ ਗੁੱਠੇ ਲਾਉਣ ਲਈ ਜਿਹੜੀ ਖੇਡ ਜਾ ਰਹੀ ਹੈ ਸਿੱਖ ਸਰਦਾਰ ਦਿਆਲ ਸਿੰਘ ਮਜੀਠੀਆ ਵਲੋਂ ਕਾਇਮ ਕੀਤੇ ਵਿਦਿਅਕ ਅਦਾਰੇ ਦਾ ਨਾਂਅ ਬਦਲਣ ਦੀ ਕਾਰਵਾਈ ਸਭ ਕੁਝ ਦੇ ਹਿੰਦੂਕਰਨ ਦੀ ਮੁਹਿੰਮ ਦੀ ਉਸੇ ਮੁਹਿੰਮ ਦਾ ਹਿੱਸਾ ਅਤੇ ਸਿੱਖਾਂ ਨੂੰ ਵੀ ਸਹਿਜੇ ਸਹਿਜੇ ਸਬਕ ਸਿਖਾਉਣ ਦਾ ਸੰਕੇਤ ਹੈ। ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਵਰ੍ਹਿਆਂ ਤੋਂ ਸਰਗਰਮ ਫਿਰਕੂ ਜਥੇਬੰਦੀ ਰਾਸ਼ਟਰੀ ਸੋਇਮ ਸੇਵਕ ਸੰਘ (ਆਰਐੱਸਐੱਸ) ਵਲੋਂ ਹਿੰਦੂ ਭਗਤਾਂ" ਰਾਹੀਂ ਭਾਰਤ ਵਿਚਲੇ ਮੁਸਲਮਾਨ ਭਾਈਚਾਰੇ ਤੋਂ ਇਤਿਹਾਸਕ ਬਦਲਾ ਲੈਣ ਲਈ ਪਿਛਲੇ ਤਿੰਨ ਸਾਲਾਂ ਤੋਂ ਜੋ ਕੁਝ ਕੀਤਾ ਜਾ ਰਿਹਾ ਹੈ, ਨਾਮ ਬਦਲੀਆਂ ਉਸਦਾ ਇੱਕ ਪੜਾਅ ਹਨ । ਵਿਸ਼ਵ ਪ੍ਰਸਿੱਧ ਕਲਾਤਮਕ ਸਿਰਜਣਾ ਤਾਜ ਮਹੱਲ ਸਮੇਤ ਮੁਗਲ ਕਾਲ ਵੇਲੇ ਦੇ ਇਤਿਹਾਸਕ ਸਥਾਨਾਂ ਅਤੇ ਨਿਸ਼ਾਨੀਆਂ ਨੂੰ ਲੋਕ ਚੇਤਿਆਂ ਵਿਚੋਂ ਮਿਟਾਉਣ ਲਈ ਹਿੰਦੂ ਜਥੇਬੰਦੀਆਂ, ਅਖੌਤੀ ਸਾਧ-ਸੰਤ ਤੇ ਪਾਖੰਡੀ ਇਤਿਹਾਸਕਾਰ ਜੋ ਕੁਝ ਕਹਿ ਅਤੇ ਕਰ ਰਹੇ ਹਨ ਕੌਮੀ ਜਮਹੂਰੀ ਮੋਰਚਾ ਗੱਠਜੋੜ ਸਰਕਾਰ ਦਾ ਉਸਨੂੰ ਸਪੱਸ਼ਟ ਥਾਪੜਾ ਹੈ। ਦਿਆਲ ਸਿੰਘ ਕਾਲਜ ਦੇ ਟਰੱਸਟ ਦੀ ਗਵਰਨਿੰਗ ਬਾਡੀ ਵਲੋਂ ਨਾਂਅ ਬਦਲ ਕੇ ਵੰਦੇਮਾਤਰਮ ਕਾਲਜ ਰੱਖਣ ਦੀ ਤਜਵੀਜ ਬੇਤੁੱਕੀ, ਸ਼ਰਾਰਤ ਭਰੀ ਤੇ ਫਿਰਕੂ ਰੰਗਤ ਵਾਲੀ ਹੈ। ਦਿੱਲੀ ਯੂਨੀਵਰਸਿਟੀ ਅਧੀਨ ਦਿਆਲ ਸਿੰਘ ਕਾਲਜ ਦਾ ਨਾਂਅ ਬਦਲ ਕੇ ਵੰਦੇਮਾਤਰਮ ਰੱਖੇ ਜਾਣ ਦਾ ਫੈਸਲਾ ਸਾਧਾਰਨ ਘਟਨਾ ਨਹੀਂ। ਇਸੇ ਲਈ ਦਿੱਲੀ ਦੇ ਸਿੱਖ ਆਗੂਆਂ ਨੇ ਮਾਮਲੇ ਦੀ ਨਾਜ਼ੁਕਤਾ ਨੂੰ ਭਾਂਪਦਿਆਂ ਜਿਹੜਾ ਸਖ਼ਤ ਰੁਖ਼ ਅਖਤਿਆਰ ਕੀਤਾ ਹੈ, ਉਹ ਢੁਕਵਾਂ ਹੀ ਨਹੀਂ ਬਲਕਿ ਵੇਲੇ ਸਿਰ ਚੁਕਿਆ ਸਹੀ ਕਦਮ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੋਈ ਚਾਰਾ ਚਲਦਾ ਨਾ ਵੇਖ ਕੇਵਲ ਮੁਜ਼ਾਹਰਿਆਂ ਉੱਤੇ ਟੇਕ ਰੱਖਣ ਦੀ ਬਜਾਏ ਦਿਆਲ ਸਿੰਘ ਕਾਲਜ ਟਰੱਸਟ ਸੁਸਾਇਟੀ ਦੇ ਖਿਲਾਫ਼ ਕਾਨੂੰਨੀ ਕਾਰਵਾਈ ਤੇਜ ਕਰਕੇ ਸਿਆਣਪ ਤੇ ਦੂਰ ਅੰਦੇਸ਼ੀ ਦਾ ਸਬੂਤ ਦਿੱਤਾ ਹੈ।

ਬੇਸ਼ੱਕ ਸਮਾਜ ਸੇਵੀ ਵਜੋਂ ਵਿਸ਼ੇਸ਼ ਪਛਾਣ ਬਣਾਉਣ ਵਾਲੇ ਦਿਆਲ ਸਿੰਘ ਮਜੀਠੀਆ ਆਰੀਆ ਸਮਾਜੀ ਸਨ ਪਰ ਸਿੰਘ ਨਾਂਅ ਕਾਰਨ ਉਨ੍ਹਾਂ ਨੂੰ ਸਿੱਖੀ ਤੋਂ ਪੂਰੀ ਤਰ੍ਹਾਂ ਤੋੜਿਆ-ਵਿਛੋੜਿਆ ਨਹੀਂ ਜਾ ਸਕਦਾ। ਭਾਰਤ ਦੀ ਵੰਡ ਤੋਂ ਪਹਿਲਾਂ ਪਾਕਿਸਤਾਨ ਦੇ ਪਾਸੇ ਵਾਲੇ ਪੰਜਾਬ ਦੀ ਸਭਿਆਚਾਰਕ ਤੇ ਵਿਦਿਅਕ ਰਾਜਧਾਨੀ ਲਾਹੌਰ ਵਿੱਚ ਸਿੱਖਿਆ ਸੰਸਥਾਵਾਂ ਤੇ ਲਾਇਬਰੇਰੀ ਤੋਂ ਇਲਾਵਾ ਅੰਗਰੇਜੀ ਅਦ ਟ੍ਰਿਬਿਊਨ ਨੂੰ ਸ਼ੁਰੂ ਕਰਨ ਵਾਲੇ ਸ. ਮਜੀਠੀਆ ਨਾਲ ਸਿੱਖਾਂ ਖ਼ਾਸ ਕਰ ਪੰਜਾਬੀਆਂ ਦਾ ਅਟੁੱਟ ਸਬੰਧ ਬਣੇ ਰਹਿਣਾ ਸੁਭਾਵਕ ਹੈ। ਅਪਣੀ ਵਸੀਅਤ ਵਿੱਚ ਉਨ੍ਹਾਂ ਵਲੋਂ ਇਹ ਲਿਖਣਾ ਕਿ "ਦ ਟ੍ਰਿਬਿਊਨ" ਅਖ਼ਬਾਰ ਦਾ ਮੁੱਖ ਦਫ਼ਤਰ ਹੋਰ ਕਿਸੇ ਥਾਂ ਜਾਂ ਸੂਬੇ ਵਿੱਚ ਨਹੀਂ ਬਲਕਿ ਕੇਵਲ ਤੇ ਕੇਵਲ ਪੰਜਾਬ ਵਿੱਚ ਹੀ ਰਹੇ, ਦਾ ਸਿੱਟਾ ਹੈ ਕਿ ਦੋ ਸਦੀਆਂ ਤੋਂ ਛਪਦੇ ਆ ਰਹੇ ਉੱਤਰੀ ਭਾਰਤ ਦੇ ਇਸ ਮੋਢੀ ਅਖ਼ਬਾਰ ਦਾ ਠਿਕਾਣਾ ਹੁਣ ਚੰਡੀਗੜ੍ਹ ਹੈ। ਇਸੇ ਅਦਾਰੇ ਵਲੋਂ ਸਾਲ 1978 ਵਿੱਚ ਉਸ ਵੇਲੇ ਦੇ ਪੰਜਾਬੀ ਹਿਤੈਸ਼ੀ ਅਤੇ ਟ੍ਰਿਬਿਊਨ ਟਰੱਸਟ ਦੇ ਤਤਕਾਲੀ ਉੱਦਮੀ ਮੈਂਬਰ ਡਾ. ਮਹਿੰਦਰ ਸਿੰਘ ਰੰਧਾਵਾ ਦੇ ਦ੍ਰਿੜ ਇਰਾਦੇ ਤੇ ਸਟੈਂਡ ਸਦਕਾ ਇਸਦਾ ਪੰਜਾਬੀ ਅਡੀਸ਼ਨ ਸ਼ੁਰੂ ਹੋਇਅ। ਅਪਣੀ ਸ਼ੁਰੂਆਤ ਤੋਂ ਬਾਅਦ "ਪੰਜਾਬੀ ਟ੍ਰਿਬਿਊਨ ਵਲੋਂ ਪੰਜਾਬ ਦੇ ਲੋਕ ਸੰਘਰਸ਼ਾਂ ਤੇ ਸਾਂਝੇ ਮਸਲਿਆਂ ਪ੍ਰਤੀ ਉਸਾਰੂ ਪਹੁੰਚ ਨੇ ਇਸ ਟਰੱਸਟ ਦੇ ਬਾਨੀ ਦਿਆਲ ਸਿੰਘ ਮਜੀਠੀਆ ਦਾ ਪੰਜਾਬੀਆਂ ਦੇ ਮਨਾਂ ਵਿੱਚ ਜਿਹੜਾ ਸਤਿਕਾਰ ਬਹਾਲ ਕੀਤਾ ਦਿਆਲ ਸਿੰਘ ਕਾਲਜ ਦਾ ਨਾਂਅ ਬਦਲਣ ਵਿਰੁਧ ਬੁਲੰਦ ਹੋ ਰਹੇ ਰੋਹ 'ਚ ਉਸਦਾ ਵੀ ਯੋਗਦਾਨ ਹੈ।

ਇਸਤੋਂ ਇਲਾਵਾ ਅਹਿਮ ਪਹਿਲੂ ਇਹ ਕਿ ਦਿੱਲੀ ਵਿਚਲੀ ਇਸ ਵੱਕਾਰੀ ਵਿਦਿਅਕ ਸੰਸਥਾ ਨਾਲ ਸਿੱਖਾਂ ਦੀਆਂ ਦੇਸ ਦੀ ਵੰਡ ਵੇਲੇ ਦੀਆਂ ਯਾਦਾਂ ਜੁੜੀਆਂ ਹੋਈਆਂ ਹਨ। ਅਸਲ ਵਿੱਚ ਦਿਆਲ ਸਿੰਘ ਕਾਲਜ ਦੀ ਸਥਾਪਨਾ ਸੰਨ 1910 ਵਿੱਚ ਲਾਹੌਰ ਵਿੱਚ ਹੋਈ ਸੀ। ਵੰਡ ਵੇਲੇ ਦਿੱਲੀ ਪੁੱਜੇ ਸਿੱਖ ਸ਼ਰਨਾਰਥੀਆਂ ਵਾਸਤੇ ਪੰਜਾਬ ਯੂਨੀਵਰਸਿਟੀ ਨੇ ਸੰਨ 1948 ਜਿਹੜਾ ਕੈਂਪ ਕਾਲਜ ਖੋਲ੍ਹਿਆ ਸੀ ਦਿਆਲ ਸਿੰਘ ਟਰੱਸਟ ਨੇ ਉਸੇ ਦਾ ਪ੍ਰਬੰਧ ਅਪਣੇ ਜ਼ੁੰਮੇ ਲੈਂਦਿਆਂ 31 ਮਾਰਚ 1959 ਨੂੰ ਉਸ ਸੰਸਥਾ ਨੂੰ ਦਿਆਲ ਸਿੰਘ ਕਾਲਜ ਦਾ ਨਾਂਅ ਦਿੱਤਾ। ਟਰੱਸਟ ਨੇ ਸੰਨ 1978 ਵਿੱਚ ਕਾਲਜ ਨੂੰ ਦਿੱਲੀ ਯੂਨੀਰਸਿਟੀ ਦੇ ਹਵਾਲੇ ਕਰਨ ਵੇਲੇ ਬਕਾਇਦਾ ਲਿਖਤੀ ਭਰੋਸਾ ਲਿਆ ਸੀ ਕਾਲਜ ਦਾ ਨਾਂਅ ਹਮੇਸ਼ਾ ਇਹੋ ਰਹੇਗਾ। ਪਰ ਕਾਲਜ ਦੀ ਜ਼ਮੀਨ ਜਾਇਦਾਦ ਹੜੱਪਣ ਦੇ ਲਾਲਚੀ ਪ੍ਰਬੰਧਕ ਕਾਨੂੰਨੀ ਪੱਖ ਦੀਆਂ ਧਜੀਆਂ ਉਡਾਉਣ ਉੱਤੇ ਤੁੱਲੇ ਹੋਏ ਹਨ। ਕਾਲਜ ਦੇ ਮੌਜੂਦਾ ਪ੍ਰਬੰਧਕਾਂ ਵਲੋਂ ਕਾਲਜ ਦਾ ਨਾਂਅ ਬਦਲ ਕੇ 'ਵੰਦੇ ਮਾਤਰਮ ਰੱਖਣ ਤੋਂ ਇਸ ਸਬੰਧੀ ਵੀ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਮਨਸ਼ਾ ਵਿਦਿਆਕ ਨਹੀਂ ਬਲਕਿ ਫ਼ਿਰਕੂ ਮਨਸੂਬੇ ਜਗ ਜ਼ਾਹਿਰ ਹੁੰਦੇ ਹਨ ।

ਸਿੱਖ ਹਲਕਿਆਂ ਵਲੋਂ ਲਿਆ ਇਹ ਇਸ ਸਟੈਂਡ ਵਾਜਬ ਹੈ ਕਿ ਅਜਿਹਾ ਕਰਨਾ ਸਿੱਖ ਕੌਮ ਅਤੇ ਸਿੱਖ ਸਰਦਾਰਾਂ ਦੀ ਦੇਣ ਨੂੰ ਛੁਟਿਆਉਣ ਦੀ ਕੋਝੀ ਚਾਲ ਹੈ ਜਿਸ ਨੂੰ ਕਦੀ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾਸਿੱਖਾਂ ਨੇ ਦਿੱਲੀ ਕਾਲਜ ਦੇ ਗਵਰਨਿੰਗ ਬਾਡੀ ਦੇ ਚੇਅਰਮੈਨ ਅਮਿਤਾਭ ਸਿਨਹਾ ਦੇ ਰਾਹੀਂ ਪ੍ਰਬੰਧਕਾਂ ਨੂੰ ਨੈਤਿਕਤਾ ਬਰਕਰਾਰ ਰੱਖਣ ਦੀ ਸਲਾਹ ਦਿੰਦਿਆਂ ਕਿਹਾ ਹੈ ਕਿ ਜੇ ਪ੍ਰਬੰਧਕਾਂ ਨੇ ਅਪਣੀ ਜ਼ਿੱਦ ਪੁਗਾਉਣੀ ਹੀ ਹੈ ਤਾਂ ਉਹ ਕੋਈ ਹੋਰ ਇਮਾਰਤ ਉਸਾਰ ਕੇ ਜੋ ਮਰਜ਼ੀ ਨਾਂਅ ਰੱਖ ਲੈਣ । ਪਰ ਹਿੰਦੂਤਵੀ ਪ੍ਰਬੰਧਕ ਕਾਲਜ ਦਾ ਨਾਂਅ ਬਲਦਣ ਦੀ ਜ਼ਿਦ ਪੁਗਾਉਣ ਲਈ ਅੜੇ ਹੋਏ ਹਨ ਜਦੋਂ ਕਿ ਭਾਰਤੀ ਜਨਤਾ ਪਾਰਟੀ, ਜਿਸਦੀ ਦੇਸ਼ ਦੀਆਂ ਘੱਟ ਗਿਣਤੀਆਂ ਵਿਰੁਧ ਸਾਜ਼ਿਸਾਂ ਨੂੰ ਅਮਲੀ ਰੂਪ ਦੇਣ ਵਾਲੇ ਅਜਿਹੇ ਅਨਸਰਾਂ ਨੂੰ ਸਿੱਧੀ-ਅਸਿੱਧੀ ਹਮਾਇਤ ਪ੍ਰਾਪਤ ਹੁੰਦੀ ਹੈ, ਦੇ ਆਗੂਆਂ ਨੇ ਮੂੰਹ ਵਿੱਚ ਘੁੰਗਣੀਆਂ ਪਾਈਆਂ ਹੋਈਆਂ ਹਨ। ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਸਰਕਾਰ ਦਾ ਪ੍ਰਸ਼ਾਸ਼ਕੀ ਤੇ ਨੈਤਿਕ ਫਰਜ਼ ਬਣਦਾ ਹੈ ਕਿ ਘੱਟ ਗਿਣਤੀਆਂ ਵਿਰੋਧੀ ਨੀਤੀਆਂ ਤਹਿਤ ਕਾਲਜਾਂ, ਸੜਕਾਂ ਤੇ ਹੋਰ ਥਾਵਾਂ ਦੇ ਨਾਵਾਂ ਦਾ ਫਿਰਕੂ ਕਰਨ ਦੇ ਰੁਝਾਣ ਨੂੰ ਤੁਰੰਤ ਠੱਲ ਪਾਈ ਜਾਵੇ।

# ਰੂਹਾਨੀ ਕ੍ਰਾਂਤੀ ਦੇ ਸ਼ਾਹ ਅਸਵਾਰ ਗੁਰੂ ਤੇਗ ਬਹਾਦਰ ਜੀ

**ਗੁਰੂ ਸਾਹਿਬ ਦੀ ਸ਼ਖ਼ਸੀਅਤ ਸਦਾਚਾਰਕ-ਆਤਮਿਕ ਗੁਣਾਂ ਵਿੱਚ ਪਰੀਪੂਰਨ ਸੀ। ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਮਿਸ਼ਨ ਬਹੁਤ ਛੋਟਾ ਸੀ। ਉਸ ਦੀ ਦ੍ਰਿਸ਼ਟੀ ਦੀ ਪਹੁੰਚ ਮਾਨਵੀ ਸੁਪਨਿਆਂ ਦੇ ਤੁਲ ਛੋਟੇ ਸੰਸਾਰ ਦੀ ਸੀ। ਉਹ ਬਹੁਤ ਹੀ ਸੀਮਤ ਸੋਚ ਦੇ ਵੱਸ ਹੋਇਆ ਭਾਰਤੀ ਜਨ ਸਾਧਾਰਨ ਨੂੰ ਇਸਲਾਮੀ ਸ਼ਰ੍ਹਾ ਵਿੱਚ ਲਿਆ ਕੇ ਹਿੰਦੋਸਤਾਨ ਨੂੰ ਦਾਰੁਲ-ਇਸਲਾਮ ਵਿੱਚ ਬਦਲਣ ਦਾ ਤਹੱਈਆ ਕਰੀ ਬੈਠਾ ਸੀ। ਉਸ ਨੇ ਡਰ, ਲਾਲਚ ਦਾ ਹਰ ਹਰਬਾ ਵਰਤਣ ਦਾ ਯਤਨ ਕੀਤਾ। ਓੜਕ ਆਪਣੀ ਹੋਂਦ-ਹਸਤੀ ਕਾਇਮ ਰੱਖਣ ਲਈ ਸਿਰਕੱਢ ਵਿਦਵਾਨ ਬ੍ਰਾਹਮਣਾਂ ਦੇ ਪ੍ਰਤੀਨਿਧ ਮੰਡਲ ਨੂੰ ਗੁਰੂ ਸਾਹਿਬ ਦਾ ਦਰ ਖੜਕਾਉਣਾ ਪਿਆ। ਉਨ੍ਹਾਂ ਕੋਲ ਹੋਰ ਕੋਈ ਚਾਰਾ ਹੀ ਨਹੀਂ ਸੀ। ਇਤਿਹਾਸਕਾਰ ਮੁਹੰਮਦ ਲਤੀਫ ਲਿਖਦਾ ਹੈ- ਔਰੰਗਜ਼ੇਬ ਦੀਆਂ ਗੁਰੂ ਤੇਗ ਬਹਾਦਰ ਨੂੰ ਕਾਇਲ ਕਰਨ ਲਈ ਵੱਡੇ ਦਰਬਾਰਾਂ ਵਿੱਚ ਬਹੁਤ ਤਰਕ-ਵਿਤਰਕਾਂ ਹੋਈਆਂ। ਗੁਰੂ ਸਾਹਿਬ ਦੇ ਸਨਮੁਖ ਭਾਈ ਮਤੀਦਾਸ, ਭਾਈ ਦਿਆਲਾ ਜੀ ਨੂੰ ਅਤਿ ਦੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਪਰ ਗੁਰੂ ਸਾਹਿਬ ਦਾ ਸੱਚ 'ਤੇ ਨਿਸ਼ਚਾ ਅਡੋਲ ਸੀ। ਉਨ੍ਹਾਂ ਦਾ ਮਿਸ਼ਨ ਬਹੁਤ ਹੀ ਵੱਡਾ ਸੀ। ਗੁਰੂ ਸਾਹਿਬ ਦੀ ਸਾਰੇ ਧਰਮਾਂ ਤੇ ਸਮੁੱਚੀ ਮਾਨਵਤਾ ਪ੍ਰਤੀ ਸੁਲਹੁ-ਕੁਲ ਨੀਤੀ ਹੋਣ ਕਰਕੇ ਉਨ੍ਹਾਂ ਦੀ ਸ਼ਹਾਦਤ ਦਾ ਮਿਸ਼ਨ ਇਕ ਮਹਾਨ ਆਦਰਸ਼ ਲਈ ਸੀ।**



**ਗੱਜਣਵਾਲਾ ਸੁਖਮਿੰਦਰ ਸਿੰਘ**
(ਮੋਬਾਈਲ: 99151- 06449)

ਲੋਕ-ਮਨਾਂ ਵਿੱਚ ਇਹ ਆਮ ਧਾਰਨਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਜ਼ਿਆਦਾਤਰ ਉਦਾਸੀ ਅਤੇ ਵੈਰਾਗ ਭਰੀ ਹੈ। ਅਸਲ ਵਿੱਚ ਇਸ ਖਿਆਲ ਦੇ ਧਾਰਨੀ ਉਹ ਲੋਕ ਹਨ ਜੋ ਨਾਸ਼ਮਾਨਤਾ ਤੋਂ ਡਰਨ ਵਾਲੇ ਅਤੇ ਛਿਣ-ਭੰਗਰ ਦੇ ਸੰਕਲਪ ਤੋਂ ਬਹੁਤ ਭੈਅ-ਭੀਤ ਹਨ। ਗੁਰੂ-ਪਾਤਸ਼ਾਹ ਦੇ ਇਲਾਹੀ ਫੁਰਮਾਨ ਦੀ ਉਜਲਤਾ ਪ੍ਰਾਣੀ ਪ੍ਰਤੀ ਨਿੱਜੀ ਹਿੱਤਾਂ ਤੋਂ ਉਪਰ ਉਠਣ ਦਾ ਅਹਿਸਾਸ ਹੈ। ਗੁਰੂ ਸਾਹਿਬ ਦਾ ਮਤ ਹੈ ; ਅਕਾਲ-ਪੁਰਖ ਨੇ ਮਾਨਵ ਨੂੰ ਇਹ ਹੱਥ-ਪੈਰ ਲੋਕਾਈ ਦੇ ਭਲੇ ਲਈ ਬਖ਼ਸ਼ੇ ਹਨ। ਪਾਤਸ਼ਾਹ ਦੀ ਬਾਣੀ, ਬੰਦੇ ਨੂੰ ਬੇ-ਮਤਲਬੀ ਇੱਛਾਵਾਂ ਤੋਂ ਉਪਰ ਉਠਾਉਣ ਦਾ ਆਦੇਸ਼ ਹੈ। ਗੁਰੂ ਸਾਹਿਬ ਨੇ ਮਨੋ-ਬਿਰਤੀਆਂ 'ਤੇ ਹਾਸਲਤਾ ਪਾ ਕੇ ਸਹਜ-ਜੋਗ ਦੀ ਆਤਮਿਕ ਅਵਸਥਾ ਨੂੰ ਪ੍ਰਾਪਤ ਕੀਤਾ। ਉਨ੍ਹਾਂ ਆਪਣੇ ਕਮਾਏ ਸੱਚ ਨੂੰ ਪਰਗਟ ਕਰਨ ਲਈ -ਕਹੁ ਨਾਨਕ ਸੁਨਿ ਰੇ ਮਨਾ - ਭਾਵ 'ਮਨ' ਨੂੰ ਸੰਬੋਧਨ ਕਰਦਿਆਂ ਭੁੱਲੇ ਭਟਕੇ ਮਨਾਂ ਨੂੰ ਸਹਿਜ ਦਾ ਮਾਰਗ ਦਰਸਾਇਆ। ਗੁਰੂ ਦੀ ਬਾਣੀ, ਤਪੱਸਿਆ ਅਤੇ ਤਿਆਗ 'ਚੋਂ ਉਪਜੇ ਸਹਿਜ ਗਿਆਨ ਦਾ ਪ੍ਰਕਾਸ਼ ਹੈ। ਗੁਰਮਤਿ ਅਨੁਸਾਰ ਇਸ ਅਮੋਲਕ ਮਨੁੱਖੀ ਜੀਵਨ ਦਾ ਮਨੋਰਥ ਸਿਰਜਣਹਾਰ ਨਾਲ ਅਭੇਦ ਹੋਣਾ ਹੈ; ਗੁਰੂ ਸਾਹਿਬ ਦੀ ਦ੍ਰਿਸ਼ਟੀ ਤੋਂ ਇਹ ਅਭੇਦਤਾ ਤਪੱਸਿਆ- ਤਿਆਗ ਰਾਹੀਂ ਹੀ ਹੋ ਸਕਦੀ ਹੈ । ਗੁਰੂ ਸਾਹਿਬ ਨੇ ਕਿਹਾ ਕਿ ਲੋਕ ਬੰਧਨਾਂ ਵਿੱਚ ਪੈ ਕੇ ਬਲ ਹੀਣ ਹੋ ਗਏ ਹਨ। ਇਹ ਧਾਰਮਿਕ, ਮਾਨਸਿਕ ਅਤੇ ਸਮਾਜਿਕ ਅਜ਼ਾਦੀ ਤੋਂ ਵਿਰਵੇ ਹੋ ਗਏ ਹਨ। ਇਹ ਲੋਕਾਈ ਡਰ, ਲਾਲਚ ਅਤੇ ਪ੍ਰਾਧੀਨਤਾ ਦੀ ਜ਼ਿੰਦਗੀ ਜੀਣ ਜੋਗੀ ਹੀ ਰਹਿ ਗਈ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਸਿਰਜਣਾ ਵਿੱਚ ਮੋਹ ਮਾਇਆ , ਲੋਭ-ਲਾਲਚ ਵਰਗੀਆਂ ਦੁਨਿਆਵੀ ਕੀਮਤਾਂ ਦਾ ਕੂੜ ਰੂਪ ਉਘਾੜਦਿਆਂ ਮਨੁੱਖ ਨੂੰ ਮਾਨਸਿਕ ਤੌਰ 'ਤੇ ਜਾਗਣ ਲਈ ਹਲੂਣਿਆ। ਗੁਰੂ ਸਾਹਿਬ ਨੇ ਦਰਸਾਇਆ ਕਿ ਬੰਦੇ ਨੂੰ ਸੱਭ ਤੋਂ ਵੱਡਾ ਡਰ, ਮੌਤ ਤੋਂ ਲਗਦਾ ਹੈ। ਉਨ੍ਹਾਂ ਆਪਣੀ ਸ਼ਬਦ ਰਚਨਾ ਰਾਹੀਂ ਮਨੁੱਖੀ ਮਨ ਨੂੰ ਇਸ ਮੌਤ ਦੇ ਡਰ ਤੋਂ ਨਿਰਭੈ ਹੋਣ ਲਈ ਪ੍ਰੇਰਿਆ ਹੈ।

ਗੁਰੂ ਸਾਹਿਬ ਦੀ ਸ਼ਖ਼ਸੀਅਤ ਸਦਾਚਾਰਕ-ਆਤਮਿਕ ਗੁਣਾਂ ਵਿੱਚ ਪਰੀਪੂਰਨ ਸੀ। ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਮਿਸ਼ਨ ਬਹੁਤ ਛੋਟਾ ਸੀ। ਉਸ ਦੀ ਦ੍ਰਿਸ਼ਟੀ ਦੀ ਪਹੁੰਚ ਮਾਨਵੀ ਸੁਪਨਿਆਂ ਦੇ ਤੁਲ ਛੋਟੇ ਸੰਸਾਰ ਦੀ ਸੀ। ਉਹ ਬਹੁਤ ਹੀ ਸੀਮਤ ਸੋਚ ਦੇ ਵੱਸ ਹੋਇਆ ਭਾਰਤੀ ਜਨ ਸਾਧਾਰਨ ਨੂੰ ਇਸਲਾਮੀ ਸ਼ਰ੍ਹਾ ਵਿੱਚ ਲਿਆ ਕੇ ਹਿੰਦੋਸਤਾਨ ਨੂੰ ਦਾਰੁਲ-ਇਸਲਾਮ ਵਿੱਚ ਬਦਲਣ ਦਾ ਤਹੱਈਆ ਕਰੀ ਬੈਠਾ ਸੀ। ਉਸ ਨੇ ਡਰ, ਲਾਲਚ ਦਾ ਹਰ ਹਰਬਾ ਵਰਤਣ ਦਾ ਯਤਨ ਕੀਤਾ। ਓੜਕ ਆਪਣੀ ਹੋਂਦ-ਹਸਤੀ ਕਾਇਮ ਰੱਖਣ ਲਈ ਸਿਰਕੱਢ ਵਿਦਵਾਨ ਬ੍ਰਾਹਮਣਾਂ ਦੇ ਪ੍ਰਤੀਨਿਧ ਮੰਡਲ ਨੂੰ ਗੁਰੂ ਸਾਹਿਬ ਦਾ ਦਰ ਖੜਕਾਉਣਾ ਪਿਆ। ਉਨ੍ਹਾਂ ਕੋਲ ਹੋਰ ਕੋਈ ਚਾਰਾ ਹੀ ਨਹੀਂ ਸੀ। ਇਤਿਹਾਸਕਾਰ ਮੁਹੰਮਦ ਲਤੀਫ ਲਿਖਦਾ ਹੈ- ਔਰੰਗਜ਼ੇਬ ਦੀਆਂ ਗੁਰੂ ਤੇਗ ਬਹਾਦਰ ਨੂੰ ਕਾਇਲ ਕਰਨ ਲਈ ਵੱਡੇ ਦਰਬਾਰਾਂ ਵਿੱਚ ਬਹੁਤ ਤਰਕ-ਵਿਤਰਕਾਂ ਹੋਈਆਂ। ਗੁਰੂ ਸਾਹਿਬ ਦੇ ਸਨਮੁਖ ਭਾਈ ਮਤੀਦਾਸ, ਭਾਈ ਦਿਆਲਾ ਜੀ ਨੂੰ ਅਤਿ ਦੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਪਰ ਗੁਰੂ ਸਾਹਿਬ ਦਾ ਸੱਚ 'ਤੇ ਨਿਸ਼ਚਾ ਅਡੋਲ ਸੀ। ਉਨ੍ਹਾਂ ਦਾ ਮਿਸ਼ਨ ਬਹੁਤ ਹੀ ਵੱਡਾ ਸੀ। ਗੁਰੂ ਸਾਹਿਬ ਦੀ ਸਾਰੇ ਧਰਮਾਂ ਤੇ ਸਮੁੱਚੀ ਮਾਨਵਤਾ ਪ੍ਰਤੀ ਸੁਲਹੁ-ਕੁਲ ਨੀਤੀ ਹੋਣ ਕਰਕੇ ਉਨ੍ਹਾਂ ਦੀ ਸ਼ਹਾਦਤ ਦਾ ਮਿਸ਼ਨ ਇਕ ਮਹਾਨ ਆਦਰਸ਼ ਲਈ ਸੀ। ਹੋਰ ਸਭ ਕ੍ਰਾਂਤੀਆਂ ਥੋੜ੍ਹ-ਚਿਰੀ, ਮਾਤਰ ਸੁਪਨਿਆਂ 'ਤੇ ਅਧਾਰਿਤ ਹੋਇਆ ਕਰਦੀਆਂ। ਰੂਹਾਨੀ ਕ੍ਰਾਂਤੀ ਦਾ ਅਮਲ ਸਥਾਈ ਅਥਵਾ ਸਦੀਵ ਹੁੰਦਾ ਹੈ। ਗੁਰੂ ਪਾਤਸ਼ਾਹ ਦਾ ਜੀਵਨ-ਅਮਲ ਅਤੇ ਉਨ੍ਹਾਂ ਦਾ ਸ਼ਬਦ ਰਚਨਾ ਸੰਸਾਰ, ਇਕ ਨਿਆਰੀ ਰੂਹਾਨੀ ਕ੍ਰਾਂਤੀ ਦਾ ਆਵੇਸ਼ ਹੈ। ਗੁਰੂ ਜੀ ਦਾ ਚਾਂਦਨੀ ਚੌਕ ਦਿੱਲੀ ਵਿਖੇ ਖੁਦ ਸ੍ਰੀ ਆਨੰਦਪੁਰ ਸਾਹਿਬ ਤੋਂ ਚੱਲ ਕੇ ਦਿੱਲੀ ਜਾ ਕੇ ਸੀਸ ਦੇਣਾ ਰੂਹਾਨੀ ਕ੍ਰਾਂਤੀ ਦਾ ਅਮਲ ਸੀ। ਉਨ੍ਹਾਂ ਦੀ ਸ਼ਹਾਦਤ ਅਤੇ ਬਾਣੀ ਦੋਵੇਂ ਵੱਖ-ਵੱਖ ਪ੍ਰਸੰਗਾਂ ਵਿੱਚ ਉਲੇਖ ਕਰਦੇ ਨਹੀਂ ਵੇਖੇ ਜਾ ਸਕਦੇ। ਦੋਨੋਂ ਅਦ੍ਰਿਸ਼ਟ ਰੂਹਾਨੀ ਇਨਕਲਾਬ ਦੇ ਮੰਜ਼ਰ ਦਾ ਹੀ ਝਲਕਾਰਾ ਪਾਉਂਦੇ ਹਨ। ਗੁਰੂ ਸਾਹਿਬ ਜੀ ਦਾ ਸੀਸ ਦੇਣਾ ਮਜਬੂਰੀ ਜਾ ਬੇਵਸੀ ਦਾ ਨਤੀਜਾ ਨਹੀਂ ਸਗੋਂ ਇਕ ਖ਼ਾਸ ਅਣਦਿਸਦੇ ਮਿਸ਼ਨ ਵੱਲ ਇਸ਼ਾਰਾ ਸੀ।

ਸਿੱਖ ਸ੍ਰੋਤਾਂ ਤੇ ਕਈ ਵਿਦਵਾਨਾਂ ਦੀ ਇਹ ਧਾਰਨਾ ਹੈ ਕਿ ਗੁਰੂ ਤੇਗ ਬਹਾਦਰ ਨੇ ਹਿੰਦੂ ਧਰਮ ਦੀ ਰਾਖੀ ਲਈ ਸ਼ਹਾਦਤ ਦਿੱਤੀ ਜੋ ਅਣਉੱਚਿਤ ਜਾਪਦੀ ਹੈ। ਗੁਰੂ ਨਾਨਕ ਸਾਹਿਬ ਦਾ ਸੱਚ ਮੰਡਾਂ-ਬ੍ਰਹਿਮੰਡਾਂ ਤੋਂ ਉਪਰ ਸਮੁੱਚੀ ਮਨੁੱਖਤਾ ਨੂੰ ਕਲਾਵੇ ਵਿੱਚ ਲੈ ਕੇ ਗੱਲ ਕਰਨ ਵਾਲਾ ਹੈ, ਨਾ ਕਿ ਕਿਸੇ ਖਾਸ ਧਰਮ ਜਾਂ ਵਿਸ਼ੇਸ ਖਿੱਤੇ ਦੀ ਪੈਰਵਾਈ ਕਰਨ ਵਾਲਾ। ਇਸ ਕਰਕੇ ਨੌਂਵੀਂ ਜੋਤ ਵਿੱਚ ਬਿਰਾਜਮਾਨ ਗੁਰੂ ਤੇਗ ਬਹਾਦਰ ਦਾ ਮਨੋਰਥ ਖਾਸ ਧਰਮ ਨੂੰ ਬਚਾਉਣਾ ਜਾਂ ਉਸ ਦੀ ਰਾਖੀ ਕਰਨਾ ਹੋ ਹੀ ਨਹੀਂ ਸਕਦਾ ਅਤੇ ਹੈ ਵੀ ਨਹੀਂ ਸੀ। ਗੁਰੂ ਦੀ ਸ਼ਹਾਦਤ ਤਾਂ ਮਾਨਵਤਾ ਦੇ ਭਲੇ ਦੀ ਅਕਾਸੀ ਕਰਦੀ ਹੈ । ਪਾਤਸ਼ਾਹ ਦਾ ਪ੍ਰਯੋਜਨ ਤਾਂ ਆਦਿ ਗੁਰੂ ਸਾਹਿਬਾਨ ਦੇ ਉਲੀਕੇ ਵਿਚਾਰ- ਮਤ 'ਤੇ ਚੱਲਦਿਆਂ ਆਪਣੇ ਰੂਹਾਨੀ ਆਤਮਿਕ ਜ਼ੋਰ ਦੁਆਰਾ ਉਸ ਵੇਲੇ ਦੇ ਇਸਲਾਮੀ ਜਨੂੰਨ ਦੇ ਪੁਜਾਰੀ ਔਰੰਗਜ਼ੇਬ ਨੂੰ ਰੋਕਣਾ ਸੀ। ਪਾਤਸ਼ਾਹ ਦੀ ਕੁਰਬਾਨੀ ਨੇ 'ਖਾਲਸਾ ਪੰਥ' ਲਈ ਇਕ ਨਿਆਰਾ ਰਾਹ ਤਿਆਰ ਕਰਨਾ ਸੀ। ਉਨ੍ਹਾਂ ਨੇ ਇਸ ਪ੍ਰਯੋਜਨ ਦੇ ਨਾਲ ਨਾਲ ਆਪਣੇ ਸਿੱਖਾਂ ਵਿੱਚ ਸ਼ਹਾਦਤ ਦੇ ਨਵੇਂ ਅਰਥਾਂ ਦੀ ਤਾਸੀਰ ਭਰਨੀ ਸੀ। ਉਨ੍ਹਾਂ ਨੇ ਗੁਰੂ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ ਦੇ ਵੱਡੇ ਸੱਚ ਨੂੰ ਉਜਾਗਰ ਕਰਨਾ ਸੀ।

ਗੁਰੂ ਪਾਤਸ਼ਾਹ ਨੂੰ ਪੂਰਨ ਗਿਆਨ ਸੀ ਕਿ ਰੂਹਾਨੀ ਕ੍ਰਾਂਤੀ ਅੱਗੇ ਇਤਿਹਾਸ ਦੇ ਪੜਾਅ ਬਹੁਤ ਛੋਟੇ ਹਨ, ਇਤਿਹਾਸਕ ਪ੍ਰਾਪਤੀਆਂ ਕੁਝ ਵੀ ਨਹੀਂ ਹੁੰਦੀਆਂ। ਉਨ੍ਹਾਂ ਨੂੰ ਸਰਬ-ਕਾਲ ਸੰਸਾਰ ਦੀ ਮਾਸੂਮੀ ਦਾ ਪੂਰਨ ਗਿਆਨ ਸੀ। ਉਹ ਜਾਣਦੇ ਸਨ ਕਿ ਸੰਸਾਰ ਕਿੰਨਾਂ ਮਾਸੂਮ ਹੈ; ਔਰੰਗਜ਼ੇਬ ਇਕ ਮਾਸੂਮ ਬੱਚਾ ਹੈ .ਉਹ ਇਹ ਕੁਝ ਨਹੀਂ ਜਾਣਦਾ ਰੂਹਾਨੀ ਮੰਡਲਾਂ ਦੇ ਜ਼ੋਰ ਅੱਗੇ ਸੰਸਾਰੀ ਪਦਵੀਆਂ, ਮੁਰਾਤਬੇ ਕੁਝ ਨਹੀਂ ਹੁੰਦੇ, ਛਿਣ-ਪਲ ਦੀਆਂ ਛੋਟੀਆਂ ਤਸੱਲੀਆਂ ਹਨ। ਸੀਸ ਦੇਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਜਨੂੰਨੀ ਬਾਦਸ਼ਾਹ ਨੂੰ ਅਹਿਸਾਸ ਕਰਵਾਇਆ- ਔਰੰਗਜ਼ੇਬ! ਤੁਹਾਡੀ ਤੇਗ ਸਾਡਾ ਸੀਸ ਕੱਟੇਗੀ ਪਰ ਕੱਟਿਆ ਨਹੀਂ ਜਾਵੇਗਾ - । ਪਰ ਬਾਦਸ਼ਾਹ ਦੀ ਕਰੂਰਤਾ ਸੱਤਵੇਂ ਅਸਮਾਨ 'ਤੇ ਸੀ। ਗੁਰੂ ਪਾਤਸ਼ਾਹ ਅਡੋਲ, ਅਕਾਲ-ਪੁਰਖ ਦੀ ਸਿਫਤ ਸਲਾਹ ਵਿੱਚ ਨਾ ਕੋਈ ਗ਼ਮੀ ਨਾ ਖੁਸ਼ੀ, ਉਸ ਮਹਾਨ ਹਸਤੀ ਦੇ ਭਾਣੇ ਵਿੱਚ ਬਿਰਾਜਮਾਨ ਬੈਠੇ ਹਨ। ਉਸ ਵੇਲੇ ਜਨੂੰਨ ਦੀ ਤਲਵਾਰ ਚੱਲੀ; ਪਰ ਅਲਮਗੀਰ ਔਰੰਗਜ਼ੇਬ ਦੀ ਤਲਵਾਰ ਛੋਟੀ ਪੈ ਗਈ ਛੋਟੀ ਕੀ ਪਈ; ਸਿੱਖ-ਪੰਥ ਦੇ ਖਿਆਲਾਂ ਵਿੱਚ ਉਤਰ ਕੇ ਉਹ ਤਲਵਾਰ ਸ਼ਹਾਦਤ ਦੇ ਨਵੇਂ ਅਰਥ ਹੀ ਦੇ ਗਈ। ਦਿੱਲੀ ਦਾ ਚਾਂਦਨੀ ਚੌਕ 'ਸੀਸ ਗੰਜ' ਨਾਮ ਤਲੇ ਸਿੱਖਾਂ ਦੀ ਇਬਾਦਤ ਲਈ ਸਦੀਵੀ ਮੁਕੱਦਸ ਸਥੱਲ ਦਾ ਰੁਤਬਾ ਹਾਸਲ ਕਰ ਗਿਆ। ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ - ਕਮਾਲ ਦਾ ਮੰਜ਼ਰ ਸੀ। ਛੋਟੀ ਮੰਜ਼ਲ ਦੇ ਸਵਾਰ ਔਰੰਗਜ਼ੇਬ ਦੀ ਤਲਵਾਰ ਵਹਿ ਗਈ ਸੀ। ਉਧਰ ਦਿੱਲੀ ਸੂਰਜ ਗਰੂਹ ਹੋ ਰਿਹਾ ਸੀ, ਇਧਰ ਅਨੰਦਪੁਰ ਸਾਹਿਬ ਵਿਚ ਨਵਾਂ ਆਤਮ-ਮੰਡਲ ਉਦੈ ਹੋ ਰਿਹਾ ਸੀ। ਦਸਮ ਪਿਤਾ ਕਲਗੀਆਂ ਵਾਲੇ ਦੀ ਜਗਮਗ ਕਰਦੀ ਜੋਤ ਨਵੇਂ ਨਿਆਰੇ ਰਾਹ ਵਿੱਚ ਦਾਖਲ ਹੋਣ ਲਈ ਆਪਣਾ ਪ੍ਰਕਾਸ਼ ਬਿਖੇਰ ਰਹੀ ਸੀ।

ਵਿਚਾਰ ਆਪੋ ਆਪਣੇ

# ਲੋਕਾਂ ਉੱਤੇ ਜ਼ੁਲਮ ਢਾਹੁਣ ਵਾਲੇ ਭਾਰਤ ਨੂੰ ਕੌਮਾਂਤਰੀ ਕਟਹਿਰੇ 'ਚ ਖੜ੍ਹਾ ਕਰਨਾ ਸਮੇਂ ਦੀ ਲੋੜ

## ਇੰਡੀਆ ਵੱਲੋਂ ਸਿੱਖ ਨੌਜਵਾਨਾਂ, ਕਿਸਾਨਾਂ, ਖੇਤ-ਮਜ਼ਦੂਰਾਂ ਉਪਰ ਕੀਤਾ ਜਾ ਰਿਹਾ ਤਾਜਾ ਜ਼ਬਰ ਇੰਟਰਨੈਸ਼ਨਲ ਕਾਨੂੰਨਾਂ ਦੇ ਤਹਿਤ ਬੰਦ ਕਰਵਾਇਆ ਜਾਵੇ

**ਸਿਮਰਨਜੀਤ ਸਿੰਘ ਮਾਨ**



ਇੰਟਰਨੈਸ਼ਨਲ ਕਾਨੂੰਨਾਂ ਨੂੰ ਭਾਰਤ ਸਵੀਕਾਰ ਨਹੀਂ ਕਰਦਾ । ਹਰ ਵਕਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਕੇ ਕਾਨੂੰਨ ਨੂੰ ਘੱਟ ਗਿਣਤੀ ਕੌਮਾਂ ਅਤੇ ਰੰਘਰੇਟੇ ਸਿੱਖਾਂ (ਦਲਿਤਾਂ) ਖਿਲਾਫ਼ ਲਗਾਤਾਰ ਵਰਤਦਾ ਆ ਰਿਹਾ ਹੈ। ਸੰਵਿਧਾਨ ਦੀ ਧਾਰਾ 51 ਸੈਂਟਰ ਦੀ ਸਰਕਾਰ ਨੂੰ ਸੰਦੇਸ਼ ਅਤੇ ਹੁਕਮ ਦਿੰਦੀ ਹੈ ਕਿ ਸਾਰੇ ਇੰਟਰਨੈਸ਼ਨਲ ਕਾਨੂੰਨਾਂ ਖਾਸ ਕਰਕੇ ਯੂ.ਐਨ. ਦੇ ਕਾਨੂੰਨਾਂ ਨੂੰ ਉਹ ਸਵੀਕਾਰ ਕਰੇ ਅਤੇ ਇਨ੍ਹਾਂ ਕਾਨੂੰਨਾਂ ਦੀ ਉਲੰਘਣਾ ਖਿਲਾਫ਼ ਕਾਨੂੰਨ ਬਣਾ ਕੇ ਸਖਤੀ ਨਾਲ ਲਾਗੂ ਕਰੇ । ਪਰ ਭਾਰਤ ਨੇ ਅੱਜ ਤੱਕ ਅਜਿਹਾ ਕੁਝ ਨਹੀਂ ਕੀਤਾ । (ਹੇਠ ਲਿਖੇ ਇਹ ਕਾਨੂੰਨਾਂ ਦੀ ਲਿਸਟ ਅਸੀਂ ਅੰਗਰੇਜ਼ੀ ਵਿਚ ਦੇ ਰਹੇ ਹਾਂ) : ਜੋ ਬਾਹਰਲੇ ਦੇਸ਼ਾਂ ਵਿਚ ਪੜ੍ਹੇ-ਲਿਖੇ ਸਾਡੇ ਵਿਦਵਾਨ ਹਨ ਇਨ੍ਹਾਂ ਦੇ ਖਾਸ ਗੌਰ ਕਰਨ ਅਤੇ ਆਪਣੇ-ਆਪਣੇ ਦੇਸ਼ਾਂ ਦੀਆਂ ਸਰਕਾਰਾਂ ਤੇ ਕਾਨੂੰਨੀ ਦਬਾਅ ਪਾ ਕੇ ਇਨ੍ਹਾਂ ਨੂੰ ਲਾਗੂ ਕਰਵਾਉਣ ਲਈ ਯਤਨ ਆਰੰਭਣ :

THIS (Theocratic Hindu Indian State) has not signed and ratified numerous UN protocols and conventions on Human Rights, some of them being:

- 1948 Convention on the Prevention and Punishment of the Crime of Genocide[
- 1951 Convention relating to the Status of Refugees[
- 1954 Convention relating to Status of Stateless Persons[
- 1960 Declaration on the Granting of Independence to Colonial Countries and Peoples[
- 1965 International Convention on the Elimination of All Forms of Racial Discrimination[
- 1966 Optional Protocol to the International Covenant on Civil and Political Rights[
- 1967 Protocol Relating to the Status of Refugees[ It is because there are still 30,000 Sikh Stateless refugees in Kashmir since 1947[
- 1972 Treaty on the Limitation of Anti-Ballistic Missile System[
- 1972 Convention Concerning the Protection of the World Cultural and Natural Heritage[ If this Convention had been followed, neither the Darbar Sahib, the Golden Temple would not have been reduced to rubble nor the Babri Masjid in 1992[
- 1984 Convention against Torture and other Cruel Inhuman or Degrading Treatment or Punishment[
- 1984 Safeguard and guaranteeing protection of the Rights of those facing the death penalty[
- 1995 Treaty on the Non-Proliferation of Nuclear Weapons[
- 1996 Comprehensive Nuclear Test Ban Treaty[
- 1997 Convention on the Prohibition of the Use, Stockpiling, Production and Transfer of anti-Personnel Mines and their Destruction (the Ottawa Convention on the abolition of landmines)[
- 2001 Rome Statute, by virtue of which the International Criminal Court has been set up at the Hague[
- 2010 The Convention on Cluster Munitions prohibits all use, stockpiling, production and transfer of Cluster Munitions

ਸਿੱਖਾਂ ਵੱਲੋਂ ਆਪਣੀ ਆਜ਼ਾਦ ਬਾਦਸ਼ਾਹੀ (ਖ਼ਾਲਿਸਤਾਨ) ਸਿੱਖ ਸਟੇਟ ਦੀ ਪ੍ਰਾਪਤੀ ਲਈ ਉਠਾਈ ਜਾ ਰਹੀ ਮੰਗ ਦਾ ਕਾਂਗਰਸ, ਬੀਜੇਪੀ, ਹਿੰਦੂ ਸੰਗਠਨ, ਕਾਮਰੇਡ ਧਿਰਾ ਅਤੇ ਆਮ ਆਦਮੀ ਪਾਰਟੀ ਵੱਲੋਂ ਬੜੇ ਘਟੀਆ ਤਰੀਕਿਆਂ ਨਾਲ ਵਿਰੋਧ ਕੀਤਾ ਜਾ ਰਿਹਾ ਹੈ ਇਸ ਬਦਲੇ ਭਾਰਤੀ ਹਕੂਮਤ ਵੱਲੋਂ ਲਗਾਤਾਰ ਸਿੱਖ ਕੌਮ ਉਤੇ ਜ਼ਬਰ-ਜੁਲਮ, ਝੂਠੇ ਪੁਲਿਸ ਮੁਕਾਬਲੇ ਅਤੇ ਦਹਿਸਤ ਪਾ ਕੇ ਸਿੱਖ ਨੌਜ਼ਵਾਨੀ ਨੂੰ ਕੁਚਲਿਆ ਗਿਆ ਅਤੇ ਇਹ ਵਰਤਾਰਾ ਅੱਜ ਵੀ ਬਾਸੂਰਤ ਜਾਰੀ ਹੈ । ਇਸਦੀ ਉਦਾਹਰਣ ਇਸ ਗੱਲ ਤੋ ਮਿਲਦੀ ਹੈ ਕਿ ਕੁਝ ਸਮਾਂ ਪਹਿਲਾ ਜਲੰਧਰ ਵਿਖੇ ਆਰ.ਐਸ.ਐਸ. ਦੇ ਆਗੂ ਸ੍ਰੀ ਜਗਦੀਸ ਗਗਨੇਜਾ, ਲੁਧਿਆਣਾ ਵਿਖੇ ਰਵਿੰਦਰ ਗੋਸਾਈ ਅਤੇ ਹੁਣ ਅੰਮ੍ਰਿਤਸਰ ਵਿਖੇ ਸ੍ਰੀ ਵਿਪਨ ਸ਼ਰਮਾ ਦੀਆਂ ਹੋਈਆ ਹਤਿਆਵਾਂ ਤੇ ਸਮੁੱਚਾ ਭਾਰਤ ਅਤੇ ਹਿੰਦੂ ਤੇ ਬ੍ਰਾਹਮਣਵਾਦ ਮੀਡੀਆ ਇਕਜੁੱਟ ਹੋ ਕੇ ਬੜੇ ਸਾਜ਼ਸੀ ਤਰੀਕਿਆ ਨਾਲ ਸਮੁੱਚੀ ਸਿੱਖ ਕੌਮ ਨੂੰ ਬਦਨਾਮ ਕਰਨ ਤੇ ਜੁੱਟ ਗਏ ਹਨ । ਅੰਗਰੇਜ਼ੀ ਟ੍ਰਿਬਿਊਨ, ਟਾਈਮਜ਼ ਆਫ਼ ਇੰਡੀਆ, ਇੰਡੀਅਨ ਐਕਸਪ੍ਰੈਸ, ਹਿੰਦੂਸਤਾਨ ਟਾਈਮਜ਼ ਅਤੇ ਕੁਝ ਹਿੰਦੀ ਅਖ਼ਬਾਰਾਂ ਤਾਂ ਇਸ ਗੱਲ ਤੇ ਖੁਸ਼ੀ ਦਾ ਇਜ਼ਹਾਰ ਕਰਦੀਆਂ ਜਾਪਦੀਆਂ ਹਨ ਕਿ ਜਿਸ ਤਰ੍ਹਾਂ ਉਨ੍ਹਾਂ ਨੂੰ ਇਨ੍ਹਾਂ ਹਤਿਆਵਾਂ ਵਿਚ ਸਿੱਖ ਨੌਜ਼ਵਾਨਾਂ ਦੇ ਨਾਮ ਸਾਹਮਣੇ ਆਉਣ ਨਾਲ ਬਹੁਤ ਵੱਡੀਆਂ ਪ੍ਰਾਪਤੀਆਂ ਕਰ ਲਈਆਂ ਹੋਣ । ਇਸ ਤਰ੍ਹਾਂ ਕੁਝ ਸਿੱਖ ਨੌਜ਼ਵਾਨਾਂ ਦੇ ਨਾਮ ਸਾਹਮਣੇ ਆਉਣ ਨਾਲ ਪੂਰੀ ਸਿੱਖ ਕੌਮ ਨੂੰ ਅੱਤਵਾਦੀ, ਵੱਖਵਾਦੀ, ਗਰਮਦਲੀਏ, ਸ਼ਰਾਰਤੀ ਅਨਸਰ ਜਿਹੇ ਨਾਮਾਂ ਨਾਲ ਪੁਕਾਰ ਕੇ ਸਿੱਖ ਕੌਮ ਨੂੰ ਨਿਸ਼ਾਨੇ ਤੇ ਲਿਆਂਦਾ ਜਾ ਰਿਹਾ ਹੈ । ਇਨ੍ਹਾਂ ਸਿੱਖ ਵਿਰੋਧੀ ਤਾਕਤਾਂ ਨੂੰ ਉਸ ਵੇਲੇ ਹੋਰ ਵੀ ਬਲ ਅਤੇ ਉਤਸਾਹ ਉਦੋਂ ਮਿਲਦਾ ਹੈ ਜਦੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼ਰੇਆਮ ਕੈਨੇਡਾ ਸਥਿਤ ਰੱਖਿਆ ਵਜ਼ੀਰ ਸ. ਹਰਜੀਤ ਸਿੰਘ ਸੱਜਣ ਅਤੇ ਐਨ.ਡੀ.ਪੀ. ਦੇ ਮੁੱਖੀ ਸ. ਜਗਮੀਤ ਸਿੰਘ ਨੂੰ ਖ਼ਾਲਿਸਤਾਨੀ ਹੋਣ ਦੇ ਠੱਪੇ ਲਗਾ ਕੇ ਵੱਡੇ-ਵੱਡੇ ਬਿਆਨ ਦਾਗਦੇ ਹਨ । ਸ੍ਰੀ ਕੈਪਟਨ ਅਨੁਸਾਰ ਵਿਦੇਸ਼ਾਂ ਵਿਚ ਖ਼ਾਲਿਸਤਾਨੀ ਲਹਿਰ ਤਿੱਖੇ ਰੂਪ ਵਿਚ ਤਿਆਰ ਕਰਨ ਪਿੱਛੇ ਇਨ੍ਹਾਂ ਆਗੂਆਂ ਦਾ ਸਿੱਧਮ-ਸਿੱਧਾ ਹੱਥ ਹੋਣ ਦੀਆਂ ਗੱਲਾਂ ਵੀ ਕਰ ਰਹੇ ਹਨ।

ਇਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਸਿੱਖ ਕੌਮ ਦੀ ਭਾਰਤੀ ਹਕੂਮਤ ਵੱਲੋਂ 1984 ਵਿਚ ਕੀਤੀ ਨਸ਼ਲਕੁਸੀ ਵਿਚ ਮੁੱਖ ਦੋਸ਼ੀ ਸ੍ਰੀ ਜਗਦੀਸ ਟਾਈਟਲਰ ਅਤੇ ਸਿੱਖ ਨੌਜਵਾਨਾਂ ਨੂੰ ਕੋਹ-ਕੋਹ ਕੇ ਸ਼ਹੀਦ ਕਰਨ ਵਾਲੇ ਕੇ.ਪੀ.ਐਸ. ਗਿੱਲ ਨੂੰ ਨਿਰਦੋਸ਼ ਕਰਾਰ ਦੇ ਕੇ ਸੈਂਟਰ ਹਕੂਮਤ ਤੋਂ ਖੁਸ਼ੀਆਂ ਹਾਸਿਲ ਕਰਨ ਲਈ ਅਜਿਹਾ ਕਰ ਰਹੇ ਹਨ । ਸ. ਅਮਰਿੰਦਰ ਸਿੰਘ ਵੱਲੋਂ ਕੀਤੀਆ ਜਾ ਰਹੀਆਂ ਇਨ੍ਹਾਂ ਬੇਹੂਦਾ ਗੱਲਾਂ ਨਾਲ ਸਿੱਖ ਕੌਮ ਦੇ ਅਕਸ ਨੂੰ ਦੁਨੀਆਂ ਭਰ ਵਿਚ ਭਾਰੀ ਢਾਅ ਲੱਗੀ ਹੈ । ਹਿੰਦ ਹਕੂਮਤ ਨੇ ਕਾਨੂੰਨਾਂ ਦੀ ਉਲੰਘਣਾ ਕਰਕੇ ਸਜ਼ਾ-ਯਾਫਤਾ ਅਤੇ ਗੈਰ-ਇਖਲਾਕੀ ਇਸ ਕੇ.ਪੀ.ਐਸ. ਗਿੱਲ ਦੀਆਂ ਸਰਕਾਰੀ ਸਹੂਲਤਾਂ ਅਤੇ ਪੈਨਸ਼ਨ ਜਿਹੇ ਭੱਤੇ ਬੰਦ ਨਹੀਂ ਕੀਤੇ, ਨਾ ਹੀ ਉਸਨੂੰ ਮਿਲੇ ਮੈਡਲ ਵਾਪਸ ਲਏ । ਜਦੋਂਕਿ ਕਾਨੂੰਨ ਅਨੁਸਾਰ ਕਿਸੇ ਅਧਿਕਾਰੀ ਨੂੰ ਸਜ਼ਾ ਹੋ ਜਾਣ ਦੀ ਸੂਰਤ ਵਿਚ ਇਹ ਸਾਰੀਆਂ ਸਹੂਲਤਾਂ ਵਾਪਸ ਲਈਆਂ ਜਾਣੀਆਂ ਜ਼ਰੂਰੀ ਹੁੰਦੀਆਂ ਹਨ । ਪਰ ਇਸ ਤੋ ਇਲਾਵਾ ਕੇ.ਪੀ.ਐਸ. ਗਿੱਲ ਵਾਂਗੂ ਸਿੱਖ ਕੌਮ ਦੀ ਨਸ਼ਲਕੁਸੀ ਕਰਨ ਵਾਲੇ ਅਨੇਕਾਂ ਹੋਰ ਪੁਲਿਸ ਅਧਿਕਾਰੀ ਅੱਜ ਵੀ ਡਿਊਟੀਆਂ ਤੇ ਤਾਇਨਾਤ ਹਨ ਜੋ ਸਾਰੀਆਂ ਸਹੂਲਤਾਂ ਦਾ ਆਨੰਦ ਮਾਣ ਰਹੇ ਹਨ। ਕੇ.ਪੀ.ਐਸ. ਗਿੱਲ ਸਭ ਤੋ ਉੱਚ ਅਦਾਲਤ ਸੁਪਰੀਮ ਕੋਰਟ ਤੋਂ ਬਦਚੱਲਣੀ ਦੇ ਮੁਕੱਦਮੇ ਵਿਚ ਸਜ਼ਾ-ਯਾਫਤਾ ਹੋ ਚੁੱਕਿਆ ਸੀ

01 ਮਈ 1994 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਉਸ ਵੇਲੇ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਦੀ ਹਾਜ਼ਰੀ ਵਿਚ ਸ੍ਰੀ ਅੰਮ੍ਰਿਤਸਰ ਐਲਾਨਨਾਮੇ ਤੇ ਆਜ਼ਾਦ ਸਿੱਖ ਰਾਜ ਖ਼ਾਲਿਸਤਾਨ ਦੇ ਮਤੇ ਉਤੇ ਕੈਪਟਨ ਅਮਰਿੰਦਰ ਸਿੰਘ ਨੇ ਦਸਤਖ਼ਤ ਕਰਕੇ ਸੌਹ ਚੁੱਕੀ ਸੀ । ਇਸ ਮਤੇ ਉਤੇ ਸ. ਸਿਮਰਨਜੀਤ ਸਿੰਘ ਮਾਨ, ਸੁਰਜੀਤ ਸਿੰਘ ਬਰਨਾਲਾ, ਜਸਮੇਰ ਸਿੰਘ ਬਾਲਾ, ਭਾਈ ਮਨਜੀਤ ਸਿੰਘ, ਜਗਦੇਵ ਸਿੰਘ ਤਲਵੰਡੀ, ਗੁਰਚਰਨ ਸਿੰਘ ਟੋਹੜਾ ਜਿਹੇ ਪ੍ਰਮੁੱਖ ਆਗੂਆਂ ਨੇ ਵੀ ਦਸਤਖ਼ਤ ਕਰਕੇ ਸੌਹ ਚੁੱਕੀ ਸੀ । ਜਿਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਅਹੁਦਿਆਂ, ਕੁਰਸੀ ਦੇ ਲਾਲਚ ਲਈ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਇਨ੍ਹਾਂ ਵਰਗੇ ਸਿੱਖ ਲੀਡਰ ਕਿਸ ਹੱਦ ਤੱਕ ਗਿਰ ਕੇ ਆਪਣੀ ਕੌਮ ਨਾਲ ਦਗਾ ਕਮਾ ਸਕਦੇ ਹਨ ।

ਹਿੰਦੂ ਆਗੂਆਂ ਦੇ ਹੋਏ ਕਤਲਾਂ ਵਿਚ ਸਾਮਿਲ ਕੀਤੇ ਗਏ ਸਿੱਖ ਨੌਜਵਾਨਾਂ ਉੱਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਕੇ ਅਣਮਨੁੱਖੀ ਤਸੱਦਦ ਢਾਹ ਕੇ ਇਨ੍ਹਾਂ ਪਰਿਵਾਰਾਂ ਦੇ ਬਜ਼ੁਰਗਾਂ ਅਤੇ ਬੀਬੀਆਂ ਨੂੰ ਵੀ ਜ਼ਲੀਲ ਕੀਤਾ ਜਾ ਰਿਹਾ ਹੈ । ਇਥੇ ਵਰਣਨ ਕਰਨਾ ਜ਼ਰੂਰੀ ਹੈ ਕਿ ਇਹ ਵਰਤਾਰਾ ਤਾਂ ਵਾਪਰ ਰਿਹਾ ਹੈ ਕਿ ਹਿੰਦ ਹਕੂਮਤ ਇੰਟਰਨੈਸ਼ਨਲ ਪੱਧਰ ਤੇ ਬਣੇ ਕਾਨੂੰਨਾਂ ਨੂੰ ਨਹੀਂ ਮੰਨ ਰਹੀ । ਪਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਮੇਸ਼ਾਂ ਇਨ੍ਹਾਂ ਕਾਨੂੰਨਾਂ ਦੀ ਪਾਲਣਾ ਕਰਦਿਆਂ ਜਮਹੂਰੀਅਤ ਅਤੇ ਅਮਨਮਈ ਤਰੀਕੇ ਤਿੰਨ ਪ੍ਰਮਾਣੂ ਤਾਕਤਾਂ ਨਾਲ ਲੈਸ ਮੁਲਕ ਇਸਲਾਮਿਕ-ਪਾਕਿਸਤਾਨ, ਕਾਮਰੇਡ-ਚੀਨ ਅਤੇ ਹਿੰਦੂ-ਭਾਰਤ ਦੇ ਵਿਚਕਾਰ ਇਕ ਬਫ਼ਰ ਸਟੇਟ, ਆਜ਼ਾਦ ਬਾਦਸ਼ਾਹੀ ਸਿੱਖ ਰਾਜ (ਖ਼ਾਲਿਸਤਾਨ) ਦੀ ਪ੍ਰਾਪਤੀ ਲਈ ਜੱਦੋਂ-ਜ਼ਹਿਦ ਕਰਦਾ ਆ ਰਿਹਾ ਹੈ । ਪਰ ਦੇਸ਼ ਦੀਆਂ ਸਾਰੀਆਂ ਹੀ ਰਾਜਸੀ, ਬ੍ਰਾਹਮਣਵਾਦ ਪੱਖੀ ਜਮਾਤਾਂ ਅਤੇ ਸਮੁੱਚਾ ਮੁਤੱਸਵੀ ਸੋਚ ਅਧੀਨ ਚੱਲ ਰਿਹਾ ਮੀਡੀਆ ਖ਼ਾਲਿਸਤਾਨ ਦੀ ਇਸ ਲਹਿਰ ਨੂੰ ਬੇਵਜਹ ਭੰਡੀ ਪ੍ਰਚਾਰ ਕਰਕੇ ਸਿੱਖ ਕੌਮ ਨੂੰ ਦੁਨੀਆਂ ਭਰ ਵਿਚ ਬਦਨਾਮ ਕਰਨ ਤੇ ਤੁਲਿਆ ਹੋਇਆ ਹੈ ।

ਸਿੱਖ ਕੌਮ ਨਾਲ ਸੰਬੰਧਤ ਸੰਤ ਮਹਾਪੁਰਖ, ਬਾਬੇ, ਡੇਰੇਦਾਰ, ਪ੍ਰਚਾਰਕ, ਰਾਗੀ-ਢਾਡੀ, ਸਿੱਖ ਫੈਡਰੇਸ਼ਨਾਂ, ਟਕਸਾਲਾਂ ਅਤੇ ਹੋਰ ਸਿੱਖ ਸੰਗਠਨ, ਧਾਰਮਿਕ, ਸਿਆਸੀ, ਕੌਮੀ ਅਤੇ ਰਾਜਸੀ ਸੋਝੀ ਨਾ ਹੋਣ ਕਾਰਨ ਕੌਮੀ ਸੰਘਰਸ਼ ਨੂੰ ਛੱਡ ਕੇ ਆਪਣੇ ਨਿੱਜੀ ਲਾਲਚਾਂ, ਸ਼ੋਹਰਤਾਂ ਅਤੇ ਅਹੁਦਿਆਂ ਦੀ ਚਾਹਤ ਵਿਚ ਉਲਝ ਕੇ ਰਹਿ ਗਏ ਹਨ । ਅੱਜ ਸਾਡੀ ਕੌਮ ਦਾ ਹਾਲ ਇਸ ਤਰ੍ਹਾਂ ਹੈ ਜਿਵੇਂ ਮੱਸਿਆ ਦੇ ਮੇਲੇ ਤੇ ਗੁਆਚੀਆਂ ਗਾਵਾਂ ਫਿਰਦੀਆਂ ਹੋਣ । ਅੱਜ ਸਿੱਖ ਕੌਮ ਦੇ ਦੋ ਪ੍ਰਮੁੱਖ ਧਿਰਾਂ ਦੇ ਬਾਬੇ ਆਪਸ ਵਿਚ ਦੂਸ਼ਣਬਾਜੀ ਅਤੇ ਮਾਰ-ਮਰਾਉਣ ਤੱਕ ਆ ਗਏ ਹਨ । ਇਸ ਬਦਲੇ ਉਹ ਸਰਕਾਰਾਂ ਦੀ ਮਦਦ ਲੈਣ ਲਈ ਆਪਣੇ ਅਸਲ ਟੀਚੇ ਤੋਂ ਭਟਕ ਚੁੱਕੇ ਹਨ । ਇਨ੍ਹਾਂ ਬਾਬਿਆਂ ਦਾ ਮੁੱਖ ਨਿਸ਼ਾਨਾਂ ਗੁਰੂ ਨਾਨਕ ਸਾਹਿਬ ਜੀ ਦੇ ਸੰਦੇਸ਼ ਬਾਬਰ-ਜ਼ਾਬਰ ਵਾਲਾ ਹੋਣਾ ਚਾਹੀਦਾ ਸੀ, ਪਰ ਇਨ੍ਹਾਂ ਵੱਲੋਂ ਸਿਆਸੀ ਸਰਪ੍ਰਸਤੀਆਂ ਹਾਸਿਲ ਕਰਨ ਦੀ ਲੱਗੀ ਦੌੜ ਸਿੱਖ ਕੌਮ ਨੂੰ ਨਿਰਾਸਤਾ ਦੇ ਆਲਮ ਵੱਲ ਧੱਕ ਰਹੀ ਹੈ । ਇਨ੍ਹਾਂ ਮਹਾਪੁਰਖਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੌਮ ਦੇ ਹੋਰ ਵੀ ਬਹੁਤ ਸਾਰੇ ਮਸਲੇ ਜੋ ਅੱਜ ਤੱਕ ਹੱਲ ਨਹੀਂ ਹੋਏ ਜਿਵੇ, 25-25, 30-30 ਸਾਲਾ ਤੋਂ ਗੈਰ-ਕਾਨੂੰਨੀ ਤਰੀਕੇ ਬੰਦੀ ਬਣਾਏ ਗਏ ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ, ਬਲਵੰਤ ਸਿੰਘ ਰਾਜੋਆਣਾ, ਦਿਆ ਸਿੰਘ ਲਾਹੌਰੀਆ, ਪਰਮਜੀਤ ਸਿੰਘ ਭਿਓਰਾ, ਜਗਤਾਰ ਸਿੰਘ ਤਾਰਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਦੇ ਲਈ, ਸਿੱਖ ਨਸ਼ਲਕੁਸੀ ਤੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਪਮਾਨਿਤ ਕਰਨ ਵਾਲੇ ਦੋਸ਼ੀਆਂ ਦੀ ਸਾਜ਼ਿਸ ਸਾਹਮਣੇ ਲਿਆਉਣ, ਬਰਗਾੜੀ ਵਿਖੇ ਸ਼ਹੀਦ ਹੋਏ ਭਾਈ ਗੁਰਜੀਤ ਸਿੰਘ ਸਰਾਵਾਂ ਅਤੇ ਭਾਈ ਕ੍ਰਿਸ਼ਨ ਭਗਵਾਨ ਸਿੰਘ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ, ਸਮੁੱਚੇ ਗੁਰੂਘਰਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਿਤ ਰਹਿਤ-ਮਰਿਯਾਦਾ ਨੂੰ ਲਾਗੂ ਕਰਨ, 2003 ਵਾਲੇ ਮੂਲ ਨਾਨਕਸਾਹੀ ਕੈਲੰਡਰ ਅਨੁਸਾਰ ਕੌਮੀ ਦਿਹਾੜੇ ਮਨਾਉਣ, ਸਿੱਖ ਨੌਜ਼ਵਾਨੀ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਮਿੱਥੇ ਸਿਆਸੀ ਨਿਸ਼ਾਨੇ ਖ਼ਾਲਿਸਤਾਨ ਅਤੇ ਰੂਹਾਨੀਅਤ ਤੌਰ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਜੋੜਦੇ ਹੋਏ ਪ੍ਰਚਾਰ ਕਰਨ ਦੀ ਅੱਜ ਸਖ਼ਤ ਲੋੜ ਹੈ, ਤਾਂ ਉਸ ਸਮੇਂ ਵੀ ਉਪਰੋਕਤ ਸਭ ਸਿੱਖ ਸਖ਼ਸੀਅਤਾਂ ਅਤੇ ਸਿੱਖੀ ਸੰਸਥਾਵਾਂ, ਸਿਆਸੀ ਤੇ ਧਾਰਮਿਕ ਆਗੂਆਂ ਵੱਲੋਂ ਛੋਟੇ-ਛੋਟੇ ਮਸਲਿਆਂ ਉਤੇ ਆਪਸ ਵਿਚ ਲੜ ਕੇ ਆਪਣੀ ਅਸੀਮਤ ਸ਼ਕਤੀ ਨੂੰ ਜਾਇਆ ਕਰਨ ਅਤੇ ਦੁਸ਼ਮਣ ਨੂੰ ਉਤਸਾਹਿਤ ਕਰਨ ਤੇ ਲੱਗੇ ਹੋਏ ਹਨ ਜੋ ਕਿ ਅਫ਼ਸੋਸਨਾਕ ਅਤੇ ਦੁੱਖਦਾਇਕ ਕਾਰਵਾਈਆਂ ਹਨ।

ਗੁਰੂ ਨਾਨਕ ਸਾਹਿਬ ਦਾ ਆਦੇਸ਼ ਹੈ ਕਿ ਉੱਚੇ ਪਰਬਤਾਂ ਤੋਂ ਥੱਲ੍ਹੇ ਆ ਕੇ ਜੋ ਧਾਰਮਿਕ ਸਖਸ਼ੀਅਤਾਂ ਹਨ ਉਹ ਸਿੱਖ ਧਰਮ ਤੇ ਕੌਮ ਦੇ ਹਿੱਤ ਦੇ ਵਿਚ ਪ੍ਰਚਾਰ ਕਰਨ । ਅੱਜ ਦੀ ਲੋੜ ਹੈ ਕਿ ਸਾਡੇ ਮਹਾਪੁਰਖ ਡੇਰਿਆਂ ਨੂੰ ਛੱਡ ਕੇ, ਵਿਦੇਸ਼ ਜਾਣ ਦੀ ਲਾਲਸਾ, ਮਹਿੰਗੀਆਂ ਗੱਡੀਆਂ ਅਤੇ ਭੜਕੀਲੇ ਪਹਿਰਾਵੇ ਛੱਡ ਕੇ ਜਿਥੇ ਬਾਬਰ-ਜ਼ਾਬਰ, ਪਰਬਤਾਂ ਨੂੰ ਵਿਛੋੜਾ ਤੇ ਗ੍ਰਹਿਸਤ ਦੇ ਵਿਚ ਆ ਕੇ, ਅਕਾਲ ਤਖ਼ਤ ਸਾਹਿਬ ਦੇ ਰਹਿਤਨਾਮੇ ਨੂੰ ਮੰਨ ਕੇ ਸੇਵਾ ਕਰਨ। ਅੱਜ ਕੌਮਾਂਤਰੀ ਪੱਧਰ ਤੇ ਦੋ ਤਾਕਤਵਰ ਬਲਾਕ ਬਣਨ ਉਤੇ ਵੀ ਗੌਰ ਕਰਨਾ ਜ਼ਰੂਰੀ ਹੈ। ਅਮਰੀਕਾ ਦੇ ਸਦਰ ਸ੍ਰੀ ਡੋਨਲਡ ਟਰੰਪ ਅਤੇ ਭਾਰਤ ਦੇ ਵਜ਼ੀਰ-ਏ-ਆਜ਼ਮ ਸ੍ਰੀ ਨਰਿੰਦਰ ਮੋਦੀ ਵੱਲੋਂ ਅਤੇ ਇਨ੍ਹਾਂ ਦੇ ਗਰੁੱਪ ਦੇ ਸਾਥੀ ਮੁਲਕਾਂ ਵੱਲੋਂ ਸਰਕਾਰੀ ਦਹਿਸ਼ਤਗਰਦੀ ਦੀ ਗੱਲ ਦੀ ਪੈਰਵੀ ਕਰ ਕੇ ਮਨੁੱਖਤਾ ਵਿਰੋਧੀ ਦੁੱਖਦਾਇਕ ਅਮਲ ਹੋਣ ਜਾ ਰਹੇ ਹਨ । ਜਦੋਂਕਿ ਅਮਰੀਕਾ ਦੀ ਹੁਣ ਤੱਕ ਦੀ ਵਿਦੇਸ਼ ਨੀਤੀ ਮਨੁੱਖੀ ਹੱਕਾਂ ਦੀ ਰਖਵਾਲੀ ਕਰਨ ਵਾਲੀ ਰਹੀ ਹੈ । ਹੁਣ ਜਦੋਂ ਅਮਰੀਕਾ ਦੇ ਸਦਰ ਦਾ ਜਪਾਨ, ਚੀਨ, ਵੀਅਤਨਾਮ ਤੇ ਫਿਲਪੀਨਜ਼ ਦਾ ਦੌਰਾ ਹੋਇਆ ਹੈ, ਇਸ ਵਿਚ ਇਸ ਗਰੁੱਪ ਦੇ ਮੁਲਕਾਂ ਵੱਲੋਂ ਸਰਕਾਰੀ ਦਹਿਸ਼ਤਗਰਦੀ ਦੀ ਗੱਲ ਲਈ ਹਾਮੀ ਭਰੀ ਗਈ ਹੈ । ਇਥੇ ਇਹ ਵਰਣਨ ਕਰਨਾ ਜ਼ਰੂਰੀ ਹੈ ਕਿ ਸ੍ਰੀ ਮੋਦੀ ਨੇ 2002 ਵਿਚ ਗੁਜਰਾਤ ਵਿਚ ਦੋ ਹਜ਼ਾਰ ਮੁਸਲਮਾਨਾਂ ਦਾ ਸਮੂਹਿਕ ਤੌਰ ਤੇ ਸਾਜ਼ਸੀ ਢੰਗ ਨਾਲ ਕਤਲੇਆਮ ਕਰਵਾਇਆ ਅਤੇ 2013 ਵਿਚ ਗੁਜਰਾਤ ਵਿਚ ਪੱਕੇ ਤੌਰ ਤੇ ਵੱਸੇ ਆਪਣੀਆ ਜ਼ਮੀਨਾਂ ਦੇ ਮਾਲਕ 60 ਹਜ਼ਾਰ ਸਿੱਖਾਂ ਨੂੰ ਜਬਰੀ ਗੈਰ-ਕਾਨੂੰਨੀ ਤਰੀਕੇ ਬੇਜ਼ਮੀਨੇ ਤੇ ਬੇਘਰ ਕਰ ਦਿੱਤਾ । ਇਸ ਤੋ ਇਲਾਵਾ ਬੀਜੇਪੀ-ਆਰ.ਐਸ.ਐਸ. ਵਾਲੇ ਭਾਰਤ ਵਿਚ ਵੱਸਣ ਵਾਲੀਆ ਸਮੁੱਚੀਆਂ ਘੱਟ ਗਿਣਤੀ ਕੌਮਾਂ ਉਤੇ ਜ਼ਬਰੀ ਹਿੰਦੂਤਵ ਪ੍ਰੋਗਰਾਮ ਠੋਸ ਰਹੇ ਹਨ । ਕਸ਼ਮੀਰ ਵਿਚ ਫੌਜ ਤੇ ਅਰਧ ਸੈਨਿਕ ਬਲਾਂ ਨੂੰ ਆਮ ਕਸ਼ਮੀਰੀ ਨਾਗਰਿਕਾਂ ਨੂੰ ਜਾਨੋ ਮਾਰਨ, ਜਖਮੀ ਕਰਨ, ਅਗਵਾ ਕਰਨ ਅਤੇ ਉਨ੍ਹਾਂ ਦੀਆਂ ਬੀਬੀਆਂ ਨਾਲ ਜ਼ਬਰ-ਜ਼ਨਾਹ ਕਰਨ ਦੀ ਖੁੱਲ੍ਹ ਦਿੱਤੀ ਹੋਈ ਹੈ। ਜੋ ਕੌਮਾਂਤਰੀ ਮਨੁੱਖੀ ਅਧਿਕਾਰਾਂ ਨਾਲ ਸੰਬੰਧਤ ਕਾਨੂੰਨਾਂ ਤੇ ਨਿਯਮਾਂ ਦੀ ਘੋਰ ਉਲੰਘਣਾ ਦੇ ਅਮਲ ਹਨ।

ਅਮਰੀਕਾ ਦੇ ਸਾਬਕਾ ਸਦਰ ਸ੍ਰੀ ਰੂਜਵੈਲਟ ਦੀ ਪਤਨੀ ਬੀਬੀ ਐਲਨਰ ਰੂਜਵੈਲਟ ਨੇ ਯੂ.ਐਨ. ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਪ੍ਰੇਰਣਾ ਦਿੰਦੇ ਹੋਏ ਯੂ.ਐਨ. ਹਿਊਮਨ ਰਾਈਟਸ ਕਮਿਸ਼ਨ ਖੜੀ ਕੀਤੀ ਸੀ । ਪਰ ਦੁੱਖ ਅਤੇ ਅਫ਼ਸੋਸ ਹੈ ਕਿ ਮਨੁੱਖੀ ਪੀੜਾ ਅਤੇ ਦਰਦ ਨੂੰ ਖ਼ਤਮ ਕਰਕੇ ਸ੍ਰੀ ਟਰੰਪ ਮਨੁੱਖੀ ਅਧਿਕਾਰਾਂ ਦੇ ਵਿਰੁੱਧ ਚੱਲ ਪਏ ਹਨ । ਸ੍ਰੀ ਟਰੰਪ ਦੇ ਉਪਰੋਕਤ ਦੌਰੇ ਵਿਚ ਇਹ ਵੀ ਨਜ਼ਰ ਆਇਆ ਹੈ ਕਿ ਚੀਨ ਦੇ ਖਿਲਾਫ਼ ਅਮਰੀਕਾ ਪੱਖੀ ਉਪਰੋਕਤ ਮੁਲਕਾਂ ਨੇ ਫ਼ੌਜੀ ਸੰਗਠਨ ਬਣਾ ਲਿਆ ਹੈ ਜਿਸ ਵਿਚ ਜਪਾਨ, ਆਸਟ੍ਰੇਲੀਆ, ਅਮਰੀਕਾ, ਨਿਊਜੀਲੈਂਡ, ਵੀਅਤਨਾਮ ਅਤੇ ਭਾਰਤ ਸਾਮਿਲ ਹੋ ਗਏ ਹਨ । ਬੀਜੇਪੀ-ਆਰ.ਐਸ.ਐਸ. ਵਾਲੇ ਨਿਰਪੱਖਤਾ ਵਾਲੀ ਵਿਦੇਸ਼ੀ ਨੀਤੀ ਨੂੰ ਛੱਡ ਕੇ ਅਮਰੀਕਾ ਦੇ ਦਲਾਲ ਬਣ ਚੁੱਕੇ ਹਨ । ਜਦੋਂਕਿ ਡੋਕਲਾਮ ਦਾ ਮੁੱਦਾ, ਜੋ ਅਕਤੂਬਰ ਵਿਚ ਹੋਇਆ ਸੀ, ਉਸ ਸਮੇਂ ਅਮਰੀਕਾ ਨੇ ਚੀਨ ਦੇ ਖਿਲਾਫ਼ ਕੋਈ ਆਵਾਜ਼ ਨਹੀਂ ਸੀ ਉਠਾਈ । ਇਹ ਜੋ ਮਨੁੱਖੀ ਅਧਿਕਾਰਾਂ ਨੂੰ ਕੁੱਚਲਣ ਅਤੇ ਸਰਕਾਰੀ ਦਹਿਸਤਗਰਦੀ ਨੂੰ ਉਤਸਾਹਿਤ ਕਰਨ ਹਿੱਤ ਉਪਰੋਕਤ ਮੁਲਕਾਂ ਦਾ ਸੰਗਠਨ ਬਣਿਆ ਹੈ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸਿੱਖ ਕੌਮ ਇਸ ਸਰਕਾਰੀ ਦਹਿਸਤਗਰਦੀ ਦੇ ਖਿਲਾਫ਼ ਹੈ ਅਤੇ ਅਸੀਂ ਅਜਿਹੀ ਮਨੁੱਖਤਾ ਵਿਰੋਧੀ ਕੌਮਾਂਤਰੀ ਪਾਲਸੀ ਨੂੰ ਬਿਲਕੁਲ ਵੀ ਮਦਦ ਤੇ ਪ੍ਰਵਾਨ ਨਹੀਂ ਕਰਾਂਗੇ।

ਸ੍ਰੀ ਟਰੰਪ ਦੇ ਤਾਜਾ ਜਪਾਨ, ਚੀਨ, ਵੀਅਤਨਾਮ ਅਤੇ ਫਿਲਪਾਈਨਜ਼ ਦੇ ਦੌਰੇ ਦੌਰਾਨ ਕੌਮਾਂਤਰੀ ਪੱਧਰ ਤੇ ਉਤਪੰਨ ਹੋ ਚੁੱਕੀਆ ਨਵੀਆਂ ਪ੍ਰਸਥਿਤੀਆਂ ਅਤੇ ਸਰਕਾਰੀ ਦਹਿਸਤਗਰਦੀ ਨੂੰ ਸ੍ਰੀ ਟਰੰਪ, ਸ੍ਰੀ ਮੋਦੀ ਅਤੇ ਇਨ੍ਹਾਂ ਦੇ ਗਰੁੱਪ ਦੇ ਸਾਥੀ ਮੁਲਕਾਂ ਵੱਲੋ ਉਤਸਾਹਿਤ ਕਰਨ ਦੇ ਮਨੁੱਖਤਾ ਵਿਰੋਧੀ ਅਮਲ ਅਫ਼ਸੋਸਨਾਕ ਹਨ । ਦੂਜੇ ਪਾਸੇ ਕੌਮਾਂਤਰੀ ਪੱਧਰ ਤੇ ਰੂਸ, ਚੀਨ ਤੇ ਪਾਕਿਸਤਾਨ ਦਾ ਗਰੁੱਪ ਬਣ ਗਿਆ ਹੈ, ਇਸ ਤੋਂ ਅਸੀਂ ਇਹ ਸਮਝਦੇ ਹਾਂ ਕਿ ਜਿਹੜਾ ਮੋਦੀ-ਟਰੰਪ ਨੇ ਕੌਮਾਂਤਰੀ ਪੱਧਰ ਤੇ ਸੰਗਠਨ ਬਣਾਇਆ ਹੈ, ਉਸਦੇ ਉਲਟ ਉਪਰੋਕਤ ਤਿੰਨੇ

**ਬਾਕੀ ਸਫ਼ਾ 33 'ਤੇ**

# 'ਅਸਾਂ ਤੇ ਪਾਕਿ 'ਚ ਬਚਾ ਲਈ ਮਜੀਠੀਆ ਦੀ ਸ਼ਾਨ, ਹੁਣ ਤੁਹਾਡੀ ਵਾਰੀ'

**ਚੰਡੀਗੜ੍ਹ/ਬਿਊਰੋ ਨਿਊਜ਼:** ਉਹ 1987 ਦੇ ਦਿਨ ਸੀ ਜਦੋਂ ਲਾਹੌਰ ਦੇ ਸਰਕਾਰੀ ਦਿਆਲ ਸਿੰਘ ਕਾਲਜ ਦਾ ਨਾਂ ਬਦਲ ਕੇ ਦਾਤਾ ਸਾਹਿਬ ਕਾਲਜ ਕਰਨ ਦੀ ਕੱਟੜਪੰਥੀਆਂ ਦੀ ਮੁਹਿੰਮ ਪੂਰੇ ਜ਼ੋਰਾਂ 'ਤੇ ਸੀ। ਸਹਾਇਕ ਪ੍ਰੋਫ਼ੈਸਰ ਗ਼ੁਲਾਮ ਮੁਸਤਫ਼ਾ ਨੇ ਉਨ੍ਹਾਂ ਦਿਨਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਅਜੇ ਨੌਜਵਾਨ ਲੈਕਚਰਾਰ ਵਜੋਂ ਕਾਲਜ ਵਿੱਚ ਆਇਆ ਹੀ ਸੀ। ਪਰ ਫਿਰ ਕੁਝ 'ਰੌਸ਼ਨ ਖ਼ਿਆਲ ਲੋਕਾਂ' ਨੇ ਲੜਾਈ ਲੜੀ ਤੇ ਕਾਲਜ ਦਾ ਨਾਂ ਸਰਕਾਰੀ ਦਿਆਲ ਸਿੰਘ ਕਾਲਜ ਹੀ ਰਿਹਾ। ਮੁਸਤਫ਼ਾ ਨੂੰ ਜਦੋਂ ਦਿੱਲੀ ਦੇ ਦਿਆਲ ਸਿੰਘ ਕਾਲਜ ਦਾ ਨਾਂ ਬਦਲ ਕੇ ਵੰਦੇ ਮਾਤਰਮ ਮਹਾਂਵਿਦਿਆਲਾ ਰੱਖਣ ਲਈ ਸ਼ੁਰੂ ਕੀਤੇ ਅਮਲ ਬਾਰੇ ਦੱਸਿਆ ਤਾਂ ਉਨ੍ਹਾਂ ਕਿਹਾ,'ਕੀ ਭਾਰਤ ਵਿੱਚ ਰਹਿੰਦੇ ਬੁੱਧੀਜੀਵੀ ਵੀ ਉਸੇ ਤਰੀਕੇ ਦੀ ਲੜਾਈ ਵਿੱਢਣਗੇ?'

ਲਾਹੌਰ ਦੇ ਸਰਕਾਰੀ ਦਿਆਲ ਸਿੰਘ ਕਾਲਜ ਵਿੱਚ ਅੱਜਕੱਲ੍ਹ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਮੁਸਤਫ਼ਾ ਨੇ ਦੱਸਿਆ ਕਿ ਉਨ੍ਹਾਂ ਦਿਨਾਂ 'ਚ ਅਧਿਆਪਕਾਂ ਦੇ ਇਕ ਸਮੂਹ ਨੇ ਦਿਆਲ ਸਿੰਘ ਮਜੀਠੀਆ ਦਾ ਵੱਡਾ ਸਾਰਾ ਚਿੱਤਰ ਬਣਾ ਕੇ ਸਟਾਫ਼ ਰੂਮ ਦੀ ਕੰਧ 'ਤੇ ਲਾਇਆ ਸੀ। ਪ੍ਰੋਫੈਸਰ ਨੇ ਕਿਹਾ,'ਹੁਣ ਨੌਜਵਾਨ ਵਿਦਿਆਰਥੀ ਅਕਸਰ ਸਾਨੂੰ ਇਸ ਤਸਵੀਰ ਬਾਰੇ ਪੁੱਛਦੇ ਹਨ ਤੇ ਅਸੀਂ ਬੜੇ ਮਾਣ ਨਾਲ ਦੱਸਦੇ ਹਾਂ ਕਿ ਇਸ ਸ਼ਖ਼ਸ ਨੇ ਕਾਲਜ ਖੋਲ੍ਹਣ ਲਈ ਆਪਣੀ ਜਾਇਦਾਦ ਤਕ ਵਾਰ ਦਿੱਤੀ ਸੀ।' ਪੰਜਾਬ ਪ੍ਰੋਫੈਸਰਜ਼ ਤੇ ਲੈਕਚਰਰਜ਼ ਐਸੋਸੀਏਸ਼ਨ ਦੇ ਜਾਇੰਟ ਸਕੱਤਰ ਡਾ. ਸ਼ਫ਼ੀਕ ਬੱਟ ਨੇ ਕਿਹਾ ਕਿ ਹਾਲੀਆ ਸਾਲਾਂ 'ਚ ਇਹ ਕਾਲਜ ਸਿੱਖਿਆ ਸਰਗਰਮੀਆਂ ਲਈ ਸਭ ਤੋਂ ਵੱਡੇ ਕੇਂਦਰ ਵਜੋਂ ਉਭਰਿਆ ਹੈ।




ਬੱਟ ਨੇ ਦੱਸਿਆ ਕਿ ਕਾਲਜ ਨੂੰ ਇਸ ਗੱਲ ਦਾ ਮਾਣ ਹੈ ਕਿ ਅਜਿਹੇ ਨਿਰਸਵਾਰਥ ਮਨੁੱਖ ਦੀ ਵੀ ਕਦੇ ਇਸ ਧਰਤੀ 'ਤੇ ਹੋਂਦ ਰਹੀ ਹੈ। 1987 ਤੋਂ ਬਾਅਦ ਵੀ ਪਾਕਿਸਤਾਨ ਵਿੱਚ ਕਈ ਵਿਰਾਸਤੀ ਸੰਸਥਾਵਾਂ ਜਿਵੇਂ ਸਰ ਗੰਗਾ ਰਾਮ ਹਸਪਤਾਲ, ਦਿਆਲ ਸਿੰਘ ਕਾਲਜ ਦੇ ਨਾਵਾਂ ਨੂੰ ਤਬਦੀਲ ਕਰਨ ਲਈ ਹੱਲੇ ਹੋਏ, ਪਰ ਪਾਕਿਸਤਾਨੀ ਲੋਕਾਂ ਨੇ ਨਾ ਸਿਰਫ਼ ਇਨ੍ਹਾਂ ਦਾ ਵਿਰੋਧ ਕੀਤਾ ਬਲਕਿ ਲਾਹੌਰ ਹਾਈ ਕੋਰਟ ਨੇ ਸਾਫ਼ ਕਰ ਦਿੱਤਾ ਕਿ ਸੰਸਥਾਵਾਂ ਨੂੰ ਇਨ੍ਹਾਂ ਦੇ ਅਸਲ ਨਾਵਾਂ ਨਾਲ ਹੀ ਜਾਣਿਆ ਜਾਵੇਗਾ।

ਇਹੀ ਨਹੀਂ ਸਰਹੱਦ ਦੇ ਇਸ ਪਾਸੇ ਵੀ ਅਜਿਹੇ ਕਾਰਕੁਨ ਹਨ ਜੋ ਦੋਵਾਂ ਮੁਲਕਾਂ 'ਚ ਅਮਨ ਬਹਾਲੀ ਦੇ ਮੁਦੱਈ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜੋ ਕਈ ਚੀਜ਼ ਦਿਆਲ ਸਿੰਘ ਦੇ ਨਾਂ 'ਤੇ ਹੈ, ਉਹ ਪੰਜਾਬ ਦੀ ਸਾਂਝੀ ਸਭਿਆਚਾਰਕ ਵਿਰਾਸਤ ਦਾ ਹਿੱਸਾ ਹੈ। ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਦਿੱਲੀ ਸਥਿਤ ਦਿਆਲ ਸਿੰਘ ਕਾਲਜ ਦੀ ਨਾਂ ਤਬਦੀਲੀ ਨੂੰ ਪਾਗਲਪਣ ਦੱਸਦਿਆਂ ਇਸ ਸਭ ਕਾਸੇ ਲਈ ਭਾਜਪਾ ਸਰਕਾਰ ਸਿਰ ਭਾਂਡਾ ਭੰਨ੍ਹਿਆ ਹੈ। ਜਵਾਹਰਲਾਲ ਨਹਿਰੂ ਯੂਨੀਵਰਸਿਟੀਲ ਦੇ ਸਾਬਕਾ ਪ੍ਰੋਫੈਸਰ ਡਾ.ਚਮਨ ਲਾਲ, ਜਿਨ੍ਹਾਂ ਨੌਂ ਸਾਲ ਪਹਿਲਾਂ ਦਿਆਲ ਸਿੰਘ ਕਾਲਜ ਤੇ ਨਵੀਂ ਬਣੀ ਦਿਆਲ ਸਿੰਘ ਫਾਊਂਡੇਸ਼ਨ ਦੀ ਫ਼ੇਰੀ ਪਾਈ ਸੀ, ਨੇ ਕਿਹਾ,'ਪਾਕਿਸਤਾਨ ਦੇ ਲੋਕ ਇਸ ਕਾਲਜ ਨੂੰ ਆਪਣੀ ਵਿਰਾਸਤ ਮੰਨਦੇ ਹਨ, ਪਰ ਸਾਡੀ ਸਰਕਾਰ ਇਸ ਵਿਰਾਸਤ ਤੋਂ ਪੱਲਾ ਝਾੜਨ ਦੇ ਆਹਰ ਵਿੱਚ ਹੈ ਕਿਉਂਕਿ ਅਜਿਹੀਆਂ ਚੀਜ਼ਾਂ ਉਨ੍ਹਾਂ ਦੇ ਮੌਜੂਦਾ ਸਿਆਸੀ ਰਾਜ ਦੇ ਮੁਆਫ਼ਕ ਨਹੀਂ ਬੈਠਦੀਆਂ। ਇਸਲਾਮਾਬਾਦ ਅਧਾਰਿਤ ਸਮਾਜ ਵਿਗਿਆਨੀ ਹਾਰੂਨ ਖਾਲਿਦ ਨੇ ਕਿਹਾ ਭਾਰਤ ਖੁ?ਦ ਨੂੰ ਧਰਮ ਨਿਰਪੱਖ ਮੁਲਕ ਅਖਵਾ ਕੇ ਵੀ ਅਜਿਹੀਆਂ ਕਾਰਵਾਈਆਂ ਕਰ ਰਿਹਾ ਹੈ। ਪੰਜਾਬੀ ਲੇਖਕ ਤੇ ਕਾਲਮਨਵੀਸ ਅਗਰੀਸ ਮਹਿਮੂਦ ਅਵਾਨ ਨੇ ਕਿਹਾ ਕਿ ਸਭਿਅਕ ਭਾਈਚਾਰੇ ਆਪਣੇ ਸਮਾਜਸੇਵੀਆਂ ਦੀਆਂ ਯਾਦਾਂ ਦੇ ਨਾਂ ਨਹੀਂ ਬਦਲਦੀਆਂ। ਉਨ੍ਹਾਂ ਕਿਹਾ ਕਿ ਵਾਹਗਾ ਸਰਹੱਦ ਦੇ ਕਿਸੇ ਵੀ ਪਾਸੇ ਹੋਣ ਵਾਲੀ ਕੋਈ ਵੀ ਅਜਿਹੀ ਕਾਰਵਾਈ ਸਾਡੇ ਪੁਰਖਿਆਂ ਤੇ ਸ਼ਹੀਦਾਂ ਨਾਲ ਧੋਖਾ ਤੇ ਹੱਤਕ ਹੋਵੇਗੀ।

## ਸਿੱਖ ਸਰਦਾਰਾਂ ਦੀ ਦੇਣ ਨੂੰ ਛੁਟਿਆਉਣ ਦੀ ਕੋਝੀ ਚਾਲ-ਸੰਤ ਹਰਨਾਮ ਸਿੰਘ ਖ਼ਾਲਸਾ

**ਚੌਕ ਮਹਿਤਾ/ਬਿਊਰੋ ਨਿਊਜ਼:** ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਨੇ ਦਿੱਲੀ ਦੇ ਵਿਰਾਸਤੀ ਦਿਆਲ ਸਿੰਘ ਮਜੀਠੀਆ ਕਾਲਜ (ਈਵਨਿੰਗ) ਦਾ ਨਾਂਅ ਬਦਲ ਕੇ 'ਵੰਦੇ ਮਾਤਰਮ ਮਹਾਂਵਿਦਿਆਲਾ' ਰੱਖਣ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਨਾ ਸਿੱਖ ਕੌਮ ਅਤੇ ਸਿੱਖ ਸਰਦਾਰਾਂ ਦੀ ਦੇਣ ਨੂੰ ਛੁਟਿਆਉਣ ਦੀ ਕੋਝੀ ਚਾਲ ਹੈ ਜਿਸ ਨੂੰ ਕਦੀ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਕਾਲਜ ਦੀ ਗਵਰਨਿੰਗ ਬਾਡੀ ਵਲੋਂ ਕਾਲਜ ਦਾ ਨਾਂਅ ਬਦਲ ਕੇ 'ਵੰਦੇ ਮਾਤਰਮ ਰੱਖਣ ਤੋਂ ਹੀ ਇਨ੍ਹਾਂ ਦੇ ਫ਼ਿਰਕੂ ਮਨਸੂਬੇ ਜਗ ਜ਼ਾਹਿਰ ਹਨ। ਉਨ੍ਹਾਂ ਦਿੱਲੀ ਕਾਲਜ ਦੇ ਗਵਰਨਿੰਗ ਬਾਡੀ ਦੇ ਚੇਅਰਮੈਨ ਅਮਿਤਾਭ ਸਿਨਹਾ ਨੂੰ ਲਿਖੇ ਪੱਤਰ 'ਚ ਪ੍ਰਬੰਧਕਾਂ ਨੂੰ ਨੈਤਿਕਤਾ ਬਰਕਰਾਰ ਰੱਖਣ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਜੇ ਪ੍ਰਬੰਧਕਾਂ ਨੇ ਯੂਨੀਵਰਸਿਟੀ ਬਣਾਉਣੀ ਹੀ ਹੈ ਤਾਂ ਹੋਰ ਇਮਾਰਤ ਉੱਸਾਰ ਲੈਣ ਅਤੇ ਉਸ ਦਾ ਨਾਂਅ ਕੋਈ ਵੀ ਰੱਖ ਲਿਆ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਘੱਟ ਗਿਣਤੀਆਂ ਵਿਰੋਧੀ ਨੀਤੀਆਂ ਤਹਿਤ ਕਾਲਜਾਂ, ਸੜਕਾਂ ਤੇ ਹੋਰ ਥਾਵਾਂ ਦੇ ਨਾਵਾਂ ਦਾ ਫਿਰਕੂ ਕਰਨ ਕਰਨ ਤੋਂ ਗੁਰੇਜ਼ ਕਰੇ। ਉਨ੍ਹਾਂ ਕਿਹਾ ਕਿ ਕਾਲਜ ਦੇ ਨਾਂਅ ਦੀ ਇਹ ਤਬਦੀਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਲੋੜ ਪਈ ਤਾਂ ਹਰ ਪੱਧਰ 'ਤੇ ਇਸ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਸਿੱਖ ਭਾਈਚਾਰੇ ਨੂੰ ਅਜਿਹੇ ਫ਼ਿਰਕਾਪ੍ਰਸਤ ਤਾਕਤਾਂ ਦੇ ਮਨਸੂਬਿਆਂ ਪ੍ਰਤੀ ਖ਼ਬਰਦਾਰ ਕਰਦਿਆਂ ਸੁਚੇਤ ਰਹਿਣ ਦੀ ਅਪੀਲ ਕੀਤੀ।



## ਦਿਆਲ ਸਿੰਘ ਕਾਲਜ ਦਿੱਲੀ ਦਾ ਨਾਂਅ ਬਦਲਣਾ ਸਿੱਖ ਕੌਮ ਨਾਲ ਧੱਕਾ-ਰਾਮੂਵਾਲੀਆ

**ਜਲੰਧਰ/ਬਿਊਰੋ ਨਿਊਜ਼:** ਸਾਬਕਾ ਕੇਂਦਰੀ ਮੰਤਰੀ ਅਤੇ ਉੱਤਰ ਪ੍ਰਦੇਸ਼ 'ਚ ਸਦਨ ਦੇ ਉੱਪਰਲੇ ਹਾਊਸ (ਐਮ. ਐਲ. ਸੀ.) ਦੇ ਮੈਂਬਰ ਸ. ਬਲਵੰਤ ਸਿੰਘ ਰਾਮੂਵਾਲੀਆ ਨੇ ਦਿੱਲੀ ਦੇ ਦਿਆਲ ਸਿੰਘ ਕਾਲਜ ਦਾ ਨਾਂਅ ਬਦਲਣ ਦਾ ਜ਼ੋਰਦਾਰ ਵਿਰੋਧ ਕਰਦਿਆਂ ਇਸ ਨੂੰ ਸਿੱਖ ਕੌਮ ਨਾਲ ਧੱਕਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਕਾਲਜ ਦੀ ਪ੍ਰਬੰਧਕੀ ਕਮੇਟੀ ਹਿੰਦੂ-ਸਿੱਖਾਂ ਦੀ ਸਦੀਆਂ ਪੁਰਾਣੀ ਪਰਿਵਾਰਕ ਸਾਂਝ ਨੂੰ ਤੋੜਨ ਦਾ ਯਤਨ ਕਰ ਰਹੀ ਹੈ। ਸ. ਰਾਮੂਵਾਲੀਆ ਨੇ ਕਿਹਾ ਕਿ ਕਾਲਜ ਦਾ ਨਾਂਅ ਬਦਲਣ ਨਾਲ ਦੁਨੀਆਂ ਦੇ ਕਰੀਬ 65 ਮੁਲਕਾਂ 'ਚ ਵਸਦੇ ਵੱਡੀ ਗਿਣਤੀ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਭਾਰੀ ਸੱਟ ਮਾਰਨ ਜਾ ਰਹੀ ਤੇ ਇਸ ਨਾਲ ਨਫ਼ਰਤ ਅਤੇ ਕੁੜੱਤਣ ਦਾ ਮਾਹੌਲ ਸਿਰਜਿਆ ਜਾਵੇਗਾ। ਸ. ਰਾਮੂਵਾਲੀਆ ਨੇ ਸ. ਦਿਆਲ ਸਿੰਘ ਦੀ ਸ਼ਖਸੀਅਤਾਂ ਦੇ ਵੱਖ ਪਹਿਲੂਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਅੰਗਰੇਜ਼ੀ ਹਕੂਮਤ ਵਲੋਂ ਪੰਜਾਬ 'ਤੇ ਕਬਜ਼ਾ ਕਰਨ ਉਪਰੰਤ ਜਦੋਂ ਚਾਰੇ ਪਾਸੇ ਨਿਰਾਸ਼ਾ ਦਾ ਮਾਹੌਲ ਸੀ ਤਾਂ ਸ. ਦਿਆਲ ਸਿੰਘ ਨੇ ਹੀ ਦੇਸ਼ ਦੇ ਲੋਕਾਂ ਤੇ ਖਾਸਕਰ ਪੰਜਾਬੀਆਂ 'ਚ ਮੁੜ ਅਣਖ ਨਾਲ ਜਿਊਣ ਦੀ ਚੇਟਕ ਜਗਾਈ ਸੀ। ਇੱਥੇ ਹੀ ਬੱਸ ਨਹੀਂ 'ਦ ਟ੍ਰਿਬਿਊਨ' ਅਖ਼ਬਾਰ ਸ਼ੁਰੂ ਕਰਕੇ ਮੀਡੀਆ ਰਾਹੀਂ ਲੋਕਾਂ 'ਚ ਹਰ ਤਰ੍ਹਾਂ ਦੀ ਚੇਤਨਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਤੇ ਪੰਜਾਬ ਨੈਸ਼ਨਲ ਬੈਂਕ ਨੂੰ ਸ਼ੁਰੂ ਕਰਨ 'ਚ ਵੀ ਅਹਿਮ ਯੋਗਦਾਨ ਪਾਇਆ।



ਸ. ਰਾਮੂਵਾਲੀਆ ਨੇ ਕਿਹਾ ਕਿ ਜੇਕਰ ਇਨ੍ਹਾਂ ਲੋਕਾਂ 'ਚ ਵਾਕਿਆ ਹੀ ਕੁਝ ਕਰਨ ਦਾ ਜਜ਼ਬਾ ਹੈ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਦੇਸ਼ ਦੇ ਅਜਿਹੇ ਸੈਂਕੜੇ ਜ਼ਿਲ੍ਹਿਆਂ, ਕਸਬਿਆਂ, ਗਲੀਆਂ, ਮੁਹੱਲਿਆਂ, ਨਗਰਾਂ ਅਤੇ ਸੜਕਾਂ ਦੇ ਨਾਂਅ ਬਦਲਣੇ ਚਾਹੀਦੇ ਹਨ, ਜੋ ਆਜ਼ਾਦੀ ਤੋਂ ਏਨੇ ਸਾਲਾਂ ਬਾਅਦ ਵੀ ਮੁਗਲ ਸਾਸ਼ਕਾਂ ਦੇ ਨਾਂਅ 'ਤੇ ਹਨ। ਉਨ੍ਹਾਂ ਕਿਹਾ ਕਿ ਸ. ਦਿਆਲ ਸਿੰਘ ਦੀ ਤੁਲਨਾ ਉੱਘੇ ਸਿੱਖਿਆ ਸ਼ਾਸਤਰੀ ਤੇ ਸਿਆਸਤਦਾਨ ਮਦਨ ਮੋਹਨ ਮਾਲਵੀਆ ਦੀ ਸ਼ਖ਼ਸੀਅਤ ਨਾਲ ਕਰਦਿਆਂ ਕਿਹਾ ਕਿ ਕਾਲਜ ਦੀ ਪ੍ਰਬੰਧਕੀ ਕਮੇਟੀ ਨੂੰ ਇਕ ਸੱਚੇ ਜ਼ੌਹਰੀ ਦੀ ਤਰ੍ਹਾਂ ਸ. ਦਿਆਲ ਸਿੰਘ ਦੀ ਸ਼ਖਸੀਅਤ ਨੂੰ ਪਛਾਣਦਿਆਂ ਉਨ੍ਹਾਂ ਨੂੰ ਬਣਦਾ ਮਾਣ-ਸਨਮਾਨ ਦੇਣਾ ਚਾਹੀਦਾ ਹੈ।

### ਮੋਦੀ ਸਰਕਾਰ ਨੂੰ ਅਤੀਤ ਪ੍ਰੇਮ ਦੀ ਬਿਮਾਰੀ: ਸਿਸੋਦੀਆ

ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਇਹ ਸਭ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਹੋ ਰਿਹਾ ਹੈ ਤੇ ਮੋਦੀ ਸਰਕਾਰ ਨੂੰ ਸਿਰਫ਼ ਅਤੀਤ ਨਾਲ ਮੋਹ ਹੈ। ਇਹ ਸਰਕਾਰ ਅਤੀਤ ਪ੍ਰੇਮ ਦੀ ਬਿਮਾਰੀ ਤੋਂ ਪੀੜਤ ਹੈ, ਇਸ ਲਈ ਸਿਰਫ਼ ਪਿਛਲੀਆਂ ਚੀਜ਼ਾਂ ਨੂੰ ਦੇਖ ਰਹੀ ਹੈ। ਉਨ੍ਹਾਂ ਕਿਹਾ ਕਿ ਗੱਡੀ ਚਲਾਉਣ ਲਈ ਪਿੱਛੇ ਵਾਲੇ ਸ਼ੀਸ਼ੇ ਨੂੰ ਪਲ ਭਰ ਲਈ ਦੇਖਿਆ ਜਾਂਦਾ ਹੈ, ਪਰ ਕੇਂਦਰ ਸਰਕਾਰ ਪਿੱਛੇ ਦੇਖਣ ਵਾਲੇ ਸ਼ੀਸ਼ੇ ਨੂੰ ਹੀ ਅਗਲਾ ਸ਼ੀਸ਼ਾ ਬਣਾਉਣਾ ਚਾਹੁੰਦੀ ਹੈ।



# ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਵੇ

*ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਤਾ ਅਲਟੀਮੇਟਮ*

**ਨਵੀਂ ਦਿੱਲੀ/ਬਿਊਰੋ ਨਿਊਜ਼**

ਦਿੱਲੀ ਯੂਨੀਵਰਸਿਟੀ ਦੇ ਪਹਿਲੇ ਈਵਨਿੰਗ ਕਾਲਜ ਦਿਆਲ ਸਿੰਘ ਕਾਲਜ ਦਾ ਨਾਂ ਬਦਲ ਕੇ 'ਵੰਦੇ ਮਾਤਰਮ ਮਹਾਂਵਿਦਿਆਲਾ' ਰੱਖਣ ਦਾ ਭਾਜਪਾ ਗੱਠਜੋੜ ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਸਣੇ ਦਿੱਲੀ ਦੇ ਸਿੱਖਾਂ ਦੀ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਤੇ ਹੋਰ ਧਿਰਾਂ ਵੱਲੋਂ ਕੀਤਾ ਜਾ ਰਿਹਾ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਤੇ ਭਾਜਪਾ ਦੇ ਰਾਜੌਰੀ ਗਾਰਡਨ ਤੋਂ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਕਾਲਜ ਦੇ ਨਾਂ ਦੀ ਇਹ ਤਬਦੀਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਲੋੜ ਪਈ ਤਾਂ ਹਰ ਪੱਧਰ 'ਤੇ ਇਸ ਦਾ ਵਿਰੋਧ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਵੰਦੇ ਮਾਤਰਮ ਨਾਂ ਦਾ ਵਿਰੋਧ ਨਹੀਂ ਹੈ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਿਆਲ ਸਿੰਘ ਵੱਲੋਂ ਸਮਾਜ ਨੂੰ ਦਿੱਤੀ ਦੇਣ ਨੂੰ ਯਾਦ ਰੱਖਣ ਲਈ ਉਨ੍ਹਾਂ ਦੇ ਨਾਂ ਦਾ ਕਾਲਜ ਕਾਇਮ ਰਹਿਣਾ ਚਾਹੀਦਾ ਹੈ। ਮਾਤਾ ਬੇਅੰਤ ਕੌਰ ਐਜੂਕੇਸ਼ਨ ਤੇ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਖੁਰਾਣਾ (ਸਰਪ੍ਰਸਤ ਪੰਥਕ ਸੇਵਾ ਦਲ) ਨੇ ਕਿਹਾ ਕਿ ਸਰਕਾਰ ਘੱਟਗਿਣਤੀਆਂ ਵਿਰੋਧੀ ਨੀਤੀਆਂ ਤਹਿਤ ਕਾਲਜਾਂ, ਸੜਕਾਂ ਤੇ ਹੋਰ ਥਾਵਾਂ ਦੇ ਨਾਵਾਂ ਦਾ ਹਿੰਦੂਕਰਨ ਕਰਨ 'ਤੇ ਤੁਲੀ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਨੇ ਵੀ ਦਿੱਲੀ ਯੂਨੀਵਰਸਿਟੀ ਦੇ ਕਾਲਜ ਤੋਂ ਸਿੱਖ ਵਿਦਵਾਨ ਦਿਆਲ ਸਿੰਘ ਮਜੀਠੀਆ ਦਾ ਨਾਂ ਖਤਮ ਕਰਨ ਦੇ ਯਤਨਾਂ ਦੀ ਸਖਤ ਨਿੰਦਾ ਕੀਤੀ।



### ਸ਼੍ਰੋਮਣੀ ਕਮੇਟੀ ਨੇ ਵੀ ਕੀਤਾ ਵਿਰੋਧ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਨਵੀਂ ਦਿੱਲੀ ਦੇ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਂ ਵੰਦੇ ਮਾਤਰਮ ਮਹਾਂਵਿਦਿਆਲਾ ਰੱਖਣ 'ਤੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਅਜਿਹਾ ਕੁਝ ਨਹੀਂ ਕਰਨਾ ਚਾਹੀਦਾ ਜਿਸ ਨਾਲ ਇਤਿਹਾਸਕ ਵਿਰਾਸਤ ਦਾ ਖਾਤਮਾ ਹੁੰਦਾ ਹੋਵੇ। ਉਨ੍ਹਾਂ ਕਾਲਜ ਪ੍ਰਬੰਧਕ ਕਮੇਟੀ ਵੱਲੋਂ ਲਏ ਗਏ ਇਸ ਫ਼ੈਸਲੇ ਨੂੰ ਗ਼ਲਤ ਕਰਾਰ ਦਿੰਦਿਆਂ ਇਸ 'ਤੇ ਮੁੜ ਵਿਚਾਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਦਿਆਲ ਸਿੰਘ ਕਾਲਜ ਦੀ ਹੋਂਦ ਖਤਮ ਕਰਨ ਦੀ ਥਾਂ ਹੋਰ ਨਵੀਂ ਇਮਾਰਤ ਉਸਾਰ ਕੇ ਉਸ ਦਾ ਨਾਂ ਜੋ ਮਰਜ਼ੀ ਰੱਖਿਆ ਜਾਂਦਾ ਤਾਂ ਕੋਈ ਇਤਰਾਜ਼ ਵਾਲੀ ਗੱਲ ਨਹੀਂ ਸੀ।

## ਮਨਜੀਤ ਸਿੰਘ ਸਿਰਸਾ ਵਲੋਂ ਪੁਲੀਸ ਕੋਲ ਸ਼ਿਕਾਇਤ ਦਰਜ਼

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦਿਆਲ ਸਿੰਘ ਕਾਲਜ ਦਾ ਨਾਮ ਬਦਲਣ 'ਤੇ ਟਰੱਸਟ ਸੁਸਾਇਟੀ ਖ਼ਿਲਾਫ਼ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਪੁਲੀਸ ਥਾਣਾ ਲੋਧੀ ਰੋਡ ਕੋਲ ਦਰਜ ਕਰਵਾਈ ਸ਼ਿਕਾਇਤ 'ਚ ਸ੍ਰੀ ਸਿਰਸਾ ਨੇ ਕਿਹਾ ਕਿ ਟਰੱਸਟ ਦੀ ਨਿਯਮਾਂਵਲੀ ਵਿੱਚ ਸਪੱਸ਼ਟ ਲਿਖਿਆ ਹੈ ਕਿ ਸੰਸਥਾ ਨੂੰ ਦਿੱਲੀ ਯੂਨੀਵਰਸਿਟੀ ਵੱਲੋਂ ਸੰਭਾਲਣ ਤੋਂ ਬਾਅਦ ਇਸ ਦਾ ਨਾਮ ਦਿਆਲ ਸਿੰਘ ਕਾਲਜ ਹੀ ਰਹੇਗਾ। ਉਨ੍ਹਾਂ ਗਵਰਨਿੰਗ ਬਾਡੀ ਦੇ ਮਤੇ ਨੂੰ ਗੈਰਕਾਨੂੰਨੀ, ਗੈਰ ਸੰਵਿਧਾਨਕ ਤੇ ਨਾਵਾਜਬ ਕਰਾਰ ਦਿੱਤਾ ਹੈ। ਉਧਰ ਪੰਥਕ ਸੇਵਾ ਦਲ ਦੇ ਸਹਿ-ਕਨਵੀਨਰ ਸੰਗਤ ਸਿੰਘ ਨੇ ਦਿਆਲ ਸਿੰਘ ਕਾਲਜ ਦਾ ਨਾਮ ਵੰਦੇ ਮਾਤਰਮ ਰੱਖਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਆਜ਼ਾਦ ਜਮਹੂਰੀ ਭਾਰਤ ਵਿੱਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਦਿਆਲ ਸਿੰਘ ਮਜੀਠੀਆ ਦੇ ਨਾਂ 'ਤੇ ਕਾਲਜ ਅਤੇ ਲਾਇਬ੍ਰੇਰੀ ਚਲਾਉਣ ਦਾ ਫ਼ੈਸਲਾ ਕੀਤਾ ਹੈ ਤਾਂ ਫਿਰ ਦਿਆਲ ਸਿੰਘ ਕਾਲਜ ਦਿੱਲੀ ਦੀ ਗਵਰਨਿੰਗ ਬਾਡੀ ਨੂੰ ਕਿਹੜੇ ਹਾਲਾਤ ਵਿੱਚ ਇਸ ਦਾ ਨਾਂ ਬਦਲਣ ਦਾ ਫ਼ੈਸਲਾ ਲੈਣਾ ਪਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਿਆਲ ਸਿੰਘ ਮਜੀਠੀਆ ਵੱਲੋਂ ਸਥਾਪਤ ਕੀਤੇ ਟਰੱਸਟ ਤੇ ਸੰਸਥਾਵਾਂ ਸਿੱਖਿਅਤ ਭਾਰਤ ਦੇ ਮਿਸ਼ਨ ਦੀ ਪੂਰਤੀ ਲਈ ਕੰਮ ਕਰ ਰਹੀਆਂ ਹਨ ਅਤੇ ਅਜਿਹੇ ਫ਼ੈਸਲਿਆਂ ਦਾ ਵਿਰੋਧ ਕੀਤਾ ਜਾਵੇਗਾ।

## ਦਿਆਲ ਸਿੰਘ ਕਾਲਜ ਦਾ ਨਾਂਅ ਬਦਲੇ ਜਾਣ ਦੀ ਤਜਵੀਜ਼ ਦਾ ਵੱਡੀ ਪੱਧਰ ਉੱਤੇ ਵਿਰੋਧ

*ਸਫ਼ਾ ਇਕ ਦਾ ਬਾਕੀ*

ਜਦੋਂ ਕਿ ਭਾਰਤੀ ਜਨਤਾ ਪਾਰਟੀ, ਜਿਸਦੀ ਦੇਸ਼ ਦੀਆਂ ਘੱਟ ਗਿਣਤੀਆਂ ਵਿਰੁਧ ਸਾਜ਼ਿਸਾਂ ਨੂੰ ਅਮਲੀ ਰੂਪ ਦੇਣ ਵਾਲੇ ਅਜਿਹੇ ਅਨਸਰਾਂ ਨੂੰ ਸਿੱਧੀ-ਅਸਿੱਧੀ ਹਮਾਇਤ ਪ੍ਰਾਪਤ ਹੁੰਦੀ ਹੈ, ਦੇ ਆਗੂਆਂ ਨੇ ਮੂੰਹ ਵਿੱਚ ਘੁੰਗਣੀਆਂ ਪਾਈਆਂ ਹੋਈਆਂ ਹਨ।

**ਕਾਲਜ 'ਚ ਪੜ੍ਹਦੇ ਨੇ 2300 ਵਿਦਿਆਰਥੀ**

ਸਾਲ 1972 ਤਕ ਇਸ ਕਾਲਜ ਨੂੰ ਦਿਆਲ ਸਿੰਘ ਟਰੱਸਟ ਚਲਾਉਂਦਾ ਸੀ, ਜਿਸ ਮਗਰੋਂ ਸਰਕਾਰ ਨੇ ਆਪਣੇ ਅਧੀਨ ਲੈਂਦਿਆਂ ਸਰਕਾਰੀ ਦਿਆਲ ਸਿੰਘ ਕਾਲਜ ਰੱਖ ਦਿੱਤਾ ਸੀ। ਮੌਜੂਦਾ ਸਮੇਂ ਕਾਲਜ 'ਚ 2300 ਵਿਦਿਆਰਥੀ ਤੇ 92 ਫੈਕਲਟੀ ਮੈਂਬਰ ਹਨ। ਕਾਲਜ ਦੇ ਨਾਲ ਹੀ ਲਾਇਬਰੇਰੀ ਹੈ ਜਿਸ ਨੂੰ ਦਿਆਲ ਸਿੰਘ ਟਰੱਸਟ ਚਲਾਉਂਦਾ ਹੈ।

## ਭਾਰਤੀ ਮੀਡੀਏ ਲਈ ਭਰੋਸੇਯੋਗਤਾ ਦੀ ਬਹਾਲੀ ਸਭ ਤੋਂ ਵੱਡੀ ਚੁਣੌਤੀ

**ਜਲੰਧਰ/ਮੇਜਰ ਸਿੰਘ:** ਵਿਸ਼ਵ ਦੀ ਵੱਡੀ ਜਮਹੂਰੀਅਤ ਹੋਣ ਦਾ ਦਾਅਵਾ ਕਰਨ ਵਾਲੇ ਭਾਰਤ ਵਿੱਚ 16 ਨਵੰਬਰ ਪ੍ਰੈੱਸ ਦਿਵਸ ਵਜੋਂ ਮਨਾਇਆ ਜਾਂਦਾ ਹੈ । ਇਸ ਦਿਨ ਦੇ ਸੰਦਰਭ 'ਚ ਵੱਖ-ਵੱਖ ਅਹਿਮ ਸ਼ਖਸੀਅਤਾਂ ਨਾਲ ਇਸ ਸਮੇਂ ਭਾਰਤ ਅੰਦਰ ਮੀਡੀਏ ਦੀ ਹਾਲਤ, ਚੁਣੌਤੀਆਂ ਅਤੇ ਅਹਿਮ ਕਾਰਜਾਂ ਬਾਰੇ ਗੱਲਬਾਤ ਕੀਤੀ ਗਈ । ਮੀਡੀਆ ਨਾਲ ਜੁੜੀਆਂ ਅਜਿਹੀਆਂ ਸ਼ਖ਼ਸੀਅਤਾਂ ਦਾ ਮੰਨਣਾ ਹੈ ਕਿ ਵੱਖ-ਵੱਖ ਕਾਰਨਾਂ ਕਰਕੇ ਮੀਡੀਆ ਖਾਸਕਰ ਬਿਜਲਈ ਮੀਡੀਆ ਦੀ ਭਰੋਸੇਯੋਗਤਾ ਨੂੰ ਵੱਡਾ ਖੋਰਾ ਲੱਗਾ ਹੈ । ਇਸੇ ਤਰ੍ਹਾਂ ਹਕੂਮਤੀ ਪਾਰਟੀ ਦੀ ਹਮਾਇਤ ਕਰਦਿਆਂ ਵਿਰੋਧੀ ਧਿਰਾਂ ਨੂੰ ਭੰਡਣ ਦਾ ਕਾਰਜ ਵੀ ਪ੍ਰੈੱਸ ਦੇ ਕਈ ਹਿੱਸਿਆਂ ਵਲੋਂ ਆਪਣੇ ਜਿੰਮੇ ਲੈਣ ਦਾ ਨਵਾਂ ਰੁਝਾਨ ਵੀ ਖ਼ਤਰਨਾਕ ਹੈ । ਉੱਘੇ ਕਾਲਮ ਨਵੀਸ ਸ੍ਰੀ ਅਭੇ ਕੁਮਾਰ ਦੂੱਬੇ ਨੇ ਗੱਲਬਾਤ ਕਰਦਿਆਂ ਕਿਹਾ ਕਿ ਹੁਣੇ ਇਕ ਮਹੱਤਵਪੂਰਨ ਸਰਵੇ ਹੋਇਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਪ੍ਰਿੰਟ ਮੀਡੀਆ ਉੱਪਰ ਲੋਕ ਅਜੇ ਵੀ ਵਧੇਰੇ ਭਰੋਸਾ ਕਰਦੇ ਹਨ । ਬਿਜਲਈ ਮੀਡੀਏ ਦੀ ਭਰੋਸੇਯੋਗਤਾ ਬੇਹੱਦ ਹੇਠਾਂ ਡਿਗੀ ਹੈ । ਪਿਛਲੇ 3 ਸਾਲ ਤੋਂ ਬਿਜਲਈ ਮੀਡੀਆ ਪੂਰੀ ਤਰ੍ਹਾਂ ਸਰਕਾਰ ਦੇ ਪੱਖ 'ਚ ਤੁਲਿਆ ਹੋਇਆ ਹੈ । ਹਰ ਵੇਲੇ ਸਰਕਾਰ ਦਾ ਪੱਖ ਪੂਰਨ ਵੱਲ ਹੀ ਉਲਾਰ ਰਹਿੰਦਾ ਹੈ । ਸ੍ਰੀ ਦੂੱਬੇ ਇਸ ਰੁਝਾਨ ਨੂੰ ਬੇਹੱਦ ਖਤਰਨਾਕ ਆਖਦੇ ਹਨ । ਉਨ੍ਹਾਂ ਕਿਹਾ ਕਿ ਅਸੀਂ ਕਹਿ ਸਕਦੇ ਹਾਂ ਕਿ ਇਸ ਨਵੀਂ ਪ੍ਰਵਿਰਤੀ ਤੋਂ ਬਚਣਾ ਮੀਡੀਆ ਸਾਹਮਣੇ ਬੜੀ ਵੱਡੀ ਚੁਣੌਤੀ ਹੈ ।

### ਮੀਡੀਆ ਖ਼ਬਰ 'ਤੇ ਕੇਂਦਰਤ ਹੋਵੇ : ਝਾਅ

ਦਿੱਲੀ ਯੂਨੀਵਰਸਿਟੀ ਦੇ ਅਧਿਆਪਕ ਤੇ ਲੇਖਕ ਪ੍ਰੋ: ਪੂਰਵਾਨੰਦ ਝਾਅ ਦਾ ਕਹਿਣਾ ਸੀ ਕਿ ਅੱਜ ਮੀਡੀਆ ਦੀ ਸਭ ਤੋਂ ਵੱਡੀ ਸਮੱਸਿਆ ਰਿਪੋਰਟਿੰਗ (ਖਬਰਾਂ) ਨੂੰ ਕੇਂਦਰੀ ਸਥਾਨ ਦੇਣਾ ਹੈ । ਮੀਡੀਆ ਦਾ ਮੁੱਖ ਕਾਰਜ ਖ਼ਬਰ ਦੇਣਾ ਹੈ, ਪਰ ਬਿਜਲਈ ਮੀਡੀਆ ਖ਼ਬਰਾਂ ਦੀ ਥਾਂ ਮਾਹਿਰਾਂ ਨੂੰ ਬੁਲਾ ਕੇ ਬਹਿਸ ਕਰਵਾਉਣ ਵੱਲ ਵਧੇਰੇ ਉਲਾਰ ਹੋ ਗਿਆ ਹੈ । ਉਨ੍ਹਾਂ ਕਿਹਾ ਕਿ ਮੀਡੀਆ ਸਰਕਾਰੀ ਦਬਾਅ ਹੇਠ ਹੈ ਤੇ ਬੇਬਾਕੀ ਨਾਲ ਲੋਕਾਂ ਦੀ ਗੱਲ ਨਹੀਂ ਕਰ ਰਿਹਾ । ਉਨ੍ਹਾਂ ਕਿਹਾ ਕਿ ਮੀਡੀਆ ਦਾ ਆਪਣਾ ਪਹਿਲਾ ਕੰਮ ਖਬਰ ਦੇਵੇ ਤੇ ਵਿਸ਼ਲੇਸ਼ਣ ਕਰੇ । ਉਨ੍ਹਾਂ ਕਿਹਾ ਕਿ ਲੋੜ ਹਰ ਖ਼ਬਰ ਦੀ ਹਕੀਕਤ ਤੇ ਤਹਿ ਤੱਕ ਜਾਇਆ ਜਾਵੇ । ਮੀਡੀਆ 'ਚ ਬਹੁਤ ਵੱਡਾ ਪੂੰਜੀ ਨਿਵੇਸ਼ ਹੋਣ ਲੱਗ ਪਿਆ ਹੈ ਤੇ ਫਿਰ ਮੁਨਾਫਾ ਕਮਾਉਣਾ ਵੀ ਲੋੜ ਬਣ ਜਾਂਦੀ ਹੈ । ਇਸ ਵਾਸਤੇ ਸਰਕਾਰ ਤੇ ਕਾਰਪੋਰੇਟ ਸੈਕਟਰ ਉੱਪਰ ਨਿਰਭਰ ਹੋਣਾ ਪੈ ਰਿਹਾ ਹੈ । ਅਜਿਹੀ ਹਾਲਤ 'ਚ ਨਿਰਪੱਖ ਤੇ ਆਜ਼ਾਦ ਪੱਤਰਕਾਰੀ ਦੀ ਗੱਲ ਕਰਨਾ ਬੜਾ ਮੁਸ਼ਕਿਲ ਹੈ । ਬਜ਼ੁਰਗ ਤੇ ਉੱਘੇ ਪੱਤਰਕਾਰ ਗੋਬਿੰਦ ਠੁਕਰਾਲ ਨੇ ਕਰਦਿਆਂ ਕਿਹਾ ਕਿ ਹੁਣ ਮੀਡੀਆ ਦਾ ਦਾਰੋਮਦਾਰ ਵਪਾਰ ਆਧਾਰਿਤ ਹੋ ਗਿਆ ਹੈ । ਦੂਜੇ ਪਾਸੇ ਪੱਤਰਕਾਰਾਂ ਦੀ ਸਿਖਲਾਈ ਦਾ ਵੀ ਕੋਈ ਮਿਆਰ ਨਹੀਂ ਰਹਿ ਗਿਆ । ਸ੍ਰੀ ਠੁਕਰਾਲ ਦਾ ਕਹਿਣਾ ਸੀ ਕਿ ਅੱਜ ਉਦਾਰ ਜਮਹੂਰੀਅਤ ਦੀ ਥਾਂ ਦੇਸ਼ ਭਗਤੀ ਦੇ ਨਾਂਅ ਉੱਪਰ ਪ੍ਰੈੱਸ ਉੱਪਰ ਹਮਲੇ ਵਧ ਰਹੇ ਹਨ । ਉਨ੍ਹਾਂ ਕਿਹਾ ਕਿ ਅਜਿਹੀ ਹਾਲਤ ਵਿਚ ਛੋਟੇ ਅਖ਼ਬਾਰ ਤੇ ਮੈਗਜ਼ੀਨ ਅਜੇ ਵੀ ਚੰਗੀ ਭੂਮਿਕਾ ਅਦਾ ਕਰ ਰਹੇ ਹਨ ।

# ਰਾਸ਼ਟਰਪਤੀ ਕੋਵਿੰਦ ਨੇ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ

## ਪਰਿਵਾਰ ਸਮੇਤ ਪੰਗਤ ਵਿੱਚ ਬੈਠ ਕੇ ਛਕਿਆ ਪ੍ਰਸ਼ਾਦਾ





**ਅੰਮ੍ਰਿਤਸਰ/ਬਿਊਰੋ ਨਿਊਜ਼:** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਵੀਰਵਾਰ ਨੂੰ ਪਰਿਵਾਰ ਸਮੇਤ ਨਿਮਾਣੇ ਸ਼ਰਧਾਲੂ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਉਨ੍ਹਾਂ ਕਿਹਾ ਕਿ ਇੱਥੇ ਨਤਮਸਤਕ ਹੋ ਕੇ ਸੰਗਤ, ਪੰਗਤ ਅਤੇ ਲੰਗਰ ਵਿੱਚ ਸਾਰੇ ਭੇਦ-ਭਾਵ ਮਿਟਾਉਣ ਦੀ ਸ਼ਕਤੀ ਦਾ ਅਨੁਭਵ ਹੋਇਆ ਹੈ। ਉਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਵੀ ਛਕਿਆ। ਉਹ ਜਲ੍ਹਿਆਂਵਾਲਾ ਬਾਗ ਵੀ ਗਏ ਅਤੇ ਦੁਰਗਿਆਣਾ ਮੰਦਿਰ ਵਿੱਚ ਵੀ ਮੱਥਾ ਟੇਕਿਆ। ਰਾਸ਼ਟਰਪਤੀ ਨੇ ਸ਼ਹਿਰ ਵਿੱਚ ਦੋ ਘੰਟੇ ਦੇ ਠਹਿਰਾਅ ਦੌਰਾਨ ਇੱਕ ਘੰਟੇ ਤੋਂ ਵਧੇਰੇ ਸਮਾਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਬਿਤਾਇਆ। ਉਨ੍ਹਾਂ ਦਾ ਹਰਿਮੰਦਰ ਸਾਹਿਬ ਪੁੱਜਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਵਾਗਤ ਕੀਤਾ। ਉਹ ਪਹਿਲਾਂ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਗਏ, ਜਿਥੇ ਉਨ੍ਹਾਂ ਪਰਿਵਾਰ ਸਮੇਤ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ। ਸੱਚਖੰਡ ਵਿਖੇ ਨਤਮਸਤਕ ਹੋਣ ਸਮੇਂ ਉਨ੍ਹਾਂ ਕੜਾਹ ਪ੍ਰਸਾਦਿ ਦੀ ਦੇਗ ਭੇਟ ਕੀਤੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਅਤੇ ਫੁੱਲਾਂ ਦਾ ਹਾਰ ਭੇਟ ਕੀਤਾ ਗਿਆ। ਉਹ ਅਕਾਲ ਤਖ਼ਤ ਵਿਖੇ ਵੀ ਮੱਥਾ ਟੇਕਣ ਲਈ ਗਏ। ਉਨ੍ਹਾਂ ਦੁਖ ਭੰਜਨੀ ਬੇਰੀ ਕੋਲੋਂ ਸਰੋਵਰ ਦੇ ਜਲ ਦਾ ਚੂਲਾ ਵੀ ਲਿਆ।

ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਾਇਆ। ਮਗਰੋਂ ਸੂਚਨਾ ਕੇਂਦਰ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਬਡੂੰਗਰ ਵੱਲੋਂ ਰਾਸ਼ਟਰਪਤੀ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਸਮੇਤ ਰਾਜਪਾਲ ਵੀਪੀ ਸਿੰਘ ਬਦਨੌਰ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਲੋਈ ਅਤੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।

ਯਾਤਰੂ ਕਿਤਾਬ ਵਿੱਚ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਉਨ੍ਹਾਂ ਲਿਖਿਆ ਕਿ ਅੱਜ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇੱਥੇ ਆ ਕੇ ਸਿੱਖ ਧਰਮ ਦੀਆਂ ਮਹਾਨ ਪ੍ਰੰਪਰਾਵਾਂ, ਸੰਗਤ, ਪੰਗਤ ਅਤੇ ਲੰਗਰ ਵਿੱਚ ਸਾਰੇ ਭੇਦ-ਭਾਵ ਮਿਟਾਉਣ ਦੀ ਸ਼ਕਤੀ ਦਾ ਅਹਿਸਾਸ ਹੋਇਆ ਹੈ। ਇੱਥੇ ਸ਼ਰਧਾਲੂਆਂ ਵਿੱਚ ਸਰਬੱਤ ਦੇ ਭਲੇ ਲਈ ਕੰਮ ਕਰਨ ਦੀ ਭਾਵਨਾ ਨੂੰ ਦੇਖ ਕੇ ਆਪਣੇ ਦੇਸ਼ ਦੀਆਂ ਮਨੁੱਖਤਾਵਾਦੀ ਕਦਰਾਂ ਕੀਮਤਾਂ 'ਤੇ ਮਾਣ ਮਹਿਸੂਸ ਹੋਇਆ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਨਾਲ ਮੱਥਾ ਟੇਕ ਕੇ ਜੋ ਅਨੁਭਵ ਹੋਇਆ ਹੈ, ਉਸ ਨੂੰ ਉਹ ਪ੍ਰਮਾਤਮਾ ਅਤੇ ਗੁਰੂ ਨਾਨਕ ਦੇਵ ਜੀ ਦੇ ਅਸ਼ੀਰਵਾਦ ਵਜੋਂ ਮਹਿਸੂਸ ਕਰਦੇ ਹਨ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਤੋਂ ਰਾਸ਼ਟਰਪਤੀ ਨਾਲ ਸਿੱਖ ਮੁੱਦਿਆਂ ਬਾਰੇ ਗੱਲਬਾਤ ਕਰਨ ਸਬੰਧੀ ਪੁੱਛੇ ਜਾਣ 'ਤੇ ਉਨ੍ਹਾਂ ਆਖਿਆ ਕਿ ਅੱਜ ਉਹ ਮਹਿਮਾਨ ਵਜੋਂ ਆਏ ਸਨ, ਇਸ ਲਈ ਕਿਸੇ ਮੁੱਦੇ ਬਾਰੇ ਚਰਚਾ ਨਹੀਂ ਕੀਤੀ ਗਈ। ਇਸ ਸਬੰਧੀ ਭਵਿੱਖ ਵਿੱਚ ਵਿਸ਼ੇਸ਼ ਸਮਾਂ ਲੈ ਕੇ ਗੱਲ ਕੀਤੀ ਜਾਵੇਗੀ। ਰਾਸ਼ਟਰਪਤੀ ਦੀ ਆਮਦ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਪਲਾਜ਼ਾ ਵਿੱਚ ਹਰੇ ਰੰਗ ਦਾ ਗਲੀਚਾ ਅਤੇ ਪਰਿਕਰਮਾ ਵਿੱਚ ਵਿਛਾਏ ਲਾਲ ਗਲੀਚੇ ਬਾਰੇ ਉਨ੍ਹਾਂ ਆਖਿਆ ਕਿ ਇਹ ਗਲੀਚੇ ਆਮ ਦਿਨਾਂ ਵਿੱਚ ਸੰਗਤ ਲਈ ਵਿਛਾਏ ਜਾਂਦੇ ਹਨ। ਰਾਸ਼ਟਰਪਤੀ ਦੀ ਆਮਦ 'ਤੇ ਕੋਈ ਉਚੇਚ ਨਹੀਂ ਕੀਤੀ ਗਈ।

ਰਾਸ਼ਟਰਪਤੀ ਨੇ ਜਲ੍ਹਿਆਂਵਾਲਾ ਬਾਗ ਵਿੱਚ ਸ਼ਹੀਦੀ ਸਮਾਰਕ 'ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਯਾਤਰੂ ਕਿਤਾਬ ਵਿੱਚ ਲਿਖਿਆ ਕਿ ਇੱਥੇ ਸ਼ਹੀਦਾਂ ਨੂੰ ਯਾਦ ਕਰਕੇ ਉਨ੍ਹਾਂ ਦੀਆਂ ਅੱਖਾਂ ਭਰ ਆਈਆਂ ਹਨ। ਉਨ੍ਹਾਂ ਦੁਰਗਿਆਣਾ ਮੰਦਿਰ ਵਿੱਚ ਵੀ ਮੱਥਾ ਟੇਕਿਆ, ਜਿਥੇ ਮੰਦਿਰ ਕਮੇਟੀ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਰਾਸ਼ਟਰਪਤੀ ਨਾਲ ਉਨ੍ਹਾਂ ਦੀ ਪਤਨੀ ਸਵਿਤਾ ਕੋਵਿੰਦ, ਪੁੱਤਰ ਪ੍ਰਸ਼ਾਂਤ ਕੁਮਾਰ, ਧੀ ਸਵਾਤੀ, ਨੂੰਹ ਗੌਰੀ ਕੁਮਾਰ, ਪੋਤਰਾ ਅਭਿਵਰਿਆ ਕੁਮਾਰ, ਪੋਤਰੀ ਅਨੰਨਿਆ ਕੁਮਾਰ ਅਤੇ ਨਜ਼ਦੀਕੀ ਰਿਸ਼ਤੇਦਾਰ ਹਾਜ਼ਰ ਸਨ।

## ਪੁਲੀਸ ਨੇ ਮਾਨ ਦਲ ਦੇ ਦੋ ਆਗੂ ਹਿਰਾਸਤ 'ਚ ਲਏ

ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਆਮਦ 'ਤੇ ਪੁਲੀਸ ਨੇ ਅਕਾਲੀ ਦਲ (ਅੰਮ੍ਰਿਤਸਰ) ਦੇ ਦੋ ਆਗੂਆਂ ਨੂੰ ਹਿਰਾਸਤ ਵਿੱਚ ਲਿਆ। ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਜਰਨੈਲ ਸਿੰਘ ਸਖੀਰਾ ਅਤੇ ਦਫਤਰ ਸਕੱਤਰ ਹਰਬੀਰ ਸਿੰਘ ਸੰਧੂ ਜੋੜਾ ਘਰ ਨੇੜੇ ਰੁਕੇ ਹੋਏ ਸਨ ਅਤੇ ਰਾਸ਼ਟਰਪਤੀ ਦੀ ਆਮਦ 'ਤੇ ਮੰਗ ਪੱਤਰ ਦੇਣਾ ਚਾਹੁੰਦੇ ਸਨ। ਪੁਲੀਸ ਨੂੰ ਜਦੋਂ ਇਸ ਦੀ ਜਾਣਕਾਰੀ ਮਿਲੀ ਤਾਂ ਇਨ੍ਹਾਂ ਦੋਵਾਂ ਨੂੰ ਹਿਰਾਸਤ ਵਿੱਚ ਲੈ ਲਿਆ। ਮਗਰੋਂ ਪੁਲੀਸ ਇਨ੍ਹਾਂ ਦੋਵਾਂ ਨੂੰ ਕਿਸੇ ਹੋਰ ਥਾਂ ਲੈ ਗਈ। ਸ੍ਰੀ ਸਖੀਰਾ ਨੇ ਦੱਸਿਆ ਕਿ ਉਹ ਰਾਸ਼ਟਰਪਤੀ ਨੂੰ ਸਿੱਖ ਮੰਗਾਂ ਸਬੰਧੀ ਮੰਗ ਪੱਤਰ ਦੇਣ ਲਈ ਆਏ ਸਨ ਪਰ ਉਨ੍ਹਾਂ ਨੂੰ ਪੁਲੀਸ ਨੇ ਰੋਕ ਦਿੱਤਾ।

# ਪੰਥਕ ਫਰੰਟ ਵਲੋਂ ਐਸਜੀਪੀਸੀ ਚੋਣਾਂ ਲੜਣ ਦਾ ਐਲਾਨ

## ਬਾਦਲ ਦਲ ਦੇ ਉਮੀਦਵਾਰਾਂ ਨਾਲ ਲਈ ਜਾਵੇਗੀ ਟੱਕਰ



**ਚੰਡੀਗੜ੍ਹ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਸ. ਸੁਖਦੇਵ ਸਿੰਘ ਭੌਰ ਦੀ ਅਗਵਾਈ ਹੇਠ ਨਵੇਂ ਪੰਥਕ ਫਰੰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 29 ਨਵੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਣ ਵਾਲੀ ਚੋਣ ਵਿੱਚ ਬਾਦਲਾਂ ਦੇ ਉਮੀਦਵਾਰਾਂ ਨੂੰ ਟੱਕਰ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਪੰਥਕ ਫਰੰਟ ਨੇ ਐਸਜੀਪੀਸੀ ਅਤੇ ਸਿੱਖ ਤਖਤਾਂ 'ਤੇ ਭਾਰੂ ਪਰਿਵਾਰਵਾਦ ਤੋਂ ਵੀ ਕੌਮ ਦਾ ਖਹਿੜਾ ਛੁਡਾਉਣ ਦਾ ਫ਼ੈਸਲਾ ਕੀਤਾ ਹੈ।

ਪੰਥਕ ਫਰੰਟ ਦੇ ਕਨਵੀਨਰ ਤੇ ਐਸਜੀਪੀਸੀ ਦੇ ਮੈਂਬਰ ਸੁਖਦੇਵ ਸਿੰਘ ਭੌਰ ਨੇ ਮੰਗਲਵਾਰ ਨੂੰ ਇੱਥੇ ਇਹ ਐਲਾਨ ਕਰਦਿਆਂ ਕਿਹਾ ਕਿ ਫਰੰਟ ਨੇ ਸ਼੍ਰੋਮਣੀ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਅੱਜ ਖੁੱਲ੍ਹਾ ਪੱਤਰ ਜਾਰੀ ਕਰਕੇ ਕਮੇਟੀ ਨੂੰ ਪਰਿਵਾਰਵਾਦ ਤੋਂ ਮੁਕਤ ਕਰਨ ਤੇ ਸਿੱਖਾਂ ਦੀ ਇਸ ਸਿਰਮੌਰ ਸਥੰਬੰਧੀ ਦੇ ਖੁੱਸੇ ਵੱਕਾਰ ਨੂੰ ਬਹਾਲ ਕਰਨ ਲਈ ਆਪਣੀ ਜ਼ਮੀਰ ਦੀ ਆਵਾਜ਼ ਪਛਾਣਨ ਦੀ ਅਰਜ਼ੋਈ ਕੀਤੀ ਹੈ। ਸ੍ਰੀ ਭੌਰ ਨੇ ਅੱਜ ਇੱਥੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਸੁਰਜੀਤ ਸਿੰਘ ਗੜ੍ਹੀ, ਪੰਥ ਰਤਨ ਮਰਹੂਮ ਗੁਰਚਰਨ ਸਿੰਘ ਟੌਹੜਾ ਦੀ ਧੀ ਕੁਲਦੀਪ ਕੌਰ ਟੌਹੜਾ, ਇੰਦਰਮੋਹਨ ਸਿੰਘ ਲਖਮੀਰਵਾਲ, ਬਾਬਾ ਗੁਰਪ੍ਰੀਤ ਸਿੰਘ ਰੰਧਾਵੇਵਾਲੇ, ਸ਼ਿੰਗਾਰਾ ਸਿੰਘ ਲੋਹੀਆਂ, ਸਰਬੰਸ ਸਿੰਘ ਮਾਣਕੀ, ਅਮਰੀਕ ਸਿੰਘ ਸ਼ਾਹਪੁਰ, ਨਿਰਮੈਲ ਸਿੰਘ ਜੌਲਾ, ਮਹਿੰਦਰ ਸਿੰਘ ਹੁਸੈਨਪੁਰ ਆਦਿ ਸਮੇਤ ਸਾਰੇ ਮੈਂਬਰਾਂ ਨੂੰ ਖੁੱਲ੍ਹਾ ਪੱਤਰ ਜਾਰੀ ਕਰਦਿਆਂ ਕਿਹਾ ਕਿ ਫਰੰਟ ਬਾਦਲਾਂ ਦੇ ਉਮੀਦਵਾਰਾਂ ਨੂੰ ਚੋਣ ਦੌਰਾਨ ਟੱਕਰ ਦੇਵੇਗਾ। ਫਰੰਟ ਦੇ ਅਹੁਦੇਦਾਰਾਂ ਦਾ ਐਲਾਨ ਚੋਣ ਵਾਲੇ ਦਿਨ ਹੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਵੇਂ ਇਸ ਵੇਲੇ ਫਰੰਟ ਨਾਲ 22 ਮੌਜੂਦਾ ਅਤੇ 7 ਸਾਬਕਾ ਮੈਂਬਰ ਜੁੜੇ ਹਨ, ਪਰ ਵੱਡੀ ਗਿਣਤੀ ਵਿੱਚ ਮੈਂਬਰ ਉਨ੍ਹਾਂ ਦੇ ਸੰਪਰਕ ਵਿੱਚ ਵੀ ਹਨ। ਕਈ ਪੰਥਕ ਧਿਰਾਂ ਨੇ ਉਨ੍ਹਾਂ ਨੂੰ ਹਮਾਇਤ ਦੇਣ ਦੇ ਫ਼ੈਸਲੇ ਵੀ ਲੈ ਲਏ ਹਨ।

# ਰਾਹੁਲ ਦੀ ਪਾਰਟੀ ਪ੍ਰਧਾਨ ਵਜੋਂ ਤਾਜਪੋਸ਼ੀ ਨੂੰ ਪ੍ਰਵਾਨਗੀ

**ਨਵੀਂ ਦਿੱਲੀ/ਬਿਊਰੋ ਨਿਊਜ਼:** ਕਾਂਗਰਸ ਵਰਕਿੰਗ ਕਮੇਟੀ (ਸੀਡਬਲਿਊਸੀ) ਨੇ ਪਾਰਟੀ ਪ੍ਰਧਾਨ ਦੀ ਚੋਣ ਲਈ ਤਰੀਕਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਰਾਹੁਲ ਗਾਂਧੀ (47 ਸਾਲ) ਦੇ ਗੁਜਰਾਤ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਪ੍ਰਧਾਨ ਬਣਨ ਦਾ ਰਾਹ ਪੱਧਰਾ ਹੋ ਗਿਆ ਹੈ। ਚੋਣ ਅਮਲ ਪਹਿਲੀ ਦਸੰਬਰ ਤੋਂ ਨਾਮਜ਼ਦਗੀਆਂ ਦਾਖ਼ਲ ਕਰਨ ਨਾਲ ਸ਼ੁਰੂ ਹੋਵੇਗਾ ਅਤੇ 4 ਦਸੰਬਰ ਨੂੰ ਦੁਪਹਿਰ ਬਾਅਦ 3 ਵਜੇ ਤਕ ਪਰਚੇ ਭਰੇ ਜਾ ਸਕਦੇ ਹਨ। ਨਾਮਜ਼ਦਗੀਆਂ ਦੀ ਪੜਤਾਲ 5 ਦਸੰਬਰ ਨੂੰ ਹੋਵੇਗੀ ਅਤੇ ਉਸੇ ਦਿਨ ਸਾਢੇ 3 ਵਜੇ ਜਾਇਜ਼ ਉਮੀਦਵਾਰਾਂ ਦੀ ਸੂਚੀ ਨਸ਼ਰ ਕਰ ਦਿੱਤੀ ਜਾਵੇਗੀ। ਨਾਮਜ਼ਦਗੀਆਂ ਵਾਪਸ ਲੈਣ ਦੀ ਅੰਤਮ ਤਰੀਕ 11 ਦਸੰਬਰ ਅਤੇ ਜੇਕਰ ਲੋੜ ਪਈ ਤਾਂ 16 ਦਸੰਬਰ ਨੂੰ ਵੋਟਾਂ ਪੈਣਗੀਆਂ। ਵੋਟਾਂ ਦੀ ਗਿਣਤੀ ਅਤੇ ਨਤੀਜਾ 19 ਦਸੰਬਰ ਨੂੰ ਐਲਾਨਿਆ ਜਾਵੇਗਾ। ਪਾਰਟੀ ਸੂਤਰਾਂ ਮੁਤਾਬਕ ਮੀਤ ਪ੍ਰਧਾਨ ਰਾਹੁਲ ਗਾਂਧੀ ਪਾਰਟੀ ਪ੍ਰਧਾਨ ਦੇ ਅਹੁਦੇ ਲਈ ਇਕੱਲੇ ਉਮੀਦਵਾਰ ਹੋ ਸਕਦੇ ਹਨ ਅਤੇ ਉਨ੍ਹਾਂ ਦੇ 5 ਦਸੰਬਰ ਨੂੰ ਕਾਂਗਰਸ ਦਾ ਅਗਲਾ ਪ੍ਰਧਾਨ ਬਣਨਾ ਲਗਭਗ ਯਕੀਨੀ ਹੈ। ਜ਼ਿਕਰਯੋਗ ਹੈ ਕਿ 1998 ਤੋਂ ਸੋਨੀਆ ਗਾਂਧੀ ਕਾਂਗਰਸ ਪਾਰਟੀ ਦੇ ਪ੍ਰਧਾਨ ਹਨ। ਪ੍ਰਦੇਸ਼ ਕਾਂਗਰਸ ਕਮੇਟੀ ਦੇ ਡੇਲੀਗੇਟ ਵੋਟ ਪਾਉਣ ਦੇ ਯੋਗ ਹੋਣਗੇ।



ਬੈਠਕ ਦੌਰਾਨ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਨੋਟਬੰਦੀ, ਜੀਐਸਟੀ ਅਤੇ ਬੇਰੁਜ਼ਗਾਰੀ ਸਮੇਤ ਕਈ ਮੁੱਦਿਆਂ 'ਤੇ ਸਰਕਾਰ ਉਪਰ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਆਪਣੇ ਘਮੰਡ ਕਰਕੇ ਸੰਸਦ ਦੇ ਸਰਤ ਰੁੱਤ ਇਜਲਾਸ ਨੂੰ ਛੋਟਾ ਰੱਖ ਕੇ ਜਮਹੂਰੀਅਤ 'ਤੇ ਧੱਬਾ ਲਾ ਦਿੱਤਾ ਹੈ। ਸੂਤਰਾਂ ਮੁਤਾਬਕ ਰਾਹੁਲ ਗਾਂਧੀ ਨੇ ਹਰੇਕ ਕਾਂਗਰਸੀ ਨੂੰ ਗੁਜਰਾਤ ਵਿਧਾਨ ਸਭਾ ਚੋਣਾਂ ਲਈ ਡੱਟ ਜਾਣ ਦਾ ਸੱਦਾ ਦਿੱਤਾ। ਸੀਡਬਲਿਊਸੀ ਬੈਠਕ 'ਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਪਾਰਟੀ ਜਨਰਲ ਸਕੱਤਰ ਵੀ ਹਾਜ਼ਰ ਸਨ। ਸੋਨੀਆ ਗਾਂਧੀ ਦੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਕਾਂਗਰਸ ਵੀ ਬੀਤੇ ਸਮੇਂ 'ਚ ਅਜਿਹਾ ਕਰਦੀ ਰਹੀ ਹੈ। ਉਨ੍ਹਾਂ ਕਿਹਾ ਕਿ ਚੋਣਾਂ ਸਮੇਂ ਸੰਸਦੀ ਇਜਲਾਸ 'ਚ ਫੇਰਬਦਲ ਕਈ ਵਾਰ ਹੋਇਆ ਹੈ।

NOW OPEN IN MODESTO/CERES



# PANNU'S
LEGAL SERVICES (Regd. & Bonded)

G.S. Pannu
Immigration Consultant-LDA

510.677.5200

IMMIGRATION ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions FREE

DIVORCE
- Petitions
- Child Support
- Child Visitation
- Child Custody
- Modification
...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store | ANDROID APP ON Google Play
Live on Facebook | Video on YouTube
www.radiogalpunjabdiusa.com

POWER OF ATTORNEY | CREDIT REPAIR/CLEAR
SMALL CLAIM COURT CASES | ...& help in legal documents preparation

FREMONT 40757 GRIMMER BLVD, CA 94538 | MODESTO/CERES 3810 EAU CLAIRE AVE, CA 95307

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

Now Open Indiana
1480 N State Road 1, Cambridge City, IN 47327. 70 Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons
open 6am to midnight
Phone: 765-478-6300



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

## Services Include
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

ਠੀਕਰ ਫੋਰ ਦਿਲੀਸ ਸਿਰ, ਪ੍ਰਭੁ ਪੁਰ ਦੀਓ ਪਯਾਨ
ਤੇਗ ਬਹਾਦਰ ਸੀ ਕਿਰਿਆ ਕਰੀ ਨਾ ਕਿਨਹੂੰ ਆਨ
ਤੇਗ ਬਹਾਦਰ ਕੇ ਚਲਤ ਭਯੋ ਜਗਤ ਮੈਂ ਸੋਗ
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ

# ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ

300 ਗੁਰਦੁਆਰਾ ਰੋਡ ਫਰੀਮਾਂਟ ਕੈਲੀਫੋਰਨੀਆ-94536




## ਧੰਨ ਧੰਨ ਸ੍ਰੀ ਤੇਗ ਬਹਾਦਰ ਸਾਹਿਬ ਜੀ

## ਦੀ ਸ਼ਹੀਦੀ ਨੂੰ ਸਮਰਪਿਤ

# ਮਹਾਨ ਸ਼ਹੀਦੀ ਸਮਾਗਮ

22 ਨਵੰਬਰ 2017 ਤੋਂ 26 ਨਵੰਬਰ 2017 ਤੱਕ

ਸਿੱਖ ਧਰਮ ਦੇ ਬਾਨੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਜਨੇਊ ਦਾ ਕਰਮਕਾਂਡ ਆਖ ਕੇ ਖੰਡਨ ਕੀਤਾ, ਉਸੇ ਜਨੇਊ ਦੀ ਰਾਖੀ ਲਈ ਨੌਵੇਂ ਨਾਨਕ ਨੇ ਆਪਣਾ ਬਲੀਦਾਨ ਦੇ ਕੇ ਦੁਨੀਆਂ ਨੂੰ ਦੱਸ ਦਿੱਤਾ ਕਿ ਸਰਬੱਤ ਦਾ ਭਲਾ ਮੰਗਣ ਲਈ ਸਿੱਖ ਕੌਮ ਦਾ ਕਿਸੇ ਨਾਲ ਨਿੱਜੀ ਵੈਰ ਵਿਰੋਧੀ ਨਹੀਂ, ਪਰੰਤੂ ਜ਼ੁਲਮ ਜਬਰ ਭਾਵੇਂ ਉਹ ਕਿਸੇ ਉੱਤੇ ਵੀ ਹੋ ਰਿਹਾ ਹੋਵੇ, ਉਸ ਜੁਜਬਰ ਨੂੰ ਰੋਕਣ ਲਈ ਹਰ ਕੁਰਬਾਨੀ ਦੇ ਸਕਦੀ ਹੈ। ਤਿਲਕ ਜੰਞੂ ਦੀ ਰਾਖੀ ਲਈ ਕਸ਼ਮੀਰੀ ਪੰਡਤਾਂ ਦੀ ਗੁਰੂ ਦਰ ਉੱਤੇ ਆ ਕੇ ਕੀਤੀ ਅਰਜੋਈ ਔਰੰਗਜੇਬ ਦੇ ਜਬਰ ਜ਼ੁਲਮ ਨੂੰ ਠੱਲਣ ਹਿੱਤ ਖੁਦ ਦਿੱਲੀ ਜਾ ਕੇ ਚਾਂਦਨੀ ਚੌਕ ਵਿਚ ਧਰਮ ਦੀ ਚਾਦਰ ਬਣ ਕੇ ਆਪਣੀ ਸ਼ਹਾਦਤ ਦਿੱਤੀ। ਧੰਨ ਗੁਰੂ ਤੇਗ ਬਹਾਦਰ ਮਹਾਰਾਜ ਦੀ ਮਹਾਨ ਸ਼ਹਾਦਤ ਨੂੰ ਸਿਜਦਾ ਕਰਦਿਆਂ ਹੋਇਆ ਗੁਰਦੁਆਰਾ ਸਾਹਿਬ ਫ਼ਰੀਮਾਂਟ ਕੈਲੀਫੋਰਨੀਆਂ ਵਿਖੇ **22 ਨਵੰਬਰ 2017 ਤੋਂ ਲੈ ਕੇ 26 ਨਵੰਬਰ 2017** ਤੱਕ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ।22 ਨਵੰਬਰ ਬੁੱਧਵਾਰ ਸ਼ਾਮ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਨ੍ਹਾਂ ਦੀ ਸੰਪੂਰਨਤਾ 24 ਨਵੰਬਰ ਸ਼ੁਕਰਵਾਰ ਸ਼ਾਮ ਨੂੰ ਹੋਵੇਗੀ ।

24 ਨਵੰਬਰ ਸ਼ੁਕਰਵਾਰ ਨੂੰ ਸਵੇਰ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੀ ਸੰਪੂਰਨਤਾ 26 ਨਵੰਬਰ ਐਤਵਾਰ ਨੂੰ ਸਵੇਰ ਨੂੰ ਹੋਵੇਗੀ। ਪੰਥ ਪ੍ਰਸਿੱਧ ਰਾਗੀ, ਢਾਡੀ ਅਤੇ ਕਥਾਵਾਚਕ ਹਾਜ਼ਰੀ ਭਰਨਗੇ। ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇ ਵਾਲੀਆਂ, ਭਾਈ ਗੁਰਪ੍ਰੀਤ ਸਿੰਘ, ਭਾਈ ਦਿਲਬਾਗ ਸਿੰਘ, ਗਿਆਨੀ ਅਨੂਪ ਸਿੰਘ ਜੀ ਅੰਮ੍ਰਿਤਸਰ ਵਾਲੇ ਅਤੇ ਬੰਦੋਵਾਲ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੇਗਾ।

ਆਓ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਪਾਤਸ਼ਾਹ ਦੀ ਸ਼ਹੀਦੀ ਨੂੰ ਨਤਮਸਤਕ ਹੋਈਏ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

## ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ

**300 Gurdwara Road Fremont CA 94536, Phone : 510-790-0177**


Watch Your Favorite Channel
FREE PREVIEW
jus punjabi
AJJ DA MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
Itihaas De Panne
The 1st American-Punjabi Television Channel
WATCH jus punjabi ON CHANNEL 736 ON
dish | sling TELEVISION
for advertisement & more information call: +1-718-752-9290 x 202
www.jusbroadcasting.com

# ਨਾਨਕਸ਼ਾਹੀ ਕੈਲੰਡਰ ਨੂੰ ਮੌਲਿਕ ਰੂਪ ਵਿਚ ਲਾਗੂ ਕਰਵਾਉਣ ਦਾ ਅਹਿਦ

## *ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਸਾਹਿਬ ਪੈਲੇਟਾਈਨ ਵਿਖੇ ਦੋ ਰੋਜ਼ਾ ਸੰਗਤੀ ਇਕੱਠ ਦੌਰਾਨ ਵਿਦਵਾਨਾਂ ਨੇ ਅਹਿਮ ਮਸਲੇ ਵਿਚਾਰੇ*

**ਸ਼ਿਕਾਗੋ/ਮੱਖਣ ਸਿੰਘ ਕਲੇਰ:**
ਮੂਲ ਨਾਨਕਸ਼ਾਹੀ ਕੈਲੰਡਰ ਦੇ ਮੌਲਿਕ ਸਰੂਪ ਨੂੰ ਲਾਗੂ ਕਰਨ ਸੰਬੰਧੀ ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਪੈਲੇਟਾਈਨ, ਸ਼ਿਕਾਗੋ ਵਿਖੇ ਸੰਗਤੀ ਇਕੱਠ ਦੇ ਰੂਪ ਵਿੱਚ ਕਰਵਾਈ ਗਈ ਦੋ ਰੋਜ਼ਾ ਪੰਥਕ ਕਾਨਫਰੰਸ ਦੌਰਾਨ ਨਾਨਕਸ਼ਾਹੀ ਕੈਲੰਡਰ ਨੂੰ ਮੌਲਿਕ ਰੂਪ ਵਿਚ ਲਾਗੂ ਕਰਵਾਉਣ ਦਾ ਅਹਿਦ ਕੀਤਾ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤੀਨਿਧਾਂ ਅਤੇ ਵਿਸ਼ੇਸ਼ ਤੌਰ ਤੇ ਸੰਗਠਿਤ ਕੀਤੀ ਗਈ ਕਮੇਟੀ ਦੀ ਅਗਵਾਈ ਵਿੱਚ 11 ਅਤੇ 12 ਨਵੰਬਰ (੨੮ ਅਤੇ ੨੯ ਕੱਤਕ ਨਾਨਕਸ਼ਾਹੀ ਸੰਮਤ ੫੪੯) ਨੂੰ ਕਰਵਾਏ ਗਏ ਇਸ ਸਮਾਗਮ ਵਿੱਚ ਦੂਰ ਦੂਰ ਤੋਂ ਆਏ ਪੰਥਕ ਵਿਦਵਾਨਾਂ ਅਤੇ ਸਥਾਨਕ ਸਿੱਖ ਆਗੂਆਂ ਨੇ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਸਬੰਧੀ ਲਾਏ ਜਾ ਰਹੇ ਅੜਿਕਿਆਂ ਦੇ ਨਾਲ ਪੰਥ ਅਤੇ ਪੰਜਾਬ ਨੂੰ ਦਰਪੇਸ਼ ਭਖਦੇ ਮਸਲਿਆਂ ਸਬੰਧੀ ਭਰਵਾਂ ਵਿਚਾਰ ਵਟਾਂਦਰਾ ਕੀਤਾ ।

ਪ੍ਰਬੰਧਕਾਂ ਵਲੋਂ ਕਾਨਫਰੰਸ ਤੋਂ ਪਹਿਲੀ ਸ਼ਾਮ 10 ਨਵੰਬਰ ਸ਼ੁਕਰਵਾਰ ਨੂੰ ਕਨੇਡਾ, ਭਾਰਤ, ਅਮਰੀਕਾ ਦੇ ਦੂਜੇ ਰਾਜਾਂ ਅਤੇ ਆਸਟਰੇਲੀਆ ਤੋਂ ਆਏ ਵਿਦਵਾਨਾਂ ਤੇ ਡੈਲੀਗੇਟਾਂ ਦੇ ਮਾਣ ਵਿੱਚ ਰਾਤ ਦੇ ਖਾਣੇ ਦੀ ਦਾਅਵਤ ਦਿੱਤੀ ਗਈ। ਸਰਗਰਮ ਸਿੱਖ ਆਗੂ ਸ. ਅਮਰਦੇਵ ਸਿੰਘ ਦੇ ਉੱਦਮ ਨਾਲ ਮੁੱਖ ਬੁਲਾਰਿਆਂ, ਬਾਹਰੋਂ ਆਏ ਮਹਿਮਾਨਾਂ ਅਤੇ ਸਥਾਨਕ ਸਿੱਖ ਪਤਵੰਤਿਆਂ ਦੀ ਸ਼ਮੂਲੀਅਤ ਵਾਲੇ ਇਸ ਸਵਾਗਤੀ ਡਿਨਰ ਦੌਰਾਨ ਕਾਨਫਰੰਸ ਵਿੱਚ ਵਿਚਾਰੇ ਜਾਣ ਵਾਲੇ ਅਹਿਮ ਮੁੱਦਿਆਂ ਬਾਰੇ ਸੰਖੇਪ ਵਿੱਚ ਵਿਚਾਰਾਂ ਹੋਈਆਂ।

ਇਹ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤੀਨਿਧਾਂ ਅਤੇ ਵਿਸ਼ੇਸ਼ ਤੌਰ ਤੇ ਸੰਗਠਿਤ ਕੀਤੀ ਗਈ ਕਮੇਟੀ ਦੀ ਅਗਵਾਈ ਵਿੱਚ ਕੀਤਾ ਗਿਆ ਜਿਸ ਵਿੱਚ ਸ.ਮਹਾਂਬੀਰ ਸਿੰਘ, ਸ. ਹਰਜੀਤ ਸਿੰਘ, ਸ. ਪਰਦੀਪ ਸਿੰਘ, ਪ੍ਰਿੰਸੀਪਲ ਅਮਰਦੇਵ ਸਿੰਘ, ਬੀਬੀ ਜਸਵੀਰ ਕੌਰ, ਪ੍ਰੋ. ਕੁਲਵੰਤ ਸਿੰਘ ਹੁੰਦਲ , ਸ. ਹਰਕੀਰਤ ਸਿੰਘ, ਸ. ਸੁਖਮੇਲ ਸਿੰਘ, ਸ. ਸਰਵਣ ਸਿੰਘ, ਸ. ਸੁਰਿੰਦਰ ਪਾਲ ਸਿੰਘ, ਸ. ਠਾਕਰ ਸਿੰਘ ਬਸਾਤੀ, ਅਤੇ ਸ. ਇਰਵਨਪ੍ਰੀਤ ਸਿੰਘ ਸ਼ਾਮਲ ਸਨ। ਇਸ ਭਰਵੇਂ ਇਕੱਠ ਵਿੱਚ ਮਿਡਵੈਸਟ ਧਾਰਮਿਕ, ਸਮਾਜਕ, ਤੇ ਸਭਿਆਚਾਰਕ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਹਿੱਸਾ ਲਿਆ।

11 ਨਵੰਬਰ ਦੇ ਮੁੱਖ ਸਮਾਗਮ ਦਾ ਆਰੰਭ 10:00 ਵਜੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਮੁੱਖਵਾਕ ਲੈਣ ਤੋਂ ਬਾਅਦ ਹੋਇਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਧਾਰਮਿਕ ਸਕੱਤਰ ਸ. ਹਰਜੀਤ ਸਿੰਘ ਕਨਵੈਨਸ਼ਨ ਵਿਚ ਸ਼ਾਮਲ ਸੰਗਤ ਅਤੇ ਬੁਲਾਰਿਆਂ ਨੂੰ ਜੀ ਆਇਆਂ ਆਖਦਿਆਂ ਕਨਵੈਨਸ਼ਨ ਦੇ ਉਦੇਸ਼ ਬਾਰੇ ਜਾਣਕਾਰੀ ਦਿੱਤੀ। ਪਹਲੇ ਸੈਸ਼ਨ ਦੀ ਕਾਰਵਾਈ ਚਲਾਉਣ ਦੀ ਜ਼ਿੰਮੇਵਾਰੀ ਸ. ਸੁਰਿੰਦਰ ਸਿੰਘ (ਪੱਤਰਕਾਰ, ''Talking Punjab'') ਨੂੰ ਦਿੱਤੀ ਗਈ। ਉਨ੍ਹਾ ਨੇ ਬੀਬੀ ਜਸਬੀਰ ਕੌਰ (ਉਹਾਇਓ) ਨੂੰ ਮੰਚ ਉੱਤੇ ਆਉਣ ਲਈ ਸੱਦਾ ਦਿੱਤਾ। ਬੀਬੀ ਜਸਬੀਰ ਕੌਰ

ਬਾਕੀ ਸਫ਼ਾ 32 'ਤੇ




















# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME
Premium Bifacial Thin Film Solar


$20 Off For Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT $259*
REGULAR RETAIL $324
ROADMASTER TIRES
TRAILER TIRES STARTING AT $289*
REGULAR RETAIL $354
KELLY TIRES
TRAILER TIRES STARTING AT $359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਲੋਕ ਕਵੀ ਸੰਤ ਰਾਮ ਉਦਾਸੀ ਨਾਲ ਹੋ ਰਹੇ ਬੌਧਿਕ ਅਨਾਚਾਰ ਦਾ ਮਸਲਾ

**ਰਾਜਵਿੰਦਰ ਸਿੰਘ ਰਾਹੀ**
(ਮੋਬਾਇਲ: 98157-51332)





ਮੇਰੇ ਵੱਲੋਂ ਸੰਪਾਦਿਤ ਕੀਤੀ ਗਈ, " ਸੰਤ ਰਾਮ ਉਦਾਸੀ .. ਜੀਵਨ 'ਤੇ ਸਮੁੱਚੀ ਰਚਨਾ" ਪੁਸਤਕ ਪਹਿਲੀ ਵਾਰ 1996 ਵਿੱਚ ਛਪੀ ਸੀ। "ਕੰਮੀਆਂ ਦੇ ਵਿਹੜੇ ਦਾ ਸੂਰਜ.. ਸੰਤ ਰਾਮ ਉਦਾਸੀ" ਸਿਮਰਤੀ ਗ੍ਰੰਥ 2014 ਵਿੱਚ ਛਪਿਆ ਸੀ। "ਜੀਵਨ ਤੇ ਸਮੁੱਚੀ ਰਚਨਾ" ਪੁਸਤਕ ਵਿੱਚ ਮੈਂ ਆਪਣੀ ਸਮੱਰਥਾ ਅਨੁਸਾਰ ਲੋਕ ਕਵੀ ਸੰਤ ਰਾਮ ਉਦਾਸੀ ਦੀਆਂ ਛਪੀਆਂ ਅਣਛਪੀਆਂ ਵੱਧ ਤੋਂ ਵੱਧ ਰਚਨਾਵਾਂ ਇੱਕਠੀਆਂ ਕਰਨ ਦਾ ਯਤਨ ਕੀਤਾ ਸੀ। ਮੈਂ ਇਸ ਕੰਮ ਵਿਚ ਨੌ ਦਸ ਸਾਲ ਪਛੜ ਕੇ ਇੱਕ ਚੁਣੌਤੀ ਦੇ ਤੌਰ 'ਤੇ ਲੱਗਿਆ ਸੀ। ਮੈਥੋਂ ਪਹਿਲਾਂ ਉਦਾਸੀ ਦੀਆਂ ਸਾਰੀਆਂ ਹੱਥ ਲਿਖਤਾਂ, ਸਮੇਤ ਚਿੱਠੀਆਂ ਤੇ ਤਸਵੀਰਾਂ ਦੇ ਵੱਖ-ਵੱਖ ਵਿਅਕਤੀਆਂ ਦੇ ਹੱਥਾਂ ਵਿੱਚ ਜਾ ਚੁੱਕੀਆਂ ਸਨ । ਜਿੰਨ੍ਹਾਂ ਬਾਰੇ ਹੁਣ ਤੱਕ ਕੋਈ ਪਤਾ ਨਹੀਂ ਕਿ ਉਹ ਕਿੱਥੇ ਗੁੰਮ ਗੁਆਚ ਗਈਆਂ ਹਨ। ਇਹ ਖੋਹ ਖਿੰਝ ਦਾ ਵਰਤਾਰਾ ਮੇਰੇ ਸਾਹਮਣੇ ਵਾਪਰਿਆ ਸੀ।

ਮੈਂ ਉਦਾਸੀ ਦੇ ਚਲਾਣੇ ਦੀ ਖ਼ਬਰ ਤੋਂ ਲੈ ਕੇ ਸਾਰੇ ਘਟਨਾ ਕਰਮ ਨਾਲ ਨੇੜਿਓਂ ਜੁੜਿਆ ਰਿਹਾ ਹਾਂ। ਜਦ ਸਾਨੂੰ ਉਦਾਸੀ ਦੇ ਹਾਦਸੇ 'ਚ ਜ਼ਖ਼ਮੀ ਹੋਣ ਦੀ ਖ਼ਬਰ ਮਿਲੀ ਜੋ ਕਿ ਝੂਠੀ ਸੀ ਉਸ ਵਕਤ 9 ਨਵੰਬਰ 1986 ਨੂੰ ਮੈਂ ਜਲੰਧਰ ਦੇ ਦੇਸ ਭਗਤ ਯਾਦਗਰ ਹਾਲ ਵਿੱਚ ਸੀ। ਜਿੱਥੇ ਨਾਟਕਕਾਰ ਗੁਰਸ਼ਰਨ ਸਿੰਘ ਨੇ ਇੱਕ ਸਾਂਝੇ ਮੰਚ 'ਇਨਕਲਾਬੀ ਕੇਂਦਰ' ਦੀ ਸਥਾਪਨਾ ਲਈ ਸਾਰੀਆਂ ਇਨਕਲਾਬੀ ਧਿਰਾਂ ਦੀ ਕਾਨਫਰੰਸ ਬੁਲਾਈ ਹੋਈ ਸੀ । ਉਸ ਕਾਨਫਰੰਸ ਵਿੱਚ ਸੰਤ ਰਾਮ ਉਦਾਸੀ ਦਾ ਵੱਡਾ ਭਰਾ ਗੁਰਦਾਸ ਸਿੰਘ ਘਾਰੂ ਵੀ ਹਾਜ਼ਰ ਸੀ, ਜੋ ਮੇਰੇ ਨਾਲ ਹੀ ਬੈਠਾ ਸੀ। ਬਾਰਾਂ ਕੁ ਵਜੇ ਉਦਾਸੀ ਦਾ ਛੋਟਾ ਭਰਾ ਗੁਰਦੇਵ ਸਿੰਘ ਕੋਇਲ ਜੋ ਜਲੰਧਰ ਹੀ ਰਹਿੰਦਾ ਹੈ ਤੇ ਪਿੰਡ ਰਾਏਸਰ ਤੋਂ ਪੰਡਤ ਮਦਨ ਹਾਲ ਵਿੱਚ ਆਏ ਤੇ ਦੇਖਦੇ ਦਿਖਾਉਂਦੇ ਘਾਰੂ ਕੋਲ ਪਹੁੰਚ ਕੇ ਗੁਰਦੇਵ ਸਿੰਘ ਨੇ ਕਿਹਾ ਕਿ ਵੀਰ ਆਪਾਂ ਪਿੰਡ ਚੱਲਣਾ ਹੈ, ਪਿੰਡੋ ਮਦਨ ਆਇਆ ਹੈ ਆਪਾਂ ਨੂੰ ਲੈਣ ਉਦਾਸੀ ਦਾ ਐਕਸੀਡੈਂਟ ਹੋ ਗਿਆ ਹੈ। ਘਾਰੂ ਇਕ ਦਮ ਤਾਂ ਸੁੰਨ ਜਿਹਾ ਹੋ ਗਿਆ ਪਰ ਫਿਰ ਸੰਭਲ ਗਿਆ। ਮੈਂ ਵੀ ਉਸ ਦੇ ਨਾਲ ਹੀ ਜਾਣ ਲਈ ਤਿਆਰ ਹੋ ਗਿਆ। ਪਰ ਗੁਰਦੇਵ ਸਿੰਘ ਨੇ ਕਿਹਾ ਕਿ ਗੱਡੀ ਵਿੱਚ ਐਨਿਆ ਲਈ ਜਗਾ ਨਹੀਂ ਹੋਵੇਗੀ। ਦੂਜਾ ਮੈਨੂੰ ਕਾਮਰੇਡ ਬੰਤ ਮਾਣੂੰਕੇ ਨੇ ਕਿਹਾ ਕਿ ਆਪਾਂ ਪਿਛੋਂ ਚੱਲਦੇ ਹਾਂ। ਗੁਰਦਾਸ ਸਿੰਘ ਘਾਰੂ, ਗੁਰਸ਼ਰਨ ਸਿੰਘ ਨੂੰ ਦੱਸ ਕੇ ਚਲਿਆ ਗਿਆ।

ਬੰਤ ਮਾਣੂੰਕੇ ਹੋਰਾਂ ਕੋਲ ਜੀਪ ਸੀ, ਸ਼ਾਮ ਨੂੰ ਪਹਿਲਾਂ ਤਾਂ ਰਾਏਸਰ ਜਾਣ ਦਾ ਪ੍ਰੋਗਰਾਮ ਬਣ ਗਿਆ ਪਰ ਬਾਦ ਵਿੱਚ ਗੱਲ ਦੂਜੇ ਦਿਨ 'ਤੇ ਪਾ ਦਿੱਤੀ । ਉਸੇ ਜੀਪ ਵਿੱਚ ਮੈਂ, ਬੰਤ ਮਾਣੂੰਕੇ, ਮਾਸਟਰ ਮਦਨ ਪਾਲ ਭਗਤਾ ਭਾਈਕਾ, ਬਾਰੂ ਸਤਵਰਗ ਤੇ ਸਾਬਕਾ ਨਕਸਲੀ ਛੋਟਾ ਸਿੰਘ ਸੁਲਤਾਨਪੁਰੀ (ਜੋ ਜਸਵੰਤ ਸਿੰਘ ਕੰਵਲ ਦੇ ਨਾਵਲ "ਐਨਿਆਂ 'ਚੋਂ ਉਠੋ ਸੂਰਮਾ" ਵਿੱਚ 'ਧਰਤੀ ਧੱਕ' ਦੇ ਪਾਤਰ ਵਜੋਂ ਪੇਸ਼ ਹੋਇਆ ਹੈ) ਰਾਤ ਨੂੰ ਭਗਤਾ ਭਾਈਕਾ ਆ ਗਏ, ਜਿਥੇ ਉਸ ਸਮੇਂ ਬੰਤ ਦੀ ਰਿਹਾਇਸ਼ ਸੀ ਤੇ ਉਸ ਦੀ ਪਤਨੀ ਚਰਨਜੀਤ ਕੌਰ ਅਧਿਆਪਕਾ ਸੀ। ਦੂਜੇ ਦਿਨ ਮੈਂ, ਬੰਤ ਤੇ ਛੋਟਾ ਸਿੰਘ ਸੁਲਤਾਨਪੁਰੀ ਰਾਏਸਰ ਆ ਗਏ ਪਰ ਉਦਾਸੀ ਦੇ ਘਰ ਰੋਣ ਕੁਰਲੌਣ ਪਿਆ ਹੋਇਆ ਸੀ, ਜਿਥੇ ਸਾਨੂੰ ਉਦਾਸੀ ਦੇ ਹਜ਼ੂਰ ਸਾਹਿਬ ਤੋਂ ਵਾਪਸ ਆਉਂਦਿਆਂ ਮਨਮਾੜ ਦੇ ਸਟੇਸ਼ਨ 'ਤੇ ਪੂਰੇ ਹੋਣ ਦਾ ਪਤਾ ਲੱਗਿਆ। ਉਸ ਦਿਨ ਤੋਂ ਬੰਤ ਨੇ ਘਰ ਦਾ ਸਾਰਾ ਕੰਮ ਸੰਭਾਲ ਲਿਆ। ਉਦਾਸੀ ਦੀਆਂ ਧੀਆਂ ਛੋਟੀਆਂ ਸਨ, ਸਦਮੇ ਕਾਰਨ ਪਰਵਾਰ ਨੂੰ ਕੁੱਝ ਨਹੀਂ ਸੁੱਝਦਾ ਸੀ। ਬੰਤ ਦੇ ਉਦਾਸੀ ਨਾਲ ਪ੍ਰਵਾਰਕ ਸਬੰਧ ਸਨ। ਬੰਤ ਦਾ ਪਿੰਡ ਮਾਣੂੰਕੇ, ਉਦਾਸੀ ਦੇ ਸਹੁਰੇ ਪਿੰਡ ਉਗੋਕੇ(ਨੇੜੇ ਬਾਘਾਪੁਰਾਣਾ) ਦੇ ਕੋਲ ਪੈਂਦਾ ਹੋਣ ਕਾਰਨ ਉਹ ਉਦਾਸੀ ਦੀ ਪਤਨੀ ਨਸੀਬ ਕੌਰ ਨੂੰ ਭੈਣਾਂ ਵਾਂਗ ਹੀ ਮੰਨਦਾ ਸੀ ਤੇ ਉਦਾਸੀ ਦੇ ਬੱਚੇ ਵੀ ਉਸ ਨੂੰ ਮਾਮਾ ਹੀ ਆਖਦੇ ਸਨ। ਜਲਦੀ ਹੀ ਬੰਤ ਦੀ ਮਾਤਾ ਤੇ ਉਸਦੇ ਬਾਲ ਬੱਚੇ ਵੀ ਰਾਏਸਰ ਹੀ ਆ ਗਏ।

23 ਨਵੰਬਰ 1986 ਨੂੰ ਉਦਾਸੀ ਦਾ ਭੋਗ ਪਾਇਆ ਗਿਆ। ਜਿਥੇ ਹਰ ਵਰਗ ਦੇ ਲੋਕਾਂ ਨੇ ਭਾਰੀ ਸ਼ਮੂਲੀਅਤ ਕੀਤੀ । ਉਸ ਵਕਤ ਪੰਜਾਬ ਵਿਚ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਵਜਾਰਤ ਸੀ, ਪ੍ਰੋ: ਪ੍ਰੇਮ ਸਿੰਘ ਚੰਦੂ ਮਾਜਰਾ ਸਹਿਕਾਰਤਾ ਮੰਤਰੀ ਸਨ ਤੇ ਸ: ਗੋਬਿੰਦ ਸਿੰਘ ਕਾਂਝਲਾ ਰਾਜ ਮੰਤਰੀ ਸਨ। ਉਦਾਸੀ ਦੇ ਭੋਗ 'ਤੇ ਪ੍ਰੋ: ਪ੍ਰੇਮ ਸਿੰਘ ਚੰਦੂ ਮਾਜਰਾ ਨੇ ਐਲਾਨ ਕੀਤਾ ਕਿ ਰਾਏਸਰ ਦੇ ਸਕੂਲ ਦਾ ਨਾਂ ਉਦਾਸੀ ਦੇ ਨਾਂ 'ਤੇ ਰੱਖਿਆ ਜਾਵੇਗਾ । ਬਰਨਾਲੇ ਤੋਂ ਕਾਂਗਰਸੀ ਆਗੂ ਪੰਡਤ ਸੋਮਨਾਥ ਨੇ ਐਲਾਨ ਕੀਤਾ ਕਿ ਮੈਂ ਬਰਨਾਲੇ ਉਦਾਸੀ ਦੀ ਯਾਦਗਰ ਬਣਉਣ ਲਈ ਇੱਕ ਵਿੱਘਾ ਜ਼ਮੀਨ ਦਿਆਂਗਾ । ਭੋਗ ਤੋਂ ਬਾਦ ਬੰਤ ਮਾਣੂੰਕੇ ਨੇ ਖਾਸ ਖਾਸ ਬੰਦਿਆਂ ਨੂੰ ਰਾਤ ਰਹਿਣ ਲਈ ਮਨਾ ਲਿਆ ਤਾਂ ਕਿ ਉਦਾਸੀ ਸਬੰਧੀ ਕੋਈ ਠੋਸ ਪ੍ਰੋਗ੍ਰਾਮ ਉਲੀਕੇ ਜਾਣ। ਮੀਟਿੰਗ ਸਕੂਲ ਦੇ ਹਾਲ ਵਿੱਚ ਸ਼ੁਰੂ ਹੋਈ । ਜਿਸ ਵਿਚ ਉਦਾਸੀ ਦੇ ਭਰਾ ਗੁਰਦਾਸ ਸਿੰਘ ਘਾਰੂ, ਪਰਕਾਸ ਸਿੰਘ ਘਾਰੂ ਗੁਰਦੇਵ ਸਿੰਘ ਕੋਇਲ, ਉਦਾਸੀ ਦੇ ਸਾਲੇ ਤੇ ਉਸ ਦੀ ਪਤਨੀ ਨਸੀਬ ਕੌਰ ਪ੍ਰਵਾਰ ਵਲੋਂ ਸ਼ਾਮਲ ਸਨ। ਖੱਬੇ ਪੱਖੀਆਂ ਵੱਲੋਂ ਸਾਬਕਾ ਨਕਸਲੀ ਆਗੂ ਹਾਕਮ ਸਿੰਘ ਸਮਾਂਓ, ਛੋਟਾ ਸਿੰਘ ਸੁਲਤਾਨਪੁਰੀ, ਸਾਬਕਾ ਨਕਸਲੀ ਹਰਜੀਤ ਸਿੰਘ ਰਾਏਸਰ, ਗੁਰਜੀਤ ਸਿੰਘ ਰਾਏਸਰ, ਮਾ. ਹਮੀਰ ਸਿੰਘ ਰਾਏਸਰ, ਬਾਰੂ ਸਤਵਰਗ, ਕਰਮਜੀਤ ਜੋਗਾ, ਮੇਹਰ ਸਿੰਘ ਭਲੂਰ, ਇਕਬਾਲ ਸਿੰਘ ਭਲੂਰ( ਨੇੜੇ ਬਾਘਾ ਪੁਰਾਣਾ), ਕੰਵਰ ਸਿੰਘ ਥਰਾਜ, ਮਾ: ਜਰਨੈਲ ਸਿੰਘ ਅੱਚਰਵਾਲ, ਮਾ: ਜਸਵੰਤ ਸਿੰਘ ਭੋਤਨਾ, ਬੰਤ ਮਾਣੂੰਕੇ ਦੀ ਪਤਨੀ ਚਰਨਜੀਤ ਕੌਰ ਤੇ ਮੇਰੇ ਸਮੇਤ ਚਾਲੀ ਦੇ ਕਰੀਬ ਵਿਆਕਤੀ ਸਨ। ਇਸ ਮੀਟਿੰਗ ਦੌਰਾਨ ਇਕ ਪਰਵਾਰ ਸਹਾਇਕ ਕਮੇਟੀ ਤੇ ਸੰਤ ਰਾਮ ਉਦਾਸੀ ਯਾਦਗਰੀ ਟਰੱਸਟ ਦਾ ਗਠਨ ਕੀਤਾ ਗਿਆ। ਜਿਸ ਦਾ ਦਫ਼ਤਰ ਬਰਨਾਲੇ ਪ੍ਰੋ: ਪ੍ਰੀਤਮ ਸਿੰਘ ਰਾਹੀ ਦੀ ਵੈਦਗਿਰੀ ਵਾਲੀ ਦੁਕਾਨ ਦੇ ਉਪਰ ਹੋਵੇਗਾ, ਜਿਥੇ ਪੱਤਰਕਾਰ ਜਗੀਰ ਸਿੰਘ ਜਗਤਾਰ ਦਾ ਵੀ ਡੇਰਾ ਸੀ। ਹੋਰ ਵੱਡੇ-ਵੱਡੇ ਪ੍ਰੋਗ੍ਰਾਮ ਉਲੀਕਣ ਦੇ ਨਾਲ ਨਾਲ ਇਹ ਫੈਸਲਾ ਕੀਤਾ ਗਿਆ ਕਿ ਉਦਾਸੀ ਦੀਆਂ ਛਪੀਆਂ ਅਣਛਪੀਆਂ ਕੁੱਲ ਰਚਨਾਵਾਂ ਟਰੱਸਟ ਵੱਲੋਂ ਛਾਪੀਆਂ ਜਾਣਗੀਆਂ।




ਜਦ ਬਰਨਾਲੇ ਟਰੱਸਟ ਦੀਆਂ ਮੀਟਿੰਗਾ ਹੋਣ ਲੱਗੀਆ ਤਾਂ ਜਗੀਰ ਸਿੰਘ ਜਗਤਾਰ ਨੇ ਮੈਂਬਰਾਂ ਨੂੰ ਮਨਾ ਲਿਆ ਕਿ ਉਦਾਸੀ ਦੀ ਇੱਕ ਕਿਤਾਬ ਤਾਂ ਲਿਖਾਰੀ ਸਭਾ ਬਰਨਾਲਾ ਛਾਪੇਗੀ ਕਿਉਂਕਿ ਉਦਾਸੀ ਇਸ ਸਭਾ ਦਾ ਮੁੱਢਲਾ ਮੈਂਬਰ ਹੈ, ਦੂਜੀ ਇਤਿਹਾਸਕ ਵਿਰਸੇ ਨਾਲ ਸਬੰਧਤ ਕਵਿਤਾਵਾਂ ਦੀ ਕਿਤਾਬ ਟਰੱਸਟ ਛਾਪ ਲਵੇ। ਦੂਜੀ ਕੁ ਮੀਟਿੰਗ ਵਿੱਚ ਬੰਤ ਮਾਣੂੰਕੇ ਉਦਾਸੀ ਦਾ ਸਾਰਾ ਮੈਟਰ ਲੈ ਆਇਆ, ਜਿਸ ਵਿਚ ਇੱਕ ਦੋ ਡਾਇਰੀਆਂ ਵੀ ਸਨ ਤੇ ਇਕ ਰਜਿਸਟਰ ਸੀ ਜਿਸ 'ਤੇ ਸਾਫ ਸੁਥਰੀ ਲਿਖਾਈ 'ਚ ਖਰੜਾ ਤਿਆਰ ਕੀਤਾ ਹੋਇਆ ਸੀ। ਸੰਤ ਰਾਮ ਉਦਾਸੀ ਨੇ 1983 ਵਿੱਚ ਲਿਖੇ ਇੱਕ ਪੱਤਰ ਵਿਚ ਜਿਕਰ ਵੀ ਕੀਤਾ ਸੀ ਕਿ ਮੈਂ "ਕੰਮੀਆਂ ਦਾ ਵਿਹੜਾ" ਪੁਸਤਕ ਦਾ ਖਰੜਾ ਤਿਆਰ ਕਰ ਲਿਆ ਹੈ। ਸ਼ਾਇਦ ਇਹ ਉਹੋ ਹੀ ਖਰੜਾ ਸੀ। ਡਾਇਰੀਆਂ 'ਤੇ ਜੋ ਵੀ ਗੀਤ ਲਿਖੇ ਹੋਏ ਸਨ, ਉਹ ਟੁੱਟੀ ਭੱਜੀ ਲਿਖਾਈ ਵਿੱਚ ਸਨ ਜਿਵੇ ਨਸ਼ੇ ਦੀ ਹਾਲਤ 'ਚ ਜਾਂ ਤੁਰਦਿਆਂ ਫਿਰਦਿਆਂ ਝਰੀਟੇ ਹੋਣ। ਡਾਇਰੀਆਂ 'ਤੇ ਹੋਰ ਕਾਗਜ ਪੱਤਰ ਪਾਸੇ ਰੱਖ ਕੇ ਲਿਖਾਰੀ ਸਭਾ ਬਰਨਾਲਾ ਨੇ "ਕੰਮੀਆਂ ਦਾ ਵਿਹੜਾ" ਕਿਤਾਬ ਛਾਪ ਲਈ। ਉਦਾਸੀ ਦੀਆਂ ਧਾਰਮਕ ਵਿਰਸੇ ਵਾਲੀਆਂ ਵੀਹ ਕਵਿਤਾਵਾਂ ਦੀ ਕਿਤਾਬ " ਦਿੱਲੀਏ ਦਿਆਲਾ ਦੇਖ" ਟਰੱਸਟ ਨੇ ਛਾਪ ਲਈ ਜਿਸ ਦਾ ਮੁੱਖ ਬੰਧ "ਸੂਹੇ ਪਲਾਂ ਦੀ ਦਾਸਤਾਨ" ਦੇ ਅਨੁਵਾਨ ਤਹਿਤ ਮਾ: ਜਰਨੈਲ ਸਿੰਘ ਅੱਚਰਵਾਲ ਤੇ ਮਾ: ਜਸਵੰਤ ਸਿੰਘ ਭੋਤਨਾ ਨੇ ਲਿਖਿਆ। ਇਹ ਦੋਵੇਂ ਪੁਸਤਕਾਂ 7 ਨਵੰਬਰ 1987 ਨੂੰ ਪਿੰਡ ਰਾਏਸਰ ਉਦਾਸੀ ਦੀ ਪਹਿਲੀ ਬਰਸੀ 'ਤੇ ਰਿਲੀਜ਼ ਕੀਤੀਆਂ ਗਈਆਂ।

ਇਸ ਤੋਂ ਬਾਦ ਟਰੱਸਟ ਦੀਆਂ ਸਰਗਰਮੀਆਂ ਘਟਦੀਆਂ ਗਈਆਂ। ਟਰੱਸਟ ਵਿਚ ਸਾਹਿਤਕ ਨਾਲੋਂ ਰਾਜਸੀ ਬੰਦੇ ਵੱਧ ਸਨ, ਜਿੰਨਾਂ ਦੀਆਂ ਤਰਜੀਹਾਂ ਤੇ ਤਰਜਮਾਨੀਆਂ ਹੋਰ ਸਨ। ਮੇਰੇ ਸਮੇਤ ਟਰੱਸਟ ਦੇ ਕੁੱਝ ਮੈਂਬਰਾਂ ਵੱਲੋਂ ਇਹ ਮੁੱਦਾ ਵਾਰ ਵਾਰ ਉਠਾਇਆ ਜਾਂਦਾ ਸੀ ਕਿ ਪੰਡਤ ਸੋਮ ਨਾਥ ਵੱਲੋਂ ਜੋ ਜ਼ਮੀਨ ਦੇਣ ਦਾ ਐਲਾਨ ਕੀਤਾ ਹੈ ਸਭ ਤੋਂ ਪਹਿਲਾਂ ਉਸ 'ਤੇ ਕਬਜ਼ਾ ਕੀਤਾ ਜਾਵੇ। ਪਰ ਬਰਨਾਲੇ ਦੇ ਕੁਝ ਕੁ ਲੇਖਕਾਂ ਨੇ ਪੰਡਤ ਜੀ ਨੂੰ ਮੁਕਰਾਅ ਦਿੱਤਾ ਸੀ ਕਿ ਜੇ ਤੁਸੀਂ ਜ਼ਮੀਨ ਦੇਣੀ ਹੀ ਹੈ ਤਾਂ ਉਦਾਸੀ ਦੇ ਨਾਂ 'ਤੇ ਨਹੀਂ ਲਿਖਾਰੀ ਭਵਨ ਬਣਾਉਣ ਲਈ ਦੇਵੋ। ਪੰਡਤ ਜੀ ਉਦਾਸੀ ਦੇ ਹਰ ਸਮਾਗਮ 'ਤੇ ਤਾਂ ਗੱਜ ਕੇ ਬੋਲ ਦੇ ਸਨ ਪਰ ਜ਼ਮੀਨ ਦੇਣ ਤੋਂ ਆਨਾ ਕਾਨੀ ਕਰ ਰਹੇ ਸਨ! ਕੁਛ ਮੇਰੇ 'ਤੇ ਵੀ ਗਰਮ ਵਿਚਾਰਧਾਰਾ ਦਾ ਅਸਰ ਸੀ, ਮੈਂ ਨਕਸਲੀਆਂ ਦੇ ਚਾਰੂ ਗਰੁੱਪ ਵੱਲੋਂ ਬਣਾਈ ਗਈ ਕਰਾਂਤੀਕਾਰੀ ਸਾਹਿਤ ਸਭਾ ਦਾ ਜਨਰਲ ਸਕੱਤਰ ਸੀ, ਮੈਂ ਤੇ ਅਮਰਜੀਤ ਕੰਵਰ ਨੇ ਪੰਡਤ ਸੋਮ ਨਾਥ ਦੇ ਉਦਾਸੀ ਦੇ ਸਮਾਗਮ ਵਿਚ ਬੋਲਣ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਜਿਸ ਕਾਂਗਰਸ ਪਾਰਟੀ ਦੇ ਉਹ ਆਗੂ ਸਨ, ਉਹ ਪਤਾ ਹੀ ਸੀ ਜੋ ਪੰਜਾਬ ਵਿਚ ਕਰ ਰਹੀ ਸੀ। ਬੰਤ ਮਾਣੂੰਕੇ ਦੇ ਵੀ ਉਦਾਸੀ ਦੇ ਵੱਡੇ ਬੇਟੇ ਇਕਬਾਲ ਸਿੰਘ ਬੱਲੀ ਨਾਲ ਤਿੱਖੇ ਵਿਰੋਧ ਖੜੇ ਹੋ ਗਏ, ਸੋ ਨਵੰਬਰ 1988 ਵਿਚ ਉਦਾਸੀ ਦੀ ਆਈ ਦੂਜੀ ਬਰਸੀ ਮੌਕੇ ਟਰੱਸਟ ਨੂੰ ਪਾਸੇ ਕਰਕੇ ਸਮਾਗਮ ਦੀ ਵਾਗਡੋਰ ਕਰਾਂਤੀਕਾਰੀ ਸਾਹਿਤ ਸਭਾ ਨੇ ਆਪਣੇ ਹੱਥ ਲੈ ਲਈ ਤੇ ਜਲਦੀ ਹੀ ਟਰੱਸਟ ਦਾ ਵੀ ਭੋਗ ਪੈ ਗਿਆ।

ਮੇਰੀ ਬੜੀ ਇੱਛਾ ਸੀ ਕਿ ਸੰਤ ਰਮ ਉਦਾਸੀ ਦੀਆਂ ਪਹਿਲਾਂ ਛਪੀਆਂ ਪੁਸਤਕਾਂ "ਲਹੂ ਭਿੱਜੇ ਬੋਲ" (1971) "ਸੈਨਤਾਂ" (1976) "ਚੌਹ ਨੁੱਕਰੀਆਂ ਸੀਖਾਂ" (1978) ਅਤੇ ਬਾਦ ਵਿਚ ਛਪੀਆਂ ਅਣਛਪੀਆਂ ਰਚਨਾਵਾਂ ਨੂੰ ਇਕ ਜਿਲਦ ਵਿਚ ਇਕੱਠਾ ਕਰ ਦਿੱਤਾ ਜਾਵੇ। ਉਦਾਸੀ ਦੀ ਮੌਤ ਤੋਂ ਬਾਦ ਹੀ ਮੈਂ ਸੁਣਦਾ ਆ ਰਿਹਾ ਸਾਂ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾ. ਅਜਮੇਰ ਸਿੰਘ (ਦਾਊਧਰ) ਉਦਾਸੀ 'ਤੇ ਕਿਤਾਬ ਲਿਖ ਰਹੇ ਹਨ ਜੋ ਯੂਨੀਵਰਸਿਟੀ ਛਾਪੇਗੀ ਪਰ ਇਹ ਪ੍ਰੋਜੈਕਟ ਵੀ ਲੰਬਾ ਹੀ ਹੋਈ ਜਾ ਸੀ। 1995 ਵਿਚ ਮੈਂ ਨਾਟਕਕਾਰ ਗੁਰਸ਼ਰਨ ਸਿੰਘ ਦੀ ਹੱਲਾਸ਼ੇਰੀ 'ਤੇ ਇਸ ਪ੍ਰੋਜੈਕਟ ਨੂੰ ਹੱਥ ਵਿਚ ਲੈ ਲਿਆ। ਹੁਣ ਸੁਆਲ ਉਦਾਸੀ ਦੇ ਮੁੱਢਲੇ ਗੀਤ ਕਵਿਤਾਵਾਂ ਲੱਭਣ ਤੋਂ ਇਲਾਵਾ ਉਦਾਸੀ ਦੀਆਂ ਹੱਥ ਲਿਖਤ ਡਾਇਰੀਆਂ ਤੇ ਰਜਿਸਟਰ ਲੱਭਣ ਦਾ ਵੀ ਸੀ। ਪਰ 31 ਅਕਤੂਬਰ 1992 ਨੂੰ ਬੰਤ ਮਾਣੂੰਕੇ ਦੀ ਮੌਤ ਹੋ ਜਾਣ ਕਾਰਨ, ਇਸ ਮੈਟਰ ਦੀ ਕੋਈ ਉਘ ਸੁੱਘ ਨਹੀਂ ਸੀ। ਜਦ ਮਾ. ਜਰਨੈਲ ਸਿੰਘ ਅੱਚਰਵਾਲ ਨੂੰ ਪੁੱਛਿਆ ਤਾਂ ਉਸ ਨੇ ਕਿਹਾ ਕਿ ਇਹ ਮੈਟਰ ਤਾਂ ਬੰਤ ਕੋਲ ਹੀ ਸੀ। ਜਦ ਡਾ. ਅਜਮੇਰ ਸਿੰਘ ਕੋਲੋਂ ਪਤਾ ਕੀਤਾ ਗਿਆ ਤਾਂ ਉਸ ਨੇ ਵੀ ਇਹ ਹੀ ਕਹਿ ਦਿੱਤਾ ਕਿ ਮੈਂ ਤਾਂ ਪਹਿਲਾਂ ਛਪੀਆਂ ਰਚਨਾਵਾਂ ਹੀ ਸ਼ਾਮਲ ਕੀਤੀਆਂ ਨੇ ਪਰ ਇਹ ਵੀ ਪਤਾ ਨਹੀਂ ਯੂਨੀਵਰਸਿਟੀ ਕਦੋਂ ਛਾਪੇਗੀ।

ਉਦਾਸੀ ਦੇ ਭਰਾਵਾਂ ਗੁਰਦਾਸ ਸਿੰਘ ਘਾਰੂ, ਪ੍ਰਕਾਸ਼ ਸਿੰਘ ਘਾਰੂ, ਗੁਰਦੇਵ ਸਿੰਘ ਕੋਇਲ ਅਤੇ ਉਦਾਸੀ ਦੇ ਪੁਰਾਣੇ ਜਮਾਤੀ ਮਿੱਤਰਾਂ ਦੋਸਤਾਂ, ਮਾ. ਸੁਰਜੀਤ ਦਿਹੜ, ਸੁਰਜੀਤ ਸਿੰਘ ਸੰਘੇੜਾ, ਗੁਰਪਾਲ ਸਿੰਘ ਨੂਰ ਆਦਿ ਤੋਂ ਉਸ ਦੀਆਂ ਮੁੱਢਲੀਆਂ ਰਚਨਾਵਾਂ ਦੀ ਤਲਾਸ਼ ਕੀਤੀ ਗਈ। 1957 ਵਿਚ ਉਦਾਸੀ ਦਾ ਪਰਵਾਰ ਰਾਏਸਰ ਛੱਡ ਕੇ ਨਾਮਧਾਰੀਆਂ ਨਾਲ ਪਿੰਡ ਜਗਮਲੇਰਾ ਚਲਿਆ ਗਿਆ ਸੀ। ਪਿੰਡ ਜਗਮਲੇਰਾ (ਹਰਿਆਣਾ) ਨਿਵਾਸੀ ਮਾਸਟਰ ਅਮਰੀਕ ਸਿੰਘ ਸਭਰੰਗ ਕੋਲੋਂ ਉਦਾਸੀ ਦੀ ਉਹ ਕਵਿਤਾ ਮਿਲ ਗਈ ਜੋ ਉਸ ਨੇ 1959 ਵਿਚ ਨਾਮਧਾਰੀ ਮੁਖੀ ਸਤਿਗੁਰ ਪ੍ਰਤਾਪ ਸਿੰਘ ਦੀ ਅੰਤਮ ਅਰਦਾਸ ਮੌਕੇ ਜੀਵਨ ਨਗਰ ਪੜ੍ਹੀ ਸੀ। ਮਹਾਰਾਜਾ ਹਰੀ ਸਿੰਘ ਕਾਲਜ ਜੀਵਨ ਨਗਰ ਦੇ ਸੇਵਾਦਾਰ ਗੁਰਚਰਨ ਸਿੰਘ ਕੋਲੋਂ 1960 ਵਿਚ ਛਪੇ ਕਾਵਿ ਸੰਗ੍ਰਹਿ "ਪਹਿਲਾ ਉਭਾਰ" ਦੀ ਦੁਰਲੱਭ ਕਾਪੀ ਵੀ ਮਿਲ ਗਈ, ਜਿਸ ਵਿਚ ਨਵੇਂ ਕਵੀਆਂ ਦੀਆਂ ਧਾਰਮਿਕ ਕਵਿਤਾਵਾਂ ਨੂੰ ਇਕੱਠਾ ਕਰਕੇ ਨਾਮਧਾਰੀ ਸਾਹਿਤ ਸਭਾ ਜੀਵਨ ਨਗਰ ਨੇ ਛਾਪਿਆ ਸੀ ਤੇ ਸੰਪਾਦਕ ਪ੍ਰੀਤਮ ਸਿੰਘ ਕਵੀ ਸਨ। ਇਸ ਵਿਚ ਉਦਾਸੀ ਦੀ ਸਤਿਗੁਰ ਪ੍ਰਤਾਪ ਸਿੰਘ ਨੂੰ ਸਮਰਪਿਤ ਕਵਿਤਾ "ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੇ" ਵੀ ਸੀ ਤੇ ਉਸ ਦੇ ਅਣਦਾਹੜੀਏ ਦੀ ਫੋਟੋ ਵੀ ਸੀ। ਇਸੇ ਤਰ੍ਹਾਂ ਕਰਦੇ ਕਰਾਉਂਦਿਆਂ ਉਸ ਦੀਆਂ ਵੀਹ ਦੇ ਕਰੀਬ ਧਾਰਮਿਕ ਤੇ ਰੁਮਾਂਟਿਕ ਕਵਿਤਾਵਾਂ ਲੱਭ ਗਈਆਂ। ਫਿਰ ਇਹਨਾਂ ਰਚਨਾਵਾਂ ਦੀ ਪ੍ਰਮਾਨਕਤਾ ਦਾ ਸੁਆਲ ਸੀ। ਇਹ ਉਸ ਦੇ ਭਰਾਵਾਂ ਤੇ ਦੋਸਤਾਂ ਮਿੱਤਰਾਂ ਨਾਲ ਵਿਚਾਰੀਆਂ ਗਈਆਂ ਉਹਨਾਂ ਵੱਲੋਂ ਮੋਹਰ ਲੱਗਣ ਉਪਰੰਤ ਹੀ ਪ੍ਰਵਾਨ ਕੀਤੀਆਂ ਗਈਆਂ। ਕੁਛ ਗੀਤ ਟੇਪਾਂ ਤੋਂ ਉਤਾਰਾ ਕੀਤੇ ਗਏ ਜੋ ਵੱਖ ਵੱਖ ਸਮੇਂ ਉਦਾਸੀ ਦੇ ਮਿੱਤਰਾਂ ਨੇ ਉਸ ਦੀ ਅਵਾਜ਼ 'ਚ ਰਿਕਾਰਡ ਕਰ ਰੱਖੇ ਸਨ। ਇਸ ਤਰ੍ਹਾਂ ਮੇਰੇ ਵੱਲੋਂ ਇਹ 160 ਦੇ ਕਰੀਬ ਰਚਨਾਵਾਂ ਦੀ "ਜੀਵਨ ਤੇ ਸਮੁੱਚੀ ਰਚਨਾ" ਪੁਸਤਕ ਤਿਆਰ ਹੋਈ।

ਡਾ. ਅਜਮੇਰ ਸਿੰਘ ਵੱਲੋਂ ਤਿਆਰ ਕੀਤੀ ਗਈ ਪੁਸਤਕ ਯੂਨੀਵਰਸਿਟੀ ਨੇ ਉਸ ਦੀ ਮੌਤ ਤੋਂ ਕਈ ਸਾਲ ਬਾਦ 2011 ਵਿਚ ਛਾਪ ਦਿੱਤੀ। ਜਿਸ ਨੂੰ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਡਾ. ਯੋਗਰਾਜ ਸਿੰਘ ਨੇ ਸੰਪਾਦਤ ਕੀਤਾ ਹੈ। ਇਸ ਪੁਸਤਕ ਦੇ ਟਾਈਟਲ ਉਪਰ ਨਾ ਤਾਂ ਉਦਾਸੀ ਦੀ ਫੋਟੋ ਲਗਾਈ ਹੈ ਤੇ ਨਾ ਹੀ ਉਸ ਦਾ ਨਾਂਅ ਲਿਖਿਆ ਹੈ, ਸਿਰਫ ਹੈਡਿੰਗ ਹੈ "ਸੂਹੇ ਬੋਲ ਉਦਾਸੀ ਦੇ" ਜਿਸ ਕਰਕੇ ਇਹ ਕਿਤਾਬ ਕਈ ਸਾਲ ਮੇਰੀਆਂ ਨਜ਼ਰਾਂ ਤੋਂ ਵੀ ਔਝਲ ਰਹੀ ਹੈ।

ਇਸ ਕਿਤਾਬ ਨੂੰ ਵਾਚਣ ਤੋਂ ਪਤਾ ਲੱਗਿਆ ਕਿ ਉਦਾਸੀ ਦਾ ਹੱਥ ਲਿਖਤ ਮੈਟਰ ਤੁਰਦਾ ਫਿਰਦਾ ਡਾ. ਅਜਮੇਰ ਸਿੰਘ ਕੋਲ ਪਹੁੰਚ ਗਿਆ ਸੀ। ਇਸ ਵਿਚ 189 ਕਵਿਤਾਵਾਂ ਹਨ ਗ਼ਿਧਰ ਇਸ ਪੁਸਤਕ ਵਿਚ ਪੰਜ ਦਸ ਕਵਿਤਾਵਾਂ ਅਜਿਹੀਆਂ ਹਨ ਜੋ ਉਦਾਸੀ ਦੀਆਂ ਹੈ ਹੀ ਨਹੀਂ ਜੋ ਸ਼ੱਕੀ ਹਨ। ਪੁਸਤਕ ਦੇ 143 ਪੰਨੇ 'ਤੇ ਛਪੀ ਚਾਰ ਸਫਿਆਂ ਦੀ ਲੰਬੀ ਕਵਿਤਾ "ਅਵਾਜ਼" ਮਾ. ਜਰਨੈਲ ਸਿੰਘ ਅੱਚਰਵਾਲ ਦੀ ਹੈ ਜੋ ਉਸ ਦੇ ਕਾਵਿ ਸੰਗ੍ਰਹਿ "ਕਾਲਾ ਸੂਰਜ" ਦੇ ਪੰਨਾ 76 ਉਤੇ ਛਪੀ ਹੈ। ਇਹ ਸੰਗ੍ਰਹਿ ਉਦਾਸੀ ਦੀ ਮੌਤ ਤੋਂ ਪੰਜ ਮਹੀਨੇ ਪਹਿਲਾਂ ਅਪ੍ਰੈਲ 1986 ਵਿਚ ਪੰਜਾਬੀ ਸਾਹਿਤ ਸਭਾ ਮਹਿਲ ਕਲਾਂ ਨੇ ਪ੍ਰਕਾਸ਼ਤ ਕੀਤਾ ਸੀ ਤੇ ਇਸ ਦਾ ਮੁੱਖ ਬੰਦ ਵੀ ਉਦਾਸੀ ਨੇ ਲਿਖਿਆ ਸੀ। ਇਸ ਕਰਕੇ ਇਸ ਕਿਤਾਬ ਦਾ ਖਰੜਾ ਉਦਾਸੀ ਕੋਲ ਸੀ। ਹੋਰ ਵੀ ਬਹੁਤ ਸਾਰੇ ਗੀਤਕਾਰ ਆਪਣੀ ਰਚਨਾਵਾਂ ਸੋਧ ਸੁਧਾਈ ਲਈ ਉਦਾਸੀ ਕੋਲ ਭੇਜ ਦਿੰਦੇ ਸਨ।

ਡਾ. ਅਜਮੇਰ ਸਿੰਘ ਨੇ ਉਦਾਸੀ ਦੀਆਂ ਮੁੱਢਲੀਆਂ ਰਚਨਾਵਾਂ ਮੇਰੇ ਵੱਲੋਂ ਛਾਪੀ ਗਈ ਪੁਸਤਕ ਵਿਚੋਂ ਲਈਆਂ ਹਨ। ਉਦਾਸੀ ਦੇ ਦੋ ਗੀਤ ਜੋ ਉਸ ਨੇ 1961-62 ਵਿਚ ਰੇਡੀਓ ਤੋਂ ਬੋਲੇ ਸਨ, ਮੈਂ ਉਘੇ ਢਾਡੀ ਮੁਖਤਿਆਰ ਸਿੰਘ ਤੂਫਾਨ (ਬੀਹਲਾ) ਕੋਲੋਂ ਲਿਖਵਾਏ ਸਨ ਜੋ ਉਦਾਸੀ ਦਾ ਵਿਦਿਆਰਥੀ ਹੁੰਦਿਆਂ ਖੁਦ ਵੀ ਗਾਉਂਦਾ ਰਿਹਾ ਸੀ। ਇਹ ਗੀਤ "ਖੂਹ ਹੱਕਣ ਵਾਲੇ ਨੂੰ ਆਸੀਸ" ਤੇ "ਬਾਜਰੇ ਦਾ ਸਿੱਟਾ" ਸਨ, ਇਹਨਾਂ ਦਾ ਇੱਕ ਇੱਕ ਬੰਦ ਉਸ ਦੇ ਯਾਦ ਨਹੀਂ ਸੀ ਜਿਸ ਕਰਕੇ ਮੈਂ ਡੈਸ਼ ਪਾ ਕੇ ਹੇਠ ਨੋਟ ਲਿਖ ਦਿੱਤਾ ਸੀ ਗ਼ਿਧਰ ਅਜਮੇਰ ਸਿੰਘ ਨੇ ਇਹ ਗੀਤਾਂ ਹੇਠੋਂ ਨੋਟ ਕੱਟ ਕੇ ਡੈਸ਼ ਉਵੇਂ ਜਿਵੇਂ ਹੀ ਰਹਿਣ ਦਿੱਤੇ ਹਨ। ਜਦਕਿ ਮੈਂ ਦੂਜੇ ਐਡੀਸ਼ਨ ਵਿਚ ਬੰਦ ਲੱਭ ਕੇ ਪੂਰੇ ਗੀਤ ਦੇ ਦਿੱਤੇ ਸਨ।

ਡਾ: ਅਜਮੇਰ ਸਿੰਘ ਵਲੋਂ ਸੰਪਾਦਿਤ ਕੀਤੀ ਗਈ ਕਿਤਾਬ ਵਿੱਚ ਤਾਂ ਤੱਥਾਂ ਦੀਆਂ ਵੀ ਬੇਸ਼ੁਮਾਰ ਗਲਤੀਆਂ ਹਨ ਜੋ ਆਉਣ ਵਾਲੇ ਖੋਜੀਆਂ ਨੂੰ ਕੁਰਾਹੇ ਪਾ ਸਕਦੀਆਂ ਹਨ। ਕੁੱਝ ਕੁ ਮਿਸਾਲਾਂ:

"ਜੇ.ਬੀ .ਟੀ ਪਾਸ ਕਰਨ ਉਪਰੰਤ ਉਸ ਨੂੰ 1961 ਈ : ਵਿੱਚ ਪੱਕੀ ਜੇ.ਬੀ.ਟੀ ਟੀਚਰ ਦੀ ਸਰਕਾਰੀ ਨੌਕਰੀ ਬੀਹਲੇ

ਪਿੰਡ , ਜ਼ਿਲਾ ਫਰੀਦਕੋਟ ਮਿਲ ਗਈ । " (ਪੰਨਾ xv)

ਉਦਾਸੀ ਦੀ ਪਹਿਲੀ ਨੌਕਰੀ ਪਿੰਡ ਕਾਂਝਲਾ ਜ਼ਿਲਾ ਸੰਗਰੂਰ ਵਿਚ ਲੱਗੀ ਸੀ, ਜਦਕਿ ਬੀਹਲਾ ਵੀ ਸੰਗਰੂਰ ਜ਼ਿਲੇ ਦਾ ਹੀ ਪਿੰਡ ਹੈ ਨਾ ਕਿ ਫਰੀਦਕੋਟ ਦਾ

" ਇਹਨਾਂ ਦੇ ਤਿੰਨ ਲੜਕੀਆਂ ਤੇ ਤਿੰਨ ਲੜਕੇ ਪੈਦਾ ਹੋਏ।੩੩..ਇਹਨਾਂ ਦੇ ਦੋ ਲੜਕੇ ਸਨ , ਜਿੰਨ੍ਹਾਂ ਵਿਚੋ ਮੋਹਕਮ ਸਿੰਘ ਛੋਟੀ ਉਮਰ ਵਿਚ ਹੀ ਸਵਰਗਵਾਸ ਹੋ ਗਿਆ"(ਪੰਨਾ xv)

ਉਦਾਸੀ ਦੇ ਤਿੰਨ ਲੜਕੀਆਂ ਤੇ ਦੋ ਲੜਕੇ ਸਨ , ਜਿੰਨ੍ਹਾਂ ਵਿਚੋਂ ਵੱਡਾ ਇਕਬਾਲ ਸਿੰਘ ਜੇ.ਬੀ.ਟੀ ਟੀਚਰ ਰਿਹਾ ਹੈ ਤੇ ਜਿਸਦੀ ਕੁਛ ਸਾਲ ਪਹਿਲਾਂ ਮੌਤ ਹੋ ਚੁੱਕੀ ਹੈ ਜਦਕਿ ਛੋਟਾ ਮੋਹਕਮ ਸਿੰਘ ਅੱਜ ਵੀ ਹਰੀ ਕੈਮ ਤੇ ਬਾਲ ਬੱਚੇ ਵਾਲਾ ਹੈ।

"ਕੀਰਤਨ ਕੌਰ ਨੇ 1956 ਈ : ਵਿਚ ਪਟਿਆਲੇ ਵਿਚ ਫਿਜੀਕਲ ਕਾਲਜ ਤੋਂ ਡਿਗਰੀ ਕੀਤੀ।"(ਪੰਨਾ xv)

ਉਦਾਸੀ ਦੀ ਛੋਟੀ ਲੜਕੀ ਕੀਰਤਨ ਕੌਰ ਦਾ ਜਨਮ ਹੀ 1972-73 ਵਿਚ ਹੋਇਆ ਹੈ ਤੇ ਉਸ ਨੇ ਫਾਰਮੇਸੀ ਦਾ ਡਿਪਲੋਮਾ ਅਕਾਲ ਡਿਗਰੀ ਕਲਾਜ ਮਸਤੂਆਣਾ ਤੋਂ ਕੀਤਾ ਹੈ।

"ਉਦਾਸੀ ਦੀ ਪਹਿਲੀ ਗ੍ਰਿਫਤਾਰੀ 11 ਜਨਵਰੀ 1977 ਈ : ਵਿਚ ਪੁਲਸ ਨੇ ਫੜਿਆ ਅਤੇ ਬਾਹਰ ਨਹਿਰੀ ਕੋਠੀ ਵਿੱਚ ਰੱਖਿਆ। (ਪੰਨਾ xv)

ਉਦਾਸੀ ਦੀ ਪਹਿਲੀ ਗ੍ਰਿਫਤਾਰੀ 11 ਜਨਵਰੀ 1971 ਨੂੰ ਹੋਈ ਸੀ ਤੇ ਉਸ ਨੂੰ ਸੰਗਰੂਰ ਨੇੜੇ ਇੰਟੈਰੋਗੇਸ਼ਨ ਸੈਂਟਰ ਲੱਡਾ ਕੋਠੀ ਵਿਚ ਲਿਜਾਇਆ ਗਿਆ ਸੀ।

"ਸਿਖਿਆ ਵਿਭਾਗ ਨੇ ਉਦਾਸੀ ਨੂੰ 25 ਜਨਵਰੀ 1977 ਈ : ਨੂੰ ਸਸਪੈਂਡ ਕਰ ਦਿਤਾ, ਇਸ ਨਾਲ ਪਰਿਵਾਰ ਉਤੇ ਆਰਥਿਕ ਸੰਕਟ ਗਹਿਰਾ ਹੋ ਗਿਆ।"(ਪੰਨਾ xv)

ਉਦਾਸੀ ਨੂੰ ਤੀਜੀ ਵਾਰ ਐਮਰਜੈਂਸੀ ਮੌਕੇ 7 ਜੁਲਾਈ 1975 ਨੂੰ ਗ੍ਰਿਫਤਾਰ ਕਰਕੇ ਲੰਬਾ ਸਮਾਂ ਜੇਲ ਵਿਚ ਰੱਖਿਆ ਗਿਆ। ਅਖੀਰ ਬਰਨਾਲਾ ਦੇ ਫਸਟ ਕਲਾਸ ਮੈਜਿਸਟ੍ਰੇਟ ਏ.ਸੀ. ਅਗਰਵਾਲ ਨੇ 1-4-77 ਨੂੰ ਉਦਾਸੀ ਨੂੰ ਸਾਰੇ ਕੇਸਾ ਵਿੱਚੋਂ ਬਰੀ ਕਰ ਦਿੱਤਾ ਅਤੇ ਉਹ ਸਰਕਾਰੀ ਹਾਈ ਸਕੂਲ ਖਨੌਰੀ ਕਲਾਂ ਸੰਗਰੂਰ ਵਿਚ ਡਿਊਟੀ ਤੇ ਹਾਜ਼ਰ ਕਰ ਲਿਆ ਗਿਆ।

"..1984 ..ਉਹ ਨੇਪਾਲ ਵਿਚ ਕਵਿਤਾ ਪੜ੍ਹਨ ਲਈ ਰੇਲ ਗੱਡੀ ਵਿਚ ਜਾ ਰਿਹਾ ਸੀ। ਉਦਾਸੀ ਦੇ ਸਿੱਖੀ ਸਰੂਪ ਤੋਂ ਵੇਖਕੇ ਮੁਸਾਫਰਾਂ ਨੇ ਉਹਦੇ ਮੂੰਹ ਤੇ ਬੀੜੀ ਦੇ ਸੂਟੇ ਮਾਰੇ।"(xix)

ਉਦਾਸੀ ਕਦੇ ਜ਼ਿੰਦਗੀ ਵਿਚ ਨੇਪਾਲ ਗਿਆ ਹੀ ਨਹੀਂ । ਹਾਂ ਉਹ ਜਨਵਰੀ 1985 ਵਿਚ ਦਿੱਲੀ ਜ਼ਰੂਰ ਗਿਆ ਸੀ, ਜਿਥੇ ਸਿੱਖ ਕਤਲੇਆਮ ਦੀਆਂ ਨਿਸ਼ਾਨੀਆਂ ਦੇਖਕੇ ਉਹ ਹਿੱਲ ਗਿਆ ਸੀ।

"ਵਿਸਾਖੀ 1986 ਨੂੰ ਲੁਧਿਆਣੇ ਵਿਚ ਲੋਕਾਂ ਦੇ ਭਾਰੀ ਮੇਲੇ ਵਿਚ ਜਗਦੇਵ ਸਿੰਘ ਜੱਸੋਵਾਲ ਨੇ ਬਹੁਤ ਹੀ ਪਿਆਰ ਤੇ ਸਨੇਹ ਨਾਲ ਸੰਤ ਰਾਮ ਉਦਾਸੀ ਨੂੰ ਸਿੱਕਿਆਂ ਨਾਲ ਤੋਲਿਆਂ ਸੀ।"(xix)

ਉਦਾਸੀ ਨੂੰ 13 ਅਪ੍ਰੈਲ 1984 ਨੂੰ ਵਿਸਾਖੀ ਵਾਲੇ ਦਿਨ ਸਿੱਕਿਆਂ ਨਾਲ ਤੋਲਿਆ ਗਿਆ ਸੀ।

ਦੂਜੀ ਪੁਸਤਕ "ਸੰਤ ਰਾਮ ਉਦਾਸੀ-ਸ਼ਖ਼ਸੀਅਤ ਅਤੇ ਸਮੁੱਚੀ ਰਚਨਾ" ਸੰਪਾਦਕ-ਅਜਮੇਰ ਸਿੱਧੂ-ਇਕਬਾਲ ਕੌਰ ਉਦਾਸੀ, ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ 2014 ਵਿਚ ਪ੍ਰਕਾਸ਼ਤ ਕੀਤੀ ਹੈ। ਇਸ ਦਾ ਮੁੱਖ ਬੰਧ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਰਜਿੰਦਰਪਾਲ ਬਰਾੜ ਲਿਖਿਆ ਹੈ। ਸੰਪਾਦਕਾਂ ਨੇ ਵਗੈਰ ਨਾਂਅ ਲਿਆ ਮੇਰੀ ਪੁਸਤਕ ਦੇ ਪਹਿਲੇ ਐਡੀਸਨ ਅਤੇ ਡਾ. ਅਜਮੇਰ ਸਿੰਘ ਦੀ ਪੁਸਤਕ ਨੂੰ ਆਧਾਰ ਬਣਾਕੇ ਦਾਅਵਾ ਕਰ ਦਿੱਤਾ ਹੈ ਕਿ ਹੁਣ ਚਾਲੀ ਪੰਤਾਲੀ ਨਵੀਆਂ ਕਵਿਤਾਵਾਂ ਹੋਰ ਲੱਭ ਗਈਆਂ ਹਨ। ਇਸ ਵਿਚ ਵੀ ਮਾ. ਜਰਨੈਲ ਸਿੰਘ ਅੱਚਰਵਾਲ ਦੀ ਲੰਬੀ ਕਵਿਤਾ "ਅਵਾਜ਼" ਛਾਪ ਦਿੱਤੀ ਗਈ ਹੈ ! ਹੋਰ ਤਾਂ ਹੋਰ ਮੇਰੀ ਪੁਸਤਕ ਦੇ ਪਹਿਲੇ ਐਡੀਸਨ ਵਿਚ ਇਕ ਗਜ਼ਲ ਛਪ ਗਈ ਸੀ।

"ਆਦਮੀ ਜੋ ਹੋ ਗਿਆ ਸ਼ੈਤਾਨ ਹੈ
ਮੋਮਨੇ ਦੀ ਖੱਲ ਵਿਚ ਹੈਵਾਨ ਹੈ"

ਬਾਦ 'ਚ ਪਤਾ ਲੱਗਿਆ ਕਿ ਇਹ ਗਜ਼ਲ ਪ੍ਰੋ: ਪ੍ਰੀਤਮ ਸਿੰਘ ਰਾਹੀ ਦੀ ਹੈ ਜੋ ਉਸ ਦੇ 1985 ਵਿਚ ਛਪੇ ਗ਼ਜ਼ਲ ਸੰਗ੍ਰਹਿ "ਕਾਸ਼ਣੀ ਧੁੱਪਾਂ" ਵਿਚ ਛਪੀ ਸੀ (ਹੁਣ 'ਗੁਲਮੋਹਰ' ਵਿਚ ਪੰਨਾ-165 'ਤੇ ਛਪੀ ਹੈ) ਮੈਂ ਦੂਜੇ ਐਡੀਸ਼ਨ ਵਿਚ ਇਹ ਗਜ਼ਲ ਕੱਢ ਦਿੱਤੀ ਸੀ ਪਰ ਸੰਪਾਦਕਾਂ ਨੇ ਦੂਜਾ ਐਡੀਸ਼ਨ ਦੇਖਣ ਦਾ ਕਸ਼ਟ ਹੀ ਨਹੀਂ ਕੀਤਾ ਤੇ ਆਪਣੀ ਪੁਸਤਕ ਦੇ ਪੰਨਾ-288 ਉਪਰ ਹੂ-ਬ-ਹੂ ਇਹ ਗ਼ਜ਼ਲ ਛਾਪ ਦਿੱਤੀ ਹੈ। ਇਸੇ ਤਰ੍ਹਾਂ ਹੀ "ਖੂਹ ਹੱਕਣ ਵਾਲੇ ਨੂੰ ਆਸੀਸ" ਤੇ "ਬਾਜਰੇ ਦਾ ਸਿੱਟਾ" ਗੀਤਾਂ ਵਿਚ ਜਿੱਥੇ ਮੈਂ ਡੈਸ਼ ਛੱਡੀ, ਉਹ ਵੀ ਹੂ-ਬ-ਹੂ ਪੰਨਾ-215 ਅਤੇ 216 'ਤੇ ਛਾਪ ਦਿੱਤੇ ਹਨ।

ਇਸ ਪੁਸਤਕ ਦੀ ਇੱਕ ਹੋਰ ਲਿਖਤ ਜਿਸ ਨੇ ਇਤਿਹਾਸ ਵਿਚ ਵੱਡਾ ਵਿਗਾੜ ਪਾਉਣਾ ਹੈ, ਉਹ ਹੈ ਅਜਮੇਰ ਸਿੱਧੂ ਵੱਲੋਂ ਉਦਾਸੀ ਦੀ ਪਤਨੀ ਨਸੀਬ ਕੌਰ ਨਾਲ ਕੀਤੀ ਗਈ




ਇੰਟਰਵਿਊ। ਜੋ ਉਸ ਨੇ 29 ਦਸੰਬਰ 2012 ਨੂੰ ਕਰਨ ਦਾ ਵਾਅਦਾ ਕੀਤਾ ਹੈ। ਬਹੁਤ ਸਾਰੇ ਸੱਜਣ ਜਾਣਦੇ ਹਨ ਕਿ ਉਦਾਸੀ ਦੀ ਪਤਨੀ ਅਣਪੜ੍ਹ ਸਿੱਧੀ ਸਾਦੀ ਘਰੇਲੂ ਔਰਤ ਹੈ, ਨਕਸਲੀ ਲਹਿਰ ਦੌਰਾਨ ਉਸ ਨੇ ਵੀ ਹੋਰ ਪ੍ਰਵਾਰਾਂ ਵਾਂਗ ਕਸ਼ਟ ਭੋਗੇ ਹਨ ਪਰ ਅਜਮੇਰ ਸਿੱਧੂ ਦੀ ਮੁਲਾਕਾਤ ਵਾਲੀ ਨਸੀਬ ਕੌਰ ਇਕੱਲੀ ਪੜ੍ਹੀ ਲਿਖੀ ਹੀ ਨਹੀਂ ਉਹ ਰਾਜਸੀ ਅਤੇ ਸਾਹਿਤਕ ਤੌਰ 'ਤੇ ਪੂਰੀ ਚੇਤਨ, ਰਾਜਸੀ ਟਰਮਾਂ ਦੀ ਵੀ ਜਾਣੂ ਹੈ। ਨਕਸਲੀ ਲਹਿਰ ਦੀਆਂ ਘਟਨਾਵਾਂ ਜਿਸ ਨੂੰ ਪੰਜਾਹ ਸਾਲਾਂ ਬਾਦ ਵੀ ਤਾਰੀਕਵਾਰ ਮੂੰਹ ਜ਼ੁਬਾਨੀ ਯਾਦ ਹਨ। ਅਜਮੇਰ ਸਿੱਧੂ ਉੱਘੇ ਸਿੱਖ ਚਿੰਤਕ ਸਰਦਾਰ ਅਜਮੇਰ ਸਿੰਘ ਅਤੇ ਮੇਰੇ ਪ੍ਰਤੀ ਸਿਆਸੀ ਬਦਲਾਖੋਰੀ ਤਹਿਤ ਆਪਣੀਆਂ ਗੱਲਾਂ ਨਸੀਬ ਕੌਰ ਦੇ ਮੂੰਹ ਵਿਚ ਪਾਉਂਦਾ ਹੈ। ਉਹ ਉਦਾਸੀ ਨੂੰ ਧਰਮ ਤੋਂ ਮੁਕਤ ਚੌਵੀ ਕੈਰਟ ਸ਼ੁੱਧ ਤਰਕਸ਼ੀਲ ਕਾਮਰੇਡ ਸਿੱਧ ਕਰਨਾ ਚਾਹੁੰਦਾ ਹੈ, ਜੋ ਅਖੀਰਲੀ ਘੜੀ ਤੱਕ ਇਕ ਗਰੁੱਪ ਦੀ ਲਾਈਨ ਨਾਲ ਅਡੋਲ ਖੜਾ ਸੀ। ਇਹ ਇਤਿਹਾਸ ਲੇਖਣੀ ਨਾਲ ਘੋਰ ਅਨਾਚਾਰ ਤੇ ਬੌਧਿਕ ਬੇਈਮਾਨੀ ਹੈ। ਜੇ ਅਜਮੇਰ ਸਿੱਧੂ ਨੂੰ ਸਾਡੇ ਨਾਲ ਕੋਈ ਰੰਜਸ ਤੇ ਖੁਣਸ ਹੈ ਤਾਂ ਉਸ ਨੂੰ ਨਸ਼ੀਬ ਕੌਰ ਦੇ ਮੋਢੇ 'ਤੇ ਧਰ ਕੇ ਨਹੀਂ ਚਲਾਉਣੀ ਚਾਹੀਦੀ ਸਿੱਧੇ ਮੱਥੇ ਵਿਚਾਰਧਾਰਕ ਬਹਿਸ ਵਿਚ ਪੈਣਾ ਚਾਹੀਦਾ ਹੈ। ਇਸ ਕਿਤਾਬ ਦੀ ਸੰਪਾਦਨਾ ਨਾਲ ਉਦਾਸੀ ਦੀ ਧੀ ਇਕਬਾਲ ਕੌਰ ਉਦਾਸੀ ਦਾ ਨਾਂਅ ਜੁੜਿਆ ਹੋਣ ਕਰਕੇ, ਗਲਤ ਅਤੇ ਰੋਗੀ ਤੱਥ ਸਥਾਪਤ ਹੋਣ ਦੀ ਸੰਭਾਵਨਾ ਵੱਧ ਹੈ।

ਤੀਜੀ ਪੁਸਤਕ ਡਾ. ਚਰਨਜੀਤ ਕੌਰ ਦੀ ਲਿਖੀ "ਸੰਤ ਰਾਮ ਉਦਾਸੀ-ਜੀਵਨ ਤੇ ਰਚਨਾ" ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 2014 ਵਿਚ ਪ੍ਰਕਾਸ਼ਿਤ ਕੀਤੀ ਹੈ। ਡਾ. ਚਰਨਜੀਤ ਕੌਰ ਨੇ ਵੀ ਮੇਰੀ ਪੁਸਤਕ ਸਮੇਤ ਡਾ. ਅਜਮੇਰ ਸਿੰਘ ਤੇ ਅਜਮੇਰ ਸਿੱਧੂ, ਇਕਬਾਲ ਕੌਰ ਉਦਾਸੀ ਦੀਆਂ ਪੁਸਤਕਾਂ ਨੂੰ ਅਧਾਰ ਬਣਾਇਆ ਹੈ। ਜਿਸ ਕਰਕੇ ਇਸ ਤੋਂ ਵੀ ਪਹਿਲਾਂ ਵਾਲੀਆਂ ਉਕਾਈਆਂ ਹੀ ਹੋਈਆਂ ਹਨ। ਡਾ. ਚਰਨਜੀਤ ਕੌਰ ਨੇ ਖੁਦ ਡਾਕਟਰੇਟ ਕੀਤੀ ਹੈ, ਇਸ ਦਾ ਪਤੀ ਡਾ. ਰਾਜਿੰਦਰਪਾਲ ਬਰਾੜ ਪੰਜਾਬੀ ਵਿਭਾਗ ਦਾ ਮੁਖੀ ਰਿਹਾ ਹੈ, ਇਹਨਾਂ ਨੂੰ ਖੋਜ ਵਿਧੀ ਦੇ ਮਿਆਰਾਂ ਦਾ ਪਤਾ ਹੈ ਕਿ ਪ੍ਰਾਇਮਰੀ, ਸੈਕੰਡਰੀ ਤੇ ਥਰਡ ਸੋਰਸ ਕੀ ਹੁੰਦੇ ਹਨ ਪਰ ਫਿਰ ਵੀ ਲੇਖਿਕਾ ਨੇ ਸੰਤ ਰਾਮ ਉਦਾਸੀ ਦੇ ਜੀਵਨ ਬਾਰੇ ਜਾਣਕਾਰੀ ਦੇਣ ਲਈ ਬਿਲਕੁਲ ਕੱਚੇ ਸਰੋਤ ਵਰਤੇ ਹਨ।

ਜਿਵੇਂ ਉਦਾਸੀ ਦੇ ਪਰਵਾਰ ਅਤੇ ਨਾਮਕਰਨ 'ਉਦਾਸੀ' ਬਾਰੇ ਖੋਜ ਲੇਖਕ ਸਰਵਣ ਸਿੰਘ ਦੇ ਹਵਾਲੇ ਦਿੱਤੇ ਹਨ। ਜਿਸ ਦਾ ਉਦਾਸੀ ਨਾਲ ਦੂਰ ਨੇੜੇ ਦਾ ਵੀ ਵਾਸਤਾ ਨਹੀਂ ,ਸਗੋਂ ਉਹ ਤਾਂ ਖੁਦ ਸੁਣਾਈਆਂ ਅਗਾਂਹ ਰੋੜਦਾ ਹੈ। ਜਦਕਿ ਉਦਾਸੀ ਦੇ ਵੱਡੇ ਭਰਾ ਗੁਰਦਾਸ ਸਿੰਘ ਘਾਰੂ ਨੇ ਆਪਣੀ ਸਵੈ ਜੀਵਨੀ "ਪਗਡੰਡੀਆਂ ਤੋਂ ਜੀਵਨ ਮਾਰਗ ਤੱਕ" ਵਿੱਚ ਆਪਣੇ ਪ੍ਰਵਾਰ ਅਤੇ ਉਦਾਸੀ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਪਰ ਡਾ: ਚਰਨਜੀਤ ਕੌਰ ਨੇ ਇਹ ਪੁਸਤਕ ਦੇਖੀ ਤੱਕ ਵੀ ਨਹੀਂ। ਇਸੇ ਤਰ੍ਹਾਂ ਉਦਾਸੀ ਦੀਆਂ ਨਕਸਲੀ ਲਹਿਰ ਵਿਚ ਸਰਗਰਮੀਆਂ ਬਾਰੇ ਉਸ ਦੇ ਸਾਥੀਆਂ ਕੋਲੋਂ ਜਾਣਕਾਰੀ ਲੈਣ ਦੀ ਵਜਾਏ ਉਹ ਅਜਮੇਰ ਸਿੱਧੂ ਵੱਲੋਂ ਨਸੀਬ ਕੌਰ ਨਾਲ ਕੀਤੀ ਗਈ ਜਾਅਲੀ




ਇੰਟਰਵਿਊ ਵਿਚੋਂ ਹਵਾਲੇ ਦਿੰਦੀ ਹੈ। ਜਦਕਿ ਲੇਖਿਕਾ ਚਰਨਜੀਤ ਕੌਰ ਅਨੁਸਾਰ ਉਸ ਦਾ ਪਿੰਡ ਭੋਤਨਾ, ਰਾਏਸਰ ਦੇ ਬਿਲਕੁਲ ਨਜਦੀਕ ਹੈ ਤੇ ਉਹ ਬਚਪਨ 'ਚ ਉਦਾਸੀ ਦੀ ਵਿਦਿਆਰਥਣ ਵੀ ਰਹੀ ਹੈ ਪਰ ਫਿਰ ਵੀ ਉਸ ਨੇ ਖੁਦ ਜਾ ਕੇ ਨਸੀਬ ਕੌਰ ਨੂੰ ਮਿਲਣ ਦੀ ਜ਼ਹਿਮਤ ਨਹੀਂ ਉਠਾਈ। ਸਾਹਿਤਕ ਬੇਈਮਾਨੀ ਦਾ ਹਾਲ ਇਹ ਹੈ ਕੀ ਉਸ ਨੇ ਆਪਣੀ ਪੁਸਤਕ ਦੇ ਪੰਨਾ ਨੰਬਰ ਤਿੰਨ ਤੇ ਉਦਾਸੀ ਦੇ ਪ੍ਰਵਾਰ ਅਤੇ ਪੁਰਖਿਆਂ ਸਬੰਧੀ ਜਾਣਕਾਰੀ ,ਮੇਰੀ ਪੁਸਤਕ "ਕੰਮੀਆਂ ਦੇ ਵਿਹੜੇ ਦਾ ਸੂਰਜ" 'ਚੋਂ ਲਈ ਹੈ। ਇਸੇ ਤਰ੍ਹਾਂ ਉਦਾਸੀ ਦੀ ਨਕਸਲਬਾੜੀ ਲਹਿਰ ਅਤੇ ਐਮਰਜੈਂਸੀ ਦੌਰਾਨ ਗ੍ਰਿਫਤਾਰੀ ਅਤੇ ਸਕੂਲੋਂ ਮੁਅੱਤਲੀ ਸਬੰਧੀ ਸਾਰਾ ਰਿਕਾਰਡ ਹੂ-ਬ-ਹੂ ਮੇਰੀ ਪੁਸਤਕ ਵਿਚੋਂ ਦਿੱਤਾ ਗਿਆ ਹੈ ਪਰ ਇਸ ਪੁਸਤਕ ਦਾ ਹਵਾਲਾ ਕਿਤੇ ਨਹੀਂ ਦਿੱਤਾ ਗਿਆ।

ਚੌਥੀ ਕਿਤਾਬ "ਉਦਾਸੀ ਕਾਵਿ-ਸੰਤ ਰਾਮ ਉਦਾਸੀ ਦੀਆਂ ਸੰਪੂਰਨ ਕਵਿਤਾਵਾਂ ਅਤੇ ਗੀਤਾਂ ਦਾ ਸੰਗ੍ਰਹਿ" ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਨੇ 2016 ਵਿਚ ਛਾਪਿਆ ਹੈ। ਜਿਸ ਦਾ ਸੰਪਾਦਕ ਅਮੋਲਕ ਸਿੰਘ ਹੈ। ਅਮੋਲਕ ਸਿੰਘ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ, ਉਹ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦਾ ਆਗੂ ਹੈ, ਗ਼ਦਰੀ ਬਾਬਿਆਂ ਦੇ ਮੇਲੇ ਦਾ ਰੂਹੇ-ਰਵਾਂ ਹੈ, ਲੋਕ ਮੋਰਚਾ ਪੰਜਾਬ ਦਾ ਕਨਵੀਨਰ ਰਿਹਾ ਹੈ, ਪੰਜਾਬ ਲੋਕ ਸੱਭਿਆਚਾਰਕ ਮੰਚ ਦਾ ਪ੍ਰਧਾਨ ਹੈ, ਸੁਰਖ ਰੇਖਾ ਪਰਚੇ ਦਾ ਪਰਬੰਧਕ ਰਿਹਾ ਹੈ ਪਰ ਉਸ ਨੇ ਇਕ ਵੀ ਅੱਖਰ ਦੀ ਵਾਧ ਘਾਟ ਕੀਤਿਆਂ ਮੇਰੇ ਵੱਲੋਂ ਸੰਪਾਦਤ ਕੀਤੀ ਕਿਤਾਬ ਨੂੰ ਆਪਣੇ ਨਾਂਅ 'ਤੇ ਛਪਵਾ ਲਿਆ ਹੈ। ਵਿੱਚ ਕੁੱਝ ਕਵਿਤਾਵਾਂ ਅਜਮੇਰ ਸਿੱਧੂ ਤੇ ਇਕਬਾਲ ਕੌਰ ਉਦਾਸੀ ਦੀ ਸੰਪਾਦਤ ਕੀਤੀ ਕਿਤਾਬ 'ਚੋਂ ਪਾ ਲਈਆ ਹਨ ਜੋ ਉਦਾਸੀ ਦੀਆਂ ਹੈ ਨਹੀਂ। ਉਸੇ ਤਰ੍ਹਾਂ ਹੀ ਮਾ. ਜਰਨੈਲ ਸਿੰਘ ਅੱਚਰਵਾਲ ਦੀ ਕਵਿਤਾ "ਅਵਾਜ਼" ਇਸ ਪੁਸਤਕ ਦੇ ਪੰਨਾ 266 'ਤੇ ਛਪੀ ਹੈ। ਪ੍ਰੋ ਪ੍ਰੀਤਮ ਸਿੰਘ ਰਾਹੀ ਵਾਲੀ ਗ਼ਜ਼ਲ ਪੰਨਾ 236 'ਤੇ ਛਪੀ ਹੈ। ਮੈਂ ਆਪਣੇ ਵੱਲੋਂ ਛਾਪੀ ਗਈ ਕਿਤਾਬ ਵਿਚ ਉਹਨਾਂ ਗੀਤਾਂ ਹੇਠ ਉਹਨਾਂ ਵਿਅਕਤੀਆ ਦੇ ਨਾਂਅ ਲਿਖੇ ਸਨ, ਜਿਨਾਂ ਕੋਲੋਂ ਮਿਲੇ ਸਨ। ਇਸ ਪੁਸਤਕ ਵਿਚ ਵੀ ਉਹ ਉਸੇ ਤਰ੍ਹਾਂ ਹੀ ਰਹਿਣ ਦਿੱਤੇ ਹਨ, ਪਰ ਸੰਪਾਦਕ ਨੇ ਇਹ ਕਿਤੇ ਨਹੀਂ ਦੱਸਿਆ ਕਿ ਇਹ ਗੀਤ ਪ੍ਰਾਪਤ ਕੀਹਨੇ ਕੀਤੇ ਸਨ ? ਕਿਸੇ ਦੇ ਕੀਤੇ ਕਰਾਏ ਕੰਮ ਨੂੰ ਆਪਣੇ ਨਾਂਅ ਤੇ ਛਪਵਾ ਲੈਣ ਨਾਲ ਕੀ ਜ਼ੁੰਮੇਵਾਰ ਅਹੁਦਿਆਂ 'ਤੇ ਬੈਠੇ ਅਮਲੋਕ ਸਿੰਘ ਦੀ ਦਿਆਨਤਦਾਰੀ ਪ੍ਰਤੀ ਸ਼ੰਕੇ ਤੇ ਸੁਆਲ ਨਹੀਂ ਖੜੇ ਹੁੰਦੇ ?




ਇਸ ਪੁਸਤਕ ਵਿਚ ਪਰੂਫਾਂ ਦੀਆਂ ਬੇਸ਼ੁਮਾਰ ਗ਼ਲਤੀਆਂ ਹਨ, ਜੋ ਉਦਾਸੀ ਦੇ ਗੀਤਾਂ ਕਵਿਤਵਾਂ ਦੇ ਅਰਥਾਂ ਦੇ ਅਨਰਥ ਕਰ ਦਿੰਦੀਆਂ ਹਨ। ਸਿਰਫ਼ ਨਮੂਨੇ ਵਜੋਂ ਦੋ ਮਿਸਾਲਾਂ ਹਾਜ਼ਰ ਹਨ :

"ਫੱਕਰ ਇਹਦੇ ਨਾ ਲਾਲਾਂ ਦੀ ਨੈਣ ਭਿੱਛਿਆਂ , ਮਾਣਮੱਤੇ ਇਹ ਹੁਸਨ ਦੇ ਚੋਰ ਵੀ ਨਈ"

ਜਦ ਕੇ ਅਸਲ ਲਾਈਨ ਇਸ ਤਰ੍ਹਾਂ ਹੈ :

"ਫੱਕਰ ਇਹਦੇ ਨਾ ਲਾਲਾਂ ਦੀ ਲੈਣ ਭਿੱਛਿਆਂ , ਮਾਣਮੱਤੇ ਇਹ ਹੁਸਨ ਦੇ ਚੋਰ ਵੀ ਨਈ"

ਇਸੇ ਤਰ੍ਹਾਂ ਹੋਰ ਨਮੂਨਾ:

"ਜੀਹਦੇ ਸੱਤਰ ਕਰੋੜ ਨੇ ਪੁੱਤ ਪੋਤੇ , ਉਹਨੂੰ ਲੋੜ ਸੀ ਹੋਰ ਹਮੈਤੀਆਂ ਦੀ"

ਅਸਲ ਲਾਈਨ :

"ਜੀਹਦੇ ਸੱਤਰ ਕਰੋੜ ਨੇ ਪੁੱਤ ਪੋਤੇ , ਉਹਨੂੰ ਲੋੜ ਕੀ ਹੋਰ ਹਮੈਤੀਆਂ ਦੀ"

ਹੋਰ ਤਾਂ ਹੋਰ ਜਿਹੜਾ ਪਾਪ ਉਦਾਸੀ ਨੇ ਜਿਉਂਦੇ ਜੀਅ ਖੁਦ ਨਹੀਂ ਕੀਤਾ ਸੀ , ਉਹ ਘੋਰ ਪਾਪ ਤਰਕਭਾਰਤੀ ਪ੍ਰਕਾਸ਼ਨ ਦੇ ਮਾਲਕ ਪਿਉ ਪੁੱਤਾਂ ਮੇਘ ਰਾਜ ਮਿੱਤਰ,ਅਮਿਤ ਮਿੱਤਰ ਤੇ ਸੰਪਾਦਕ ਅਮੋਲਕ ਸਿੰਘ ਨੇ ਕਰ ਦਿੱਤਾ ਹੈ। ਉਦਾਸੀ ਦੇ ਭਰਾਵਾਂ ਅਤੇ ਸਮਕਾਲੀ ਦੋਸਤਾਂ ਮਿੱਤਰਾਂ ਅਨੁਸਾਰ, ਉਸ ਨੇ ਸਾਰੀ ਉਮਰ ਕਦੇ ਦਾੜ੍ਹੀ ਨੂੰ ਕੈਂਚੀ ਨਹੀਂ ਲਵਾਈ ਸੀ, ਪਰ ਪ੍ਰਕਾਸ਼ਕਾਂ ਅਤੇ ਸੰਪਾਦਕ ਨੇ ਕਿਤਾਬ ਦੇ ਟਾਈਟਲ ਤੇ ਉਸਨੂੰ ਸ਼ੁੱਧ ਕਾਮਰੇਡ ਦਿਖਾਉਣ ਲਈ ਕੰਪਿਊਟਰ ਨਾਲ ਉਸ ਦੀ ਦਾੜ੍ਹੀ ਕਤਰ ਕੇ ਉਸ ਦੀ ਸ਼ਕਲ ਕਾਂ ਡੋਡ ਵਰਗੀ ਬਣਾ ਦਿੱਤੀ ਹੈ । ਕਰੇੜੇ ਭਰੇ ਦੰਦ ਕਿਸੇ ਘੋਰੀ ਅਮਲੀ ਦੇ ਲੱਗਦੇ ਹਨ।

ਸੰਪਾਦਕ ਅਮਲੋਕ ਸਿੰਘ ਮੇਰੇ ਤੇ ਅਸਿੱਧੇ ਢੰਗ ਨਾਲ ਉਦਾਸੀ ਕਾਵਿ ਨੂੰ ਵਿਗਾੜਨ ਦਾ ਦੋਸ਼ ਲਗਾਉਂਦਾ ਹੈ :

"ਪਲੇਠੀ ਕਾਵਿ ਉਡਾਰੀ ਤੋਂ ਆਖਰੀ ਦਮ ਤੱਕ ਰਚੀ ਉਦਾਸੀ ਦੀ ਕਵਿਤਾ ਨੂੰ ਵੇਖਣ ਦਾ ਵਿਗਿਆਨਕ ਦ੍ਰਿਸ਼ਟੀ ਕੋਣ ਸਾਡੇ ਕੋਲੋ ਗੰਭੀਰ ਅਤੇ ਜਿੰਮੇਵਾਰਨਾ ਪਹੁੰਚ ਦੀ ਮੰਗ ਕਰਦਾ ਹੈ। ਇਸ ਲਈ ਸਭ ਤੋਂ ਮਹੱਤਵ ਪੂਰਨ ਉਦਾਸੀ ਦਾ ਹਲਫ਼ੀਆ ਬਿਆਨ ਹੈ, ਜਿਹੜਾ ਉਦਾਸੀ ਦੇ ਦੰਭੀ ਵਾਰਸਾਂ ਦੇ ਪਾਜ ਉਧੇੜ ਧਰਦਾ ਹੈ , ਜਿਹਨਾਂ ਨੇ ਉਦਾਸੀ ਦੀ ਕਵਿਤਾ ਦਾ ਹੁਲੀਆ ਵਿਗਾੜਨ ਦੀ ਕੋਸ਼ਿਸ਼ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।" ਪਰ ਹੁਲੀਆ ਖੁਦ ਇਹ "ਹੱਕੀ ਵਾਰਸ" ਵਿਗਾੜ ਰਹੇ ਹਨ।

ਜਦ ਉਦਾਸੀ ਨੇ 1979-80 ਵਿਚ ਲਾਲ ਕਿਲੇ ਤੋਂ ਗੀਤ ਬੋਲਿਆ ਸੀ ਤੇ 1984 ਵਿਚ ਜਗਦੇਵ ਸਿੰਘ ਜੱਸੋਵਾਲ ਨੇ ਉਸ ਨੂੰ ਸਿੱਕਿਆਂ ਨਾਲ ਤੋਲਿਆ ਸੀ ਤਾਂ ਸੁਰਖ਼ ਰੇਖਾ ਪਰਚੇ ਨੇ ਬੜੀ ਹੀ ਭੱਦੀ ਸ਼ਬਦਾਵਲੀ 'ਚ 'ਨੋਟ ਕਵੀ' 'ਵੋਟ ਕਵੀ' 'ਸ਼ਰਾਬ ਭਿੱਜੇ ਬੋਲ' ਆਦਿ ਲਿਖਕੇ ਉਸ ਦੀ ਆਲੋਚਨਾ ਕੀਤੀ ਸੀ। ਜਿਸ ਤੋਂ ਉਦਾਸੀ ਮਾਨਸਿਕ ਤੌਰ 'ਤੇ ਬਹੁਤ ਜਿਆਦਾ ਪੀੜਤ ਹੋਇਆ ਸੀ। ਸੁਰਖ ਰੇਖਾ ਦੀ ਲਾਈਨ ਨਾਲ ਉਹ ਕਦੇ ਵੀ ਸਹਿਮਤ ਨਹੀਂ ਸੀ ਤੇ ਨਾ ਹੀ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਨਾਲ। ਉਦਾਸੀ ਨੇ ਕਨੇਡਾ ਦਾ ਪਰਚੇ 'ਵਤਨੋਂ ਦੂਰ' ਨੂੰ 13 ਜੁਲਾਈ 1983 ਨੂੰ ਲਿਖੇ ਖ਼ਤ ਵਿਚ ਕਿਹਾ ਸੀ: "......ਇਪਾਨਾ ਵਾਲੇ ਸਾਥੀ ਭਾਅ ਜੀ ਗੁਰਸ਼ਰਨ ਸਿੰਘ ਦੇ ਰੋਲ ਨੂੰ ਕੇਵਲ ਇੱਕ ਗਰੁੱਪ ਤੱਕ ਸੀਮਤ ਕਰਨ ਤੋਂ ਰੋਕਣਗੇ ਜਿਵੇਂ ਕਿ ਪਿਛਲੇ ਕੁਝ ਮਹੀਨਿਆਂ ਵਿਚ 'ਪਲਸ ਮੰਚ' ਦੇ ਨਾਂ ਹੇਠ ਭਾਅ ਜੀ ਵੱਲੋਂ ਕੀਤਾ ਗਿਆ ਹੈ।" ਚੰਗੀ ਗੱਲ ਸੀ ਹੁਣ ਹੱਕੀ ਵਾਰਸ ਬਣਨ ਵਾਲਾ ਅਮੋਲਕ ਸਿੰਘ ਆਪਣੀ ਪਹਿਲਾਂ ਵਾਲੀ ਪੁਜੀਸ਼ਨ ਸਪੱਸ਼ਟ ਕਰ ਦਿੰਦਾ, ਕਿ ਉਹ ਹੁਣ ਠੀਕ ਹਨ ਜਾਂ ਉਦੋਂ ਠੀਕ ਸਨ। ਉਹ ਉਦਾਸੀ ਦੀਆਂ 1970-71 ਵਿੱਚ ਆਖੀਆਂ ਗੱਲਾਂ ਨੂੰ ਹੁਣ ਦੇ ਸਮੇ 'ਤੇ ਢੁਕਾ ਕੇ ਵਿਰੋਧੀਆਂ ਨੂੰ ਚਿੱਤ ਕਰਨਾ ਚਾਹੁੰਦਾ ਹੈ, ਜੋ ਕਿਸੇ ਤਰ੍ਹਾਂ ਵੀ ਠੀਕ ਨਹੀਂ । 1984 ਤੋਂ ਬਾਅਦ ਤਾਂ ਪੁਲਾਂ ਹੇਠੋਂ ਬਹੁਤ ਪਾਣੀ ਵਗ ਗਿਆ ਸੀ ਤੇ ਉਦਾਸੀ ਖੱਬੇ- ਪੱਖੀ ਕਾਮਰੇਡਾਂ ਤੋਂ ਬੇਆਸ ਹੀ ਨਹੀਂ ਪੂਰੀ ਤਰ੍ਹਾਂ ਨਿਰਾਸ ਹੋ ਕੇ ਪਾਸਾ ਵੱਟ ਗਿਆ ਸੀ।

ਲੋਕ ਕਵੀ ਸੰਤ ਰਾਮ ਉਦਾਸੀ ਨਾਲ ਬੌਧਿਕ ਤੌਰ 'ਤੇ ਘੋਰ ਅਨਾਚਾਰ ਹੋ ਰਿਹਾ ਹੈ। ਇਸ ਵਿੱਚ ਉਸ ਦੀ ਆਪਣੀ ਬੇਟੀ ਇਕਬਾਲ ਕੌਰ ਉਦਾਸੀ ਵੀ ਸ਼ਾਮਲ ਹੈ, ਜੋ ਆਪਣੇ ਪਿਤਾ ਦੇ ਕੱਦ ਨੂੰ ਕੁਛ ਕੁ ਨਕਸਲੀ ਗਰੁੱਪਾਂ ਦੀ ਰਾਜਸੀ ਲਾਈਨ ਤੱਕ ਸੁੰਗੇੜਨਾ ਚਾਹੁੰਦੀ ਹੈ

ਜਿਵੇਂ ਕਿ ਹੁਣ ਜਰਨੈਲ ਸਿੰਘ ਅੱਚਰਵਾਲ ਦੀ ਕਵਿਤਾ "ਆਵਾਜ਼" ਉਦਾਸੀ ਦੇ ਨਾਂਅ ਤੇ ਪ੍ਰਚਾਰ ਕੇ ਉਸ ਨੂੰ ਸਿੱਖ ਸੰਘਰਸ਼ ਦੇ ਵਿਰੋਧ ਵਿੱਚ ਭੁਗਤਾਇਆ ਜਾ ਰਿਹਾ ਹੈ । ਕਵਿਤਾ ਜੋ ਇਸ ਤਰ੍ਹਾਂ ਹੈ :

"ਸੁਣੋ ਸੁਣੋ ਆਵਾਜ਼ ਮੇਰੀ
ਸੱਚ ਦੇ ਜੋ ਹਾਣ ਦੀ
ਆਵਾਜ ਜੋ ਮੈਂ ਕਹਿ ਰਿਹਾ
ਗੋਲੀਆਂ ਦੇ ਆਣ ਦੀ
ਹਿੱਟ ਲਿਸਟ ਦੇ ਅਰਥ ਨੂੰ
ਪਹਿਲਾਂ ਨਾ ਕੋਈ ਜਾਣ ਦਾ
ਹਿੱਟ ਲਿਸਟ ਦੇ ਵਿਚ
ਮੰਦ ਭਾਗਾ ਹੀ ਆਮਦਾ
ਹਿੱਟ ਲਿਸਟ ਤਾਂ ਰੂਪ ਹੈ
ਖਰੂਦ ਭਰੇ ਗੁਮਾਨ ਦਾ "

ਇਸ ਤਰ੍ਹਾਂ ਅਗਾਂਹ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਖੜ੍ਹੀਆਂ ਹੋ ਸਕਦੀਆਂ ਹਨ। ਖੋਜ ਵਿਦਿਆਰਥੀ ਭੰਬਲਭੂਸਿਆਂ ਵਿਚ ਪੈ ਸਕਦੇ ਹਨ। ਨਿੱਜੀ ਪ੍ਰਕਾਸ਼ਕਾਂ ਨੂੰ ਚਾਹੀਦਾ ਹੈ ਉਹ ਉਦਾਸੀ ਨੂੰ ਮੁਨਾਫਾ ਕਮਾਉਣ ਦੀ ਵਸਤੂ ਨਾ ਸਮਝ ਕੇ ਗੰਭਰੀਤਾਂ ਨਾਲ ਦੁਬਾਰਾ ਪੁਸਤਕਾਂ ਛਾਪਣ । ਪੰਜਾਬੀ ਯੂਨੀਵਰਸਿਟੀ ਨੂੰ ਵੀ ਚਾਹੀਦਾ ਹੈ ਕਿ ਉਹ ਪ੍ਰਕਾਸ਼ਤ ਪੁਸਤਕਾਂ ਦੀ ਪੜਤਾਲ ਲਈ ਕੋਈ ਕਮੇਟੀ ਬਣਾ ਕੇ ਫਿਰ ਪ੍ਰਮਾਣਕ ਪੁਸਤਕ ਛਾਪੀ ਜਾਵੇ ।

# ‘ਦਸਮੇਸ਼ ਪਿਤਾ ਦੇ ਪ੍ਰਕਾਸ਼ ਪੁਰਬ ਦੀ ਤਰੀਕ ਲਈ ਦੀ ਤੀਸਰੀ ਤਾਕਤ’ ਦੀ ਦਖਲਅੰਦਾਜ਼ੀ !

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਅਗਵਾਈ ਹੇਠ ਪੰਜ ਤਖ਼ਤਾਂ ਦੇ ਜਥੇਦਾਰਾਂ ਨੇ 13 ਨਵੰਬਰ 2017 ਨੂੰ ਦਸਮੇਸ਼ ਪਿਤਾ ਦਾ ਪ੍ਰਕਾਸ਼ ਦਿਹਾੜਾ 25 ਦਸੰਬਰ 2017 ਨੂੰ ਹੀ ਮਨਾਏ ਜਾਣ ਦਾ ਫੈਸਲਾ ਕਿਵੇਂ ਲੈ ਲਿਆ ? ਸ੍ਰੀ ਅਕਾਲ ਤਖਤ ਸਾਹਿਬ ਦੇ ਸਕਤਰੇਤ ਵਲੋਂ ਪੰਦਰਾਂ ਦਿਨ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਨੂੰ ਪੱਤਰਿਕਾ ਲਿਖਕੇ ਜਾਣੂ ਕਰਵਾਇਆ ਗਿਆ ਸੀ ਕਿ ਸੰਗਤਾਂ ਵਿੱਚ ਇਸ ਤਾਰੀਕ ਨੂੰ ਲੈਕੇ ਰੋਸ ਹੈ। ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਨੇ 6 ਨਵੰਬਰ 2017 ਨੂੰ ਬਕਾਇਦਾ ਮਤਾ ਵੀ ਪਾਸ ਕੀਤਾ ਕਿ ਦਸਮੇਸ਼ ਪਿਤਾ ਦਾ ਪ੍ਰਕਾਸ਼ ਦਿਹਾੜਾ 5 ਜਨਵਰੀ 2018 ਨੂੰ ਮਨਾਇਆ ਜਾਵੇ। ਆਖਿਰ ਉਹ ਕਿਹੜੀ ਤੀਸਰੀ ਤਾਕਤ ਸੀ ਜਿਸਨੇ ਗਿਆਨੀ ਗੁਰਬਚਨ ਸਿੰਘ ਨੂੰ ਮਜਬੂਰ ਕੀਤਾ ਕਿ ਉਹ ਮੀਟਿੰਗ ਵਿੱਚ ਨਾ ਆਣਾ ਚਾਹੁਣ ਵਾਲੇ ਗਿਆਨੀ ਇਕਬਾਲ ਸਿੰਘ ਨੂੰ 13 ਨਵੰਬਰ ਦੀ ਇਕਤਰਤਾ ਵਿੱਚ ਪਹੁੰਚ ਯਕੀਨੀ ਬਨਾਉਣ ਲਈ ਕਿਹਾ ਤੇ ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਸੰਗਤਾਂ ਦੀਆਂ ਭਾਵਨਾਵਾਂ ਦੇ ਉਲਟ ਫੈਸਲਾ ਲੈ ਲਿਆ ਗਿਆ।

ਇਹ ਸਵਾਲ 13 ਨਵੰਬਰ 2017 ਨੂੰ ਹੀ ਮੀਡੀਆ ਦੇ ਸਾਹਮਣੇ ਸੀ ਕਿ ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਸਕਤਰੇਤ ਵਲੋਂ ਸ਼੍ਰੋਮਣੀ ਕਮੇਟੀ ਨੂੰ ਦਸਮੇਸ਼ ਪਿਤਾ ਦੇ ਪ੍ਰਕਾਸ਼ ਦਿਹਾੜੇ ਸਬੰਧੀ ਲਿਖੀ ਕਿਸੇ ਚਿੱਠੀ ਦੀ ਕਨਸੋਅ 13 ਨਵੰਬਰ ਤੋਂ ਕਾਫੀ ਦਿਨ ਪਹਿਲਾਂ ਹੀ ਮਿਲ ਗਈ ਸੀ। ਪੰਜਾਬ ਦੇ ਮੀਡੀਏ ਦੀ ਨਿਗਾਹ ਸ਼੍ਰੋਮਣੀ ਕਮੇਟੀ ਵਲੋਂ 6 ਨਵੰਬਰ 2017 ਨੂੰ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਣੀ ਵਲੋਂ ਪਟਿਆਲਾ ਵਿਖੇ ਦਸਮੇਸ਼ ਪਿਤਾ ਦੇ ਪ੍ਰਕਾਸ਼ ਦਿਹਾੜੇ ਨੂੰ 5 ਜਨਵਰੀ 2018 ਨੂੰ ਮਨਾਉਣ ਬਾਰੇ ਲਏ ਫੈਸਲੇ 'ਤੇ ਵੀ ਸੀ। ਪਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਭੇਜੀ ਚਿੱਠੀ ਅਤੇ



ਸਕੱਤਰੇਤ

ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Punjab) India



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 06-11-2017 (21 ਕੱਤਕ ਸੰਮਤ ਨਾਨਕਸ਼ਾਹੀ 549) ਦੇ ਮਤਾ ਨੰਬਰ 1216 ਦੀ ਨਕਲ:-

ਦਸਤਖ਼ਤ:-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਸ਼੍ਰੋਮਣੀ ਕਮੇਟੀ ਕਾਰਜਕਾਰਨੀ ਵਲੋਂ ਲਏ ਫੈਸਲੇ (ਪਾਸ ਮਤੇ) ਦੀ ਸ਼ਬਦਾਵਲੀ ਬਾਰ-ਬਾਰ ਸੋਚਣ ਨੂੰ ਮਜਬੂਰ ਕਰ ਰਹੀ ਸੀ ਕਿ ਸ਼੍ਰੋਮਣੀ ਕਮੇਟੀ ਦੇ ਤਨਖਾਹਦਾਰ ਮੁਲਾਜ਼ਮ ਹੋਣ ਨਾਤੇ ਗਿਆਨੀ ਇਕਬਾਲ ਸਿੰਘ ਨੂੰ ਛੱਡਕੇ ਬਾਕੀ ਚਾਰ ਜਥੇਦਾਰ, ਸ਼੍ਰੋਮਣੀ ਕਮੇਟੀ ਦੀ ਕਾਰਜਕਾਰਣੀ ਦੇ ਫੈਸਲੇ ਖਿਲਾਫ ਫੈਸਲਾ ਕਿਵੇਂ ਲੈ ਸਕਦੇ ਹਨ ? ਆਖਿਰ ਕਾਫੀ ਦਿਨ ਦੀ ਮਿਹਨਤ ਬਾਅਦ ਜੋ ਸਾਹਮਣੇ ਆਇਆ ਉਹ ਸਬੰਧਤ ਚਿੱਠੀ ਅਤੇ ਮਤੇ ਦੀ ਸ਼ਬਦਾਵਲੀ ਨੇ ਸਪੱਸ਼ਟ ਕਰ ਦਿੱਤਾ।

ਸਕੱਤਰੇਤ ਵਲੋਂ ਲਿਖੀ ਪਤਰਿਕਾ ਨੰਬਰ ਅ:ਤ: 17/3372 ਮਿਤੀ 26-10-2017 ਦੀ ਸ਼ਬਦਾਵਲੀ ਦਸਦੀ ਹੈ ਕਿ ਪਤਰਿਕਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਨੂੰ ਲਿਖੀ ਗਈ ਕਿ 'ਲੁਧਿਆਣਾ ਦੀਆਂ ਸੰਗਤਾਂ ਵਲੋਂ ਦਸਮੇਸ਼ ਪਿਤਾ ਦਾ ਪ੍ਰਕਾਸ਼ ਦਿਹਾੜਾ 25 ਦਸੰਬਰ 2017 ਨੂੰ ਮਨਾਏ ਜਾਣ ਸਬੰਧੀ ਉਠਾਏ ਇਤਰਾਜ਼ ਦੇ ਮੱਦੇ ਨਜ਼ਰ ਕੈਲੰਡਰ ਸਲਾਹਕਾਰ ਕਮੇਟੀ ਇਸ ਸਬੰਧੀ ਘੋਖ ਪੜਤਾਲ ਕਰਕੇ, ਅਗਲੇਰੀ ਤਰੀਕ ਨਿਸ਼ਚਿਤ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਜਾਣੂੰ ਕਰਵਾਏ'। ਦਸਮੇਸ਼ ਪਿਤਾ ਦਾ ਪ੍ਰਕਾਸ਼ ਦਿਹਾੜਾ 5 ਜਨਵਰੀ 2018 ਨੂੰ ਮਨਾਏ ਜਾਣ ਬਾਰੇ ਗਿਆਨੀ ਗੁਰਬਚਨ ਸਿੰਘ ਵਲੋਂ ਸ਼੍ਰੋਮਣੀ ਕਮੇਟੀ ਨੂੰ ਭੇਜੀ ਸਹਿਮਤੀ ਸੁਝਾਅ ਦਾ ਜ਼ਿਕਰ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਣੀ ਮਿਤੀ 6 ਨਵੰਬਰ 20 17 ਨੂੰ ਕਰਦੀ ਹੈ ਤੇ ਇਸਦੇ ਮਤਾ ਨੰਬਰ 1216 ਮਿਤੀ 6-11-2017 ਦੀ ਮਨਸ਼ਾ ਅਨੁਸਾਰ, ਪ੍ਰਕਾਸ਼ ਪੁਰਬ 5 ਜਨਵਰੀ 2018 ਨੂੰ ਮਨਾਏ ਜਾਣ ਦਾ ਫੈਸਲਾ ਲਿਆ ਜਾਂਦਾ ਹੈ। ਮਤੇ ਵਿੱਚ ਇਹ ਵੀ ਅੰਕਿਤ ਹੈ ਕਿ 'ਪੰਥਕ ਭਾਵਨਾਵਾਂ ਦੀ ਤਰਜ਼ਮਾਨੀ ਕਰਦਿਆਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਪਾਵਨ ਗੁਰਪੁਰਬ ਦੀ ਤਾਰੀਖ 5 ਜਨਵਰੀ 2018 ਕਰ ਦਿੱਤੀ ਜਾਵੇ ਤਾਂ ਕਿ ਸ਼ਹੀਦੀ ਦਿਹਾੜੇ ਦੀ ਗੰਭੀਰਤਾ, ਸਾਦਗੀ ਤੇ ਸਿੱਖ ਭਾਵਨਾਵਾਂ ਅਨੁਸਾਰ ਮਨਾਇਆ ਜਾ ਸਕੇ'।

ਉਧਰ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਕਮੇਟੀ ਵਲੋਂ 6 ਨਵੰਬਰ 2017 ਨੂੰ ਪਾਸ ਕੀਤਾ ਕੈਲੰਡਰ ਸਬੰਧੀ ਮਤਾ, ਦਫਤਰੀ ਕਾਰਵਾਈਆਂ 'ਚ ਲੰਘਦਾ ਹੋਇਆ ਡਿਸਪੈਚ ਨੰਬਰ 28288 ਮਿਤੀ 10-11-2017 ਰਾਹੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਦਫਤਰ ਪੁੱਜਦਾ ਹੈ ਤਾਂ ਕੌਮ ਵਿੱਚ ਦੁਵਿਧਾ ਪਾਣ ਲਈ ਪਿਛਲੇ ਇੱਕ ਦਹਾਕੇ ਤੋਂ ਯਤਨਸ਼ੀਲ ਤੀਸਰੀ ਤਾਕਤ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੀਕ ਪੁੱਜ ਜਾਂਦੀ ਹੈ। ਗਿਆਨੀ ਇਕਬਾਲ ਸਿੰਘ ਸਾਫ ਕਹਿ ਰਹੇ ਹਨ ਕਿ ਉਹ ਕਿਸੇ ਵਿਆਹ ਸਮਾਗਮ ਕਾਰਣ 13 ਨਵੰਬਰ ਦੀ ਜਥੇਦਾਰਾਂ ਦੀ ਇਕੱਤਰਤਾ ਵਿੱਚ ਨਹੀਂ ਪੁਜ ਸਕਦੇ। ਪ੍ਰੰਤੂ ਦਬਾਅ ਬਣਾਇਆ ਜਾਂਦਾ ਹੈ ਤੇ 13 ਨਵੰਬਰ ਦੀ ਇਕੱਤਰਤਾ ਵਿੱਚ ਗਿਆਨੀ ਗੁਰਬਚਨ ਸਿੰਘ, ਗਿਆਨੀ ਰਘਬੀਰ ਸਿੰਘ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੁਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਗਿਆਨੀ ਇਕਬਾਲ ਸਿੰਘ, ਸਿੱਖ ਕੌਮ ਦੀ ਪਾਰਲੀਮੈਂਟ ਹੋਣ ਦਾ ਦਾਅਵਾ ਕਰਨ ਵਾਲੀ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਣੀ ਦਾ ਫੈਸਲਾ ਰੱਦ ਕਰਕੇ ਆਪਣਾ ਨਵਾਂ ਆਦੇਸ਼ ਸੁਣਾ ਦਿੰਦੇ ਹਨ ਕਿ 'ਦਸਮੇਸ਼ ਪਿਤਾ ਦਾ ਪ੍ਰਕਾਸ਼ ਉਸ ਦਿਨ ਮਨਾਇਆ ਜਾਵੇ ਜਿਸ ਨਾਲ ਕੌਮ ਦੀਆਂ ਭਾਵਨਾਵਾਂ 'ਤੇ ਠੇਸ ਲੱਗਦੀ ਹੈ'।

(ਸਿੱਖ ਸਿਆਸਤ 'ਚੋਂ ਧੰਨਵਾਦ ਸਹਿਤ)

# ਅਮਰੀਕਾ, ਭਾਰਤ ਤੇ ਪਾਕਿਸਤਾਨ ’ਚੋਂ ਕੌਣ ਹੈ ਕਿਸ ਦੇ ਨਾਲ ?

**ਜੀ. ਐੱਸ. ਗੁਰਦਿੱਤ**
(ਫੋਨ : 94171-93193)

ਅਮਰੀਕਾ ਨੇ ਭਾਰਤ ਨੂੰ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਵਿੱਚ ਪੱਕੀ ਮੈਂਬਰੀ ਦੇਣ ਲਈ ਪਹਿਲੀ ਵਾਰੀ ਨਵਾਂ ਰਸਤਾ ਸੁਝਾਇਆ ਹੈ। ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਦੂਤ ਨਿੱਕੀ ਹੈਲੇ (ਮੂਲ ਰੂਪ ਵਿੱਚ ਭਾਰਤੀ ਪੰਜਾਬਣ) ਨੇ ਕਿਹਾ ਹੈ ਕਿ ਜੇਕਰ ਭਾਰਤ ਨੂੰ ਸਲਾਮਤੀ ਕਾਊਂਸਿਲ ਦੀ ਪੱਕੀ ਮੈਂਬਰੀ ਚਾਹੀਦੀ ਹੈ ਤਾਂ ਉਹ ਵੀਟੋ ਪਾਵਰ ਵਾਲੇ ਮੁੱਦੇ ਉੱਤੇ ਆਪਣੀ ਅੜੀ ਛੱਡ ਦੇਵੇ। ਇਸਦਾ ਮਤਲਬ ਇਹ ਹੈ ਕਿ ਵੀਟੋ ਪਾਵਰ ਤਾਂ ਮੁੱਢਲੇ ਪੰਜ ਮੈਂਬਰ ਦੇਸ਼ਾਂ (ਅਮਰੀਕਾ, ਰੂਸ, ਬਰਤਾਨੀਆ, ਫਰਾਂਸ ਅਤੇ ਚੀਨ) ਕੋਲ ਹੀ ਰਹੇਗੀ ਪਰ ਸਥਾਈ ਮੈਂਬਰਾਂ ਦੀ ਗਿਣਤੀ ਵਿੱਚ ਵਾਧਾ ਕਰਨ ਦੀ ਗੁੰਜਾਇਸ਼ ਹੋ ਸਕਦੀ ਹੈ। ਅਮਰੀਕਾ ਨੇ ਇਹ ਵੀ ਉਮੀਦ ਜਤਾਈ ਹੈ ਕਿ ਭਾਰਤ, ਪਾਕਿਸਤਾਨ ਉੱਤੇ ਨਜ਼ਰ ਰੱਖਣ ਵਿੱਚ ਮੱਦਦ ਕਰੇ। ਭਾਵੇਂ ਅਜੇ ਇਹ ਕਹਿਣਾ ਮੁਸ਼ਕਿਲ ਹੈ ਕਿ ਸਲਾਮਤੀ ਕਾਊਂਸਿਲ ਵਿੱਚ ਸਥਾਈ ਮੈਂਬਰੀ ਦੇ ਮੁੱਦੇ ਉਪਰ ਭਾਰਤ ਦਾ ਕੀ ਨਜ਼ਰੀਆ ਸਾਹਮਣੇ ਆਏਗਾ ਪਰ ਇਸ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਨੂੰ ਦੱਖਣੀ ਏਸ਼ੀਆ ਵਿੱਚ ਭਾਰਤ ਦੇ ਸਾਥ ਦੀ ਕਿੰਨੀ ਲੋੜ ਹੈ।

ਭਾਰਤ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਕਈ ਦਹਾਕਿਆਂ ਤਕ ਦੁਨੀਆ ਦੋ ਖੇਮਿਆਂ ਵਿੱਚ ਵੰਡੀ ਰਹੀ: ਅਮਰੀਕਾ ਅਤੇ ਸੋਵੀਅਤ ਸੰਘ। ਅਮਰੀਕਾ ਨਾਲ ਮੁੱਖ ਤੌਰ 'ਤੇ ਪੂੰਜੀਵਾਦੀ ਵਿਵਸਥਾ ਦੇ ਸਮਰਥਕ ਮੁਲਕ ਸਨ ਅਤੇ ਸੋਵੀਅਤ ਰੂਸ ਨਾਲ ਸਮਾਜਵਾਦੀ ਢਾਂਚੇ ਦੇ ਸਮਰਥਕ। ਭਾਰਤ ਉਸ ਵੇਲੇ ਗੁੱਟ ਨਿਰਪੱਖ ਲਹਿਰ ਦਾ ਸਰਗਰਮ ਮੈਂਬਰ ਸੀ ਅਤੇ ਉਪਰੋਕਤ ਦੋਹਾਂ ਗੁੱਟਾਂ ਤੋਂ ਬਾਹਰ ਰਹਿ ਕੇ ਤੀਸਰੀ ਦੁਨੀਆ ਦੇ ਸੰਕਲਪ ਉੱਤੇ ਕੰਮ ਕਰ ਰਿਹਾ ਸੀ। ਗੁੱਟ ਨਿਰਪੱਖ ਲਹਿਰ ਭਾਵੇਂ ਖੁੱਲ੍ਹੇ ਰੂਪ ਵਿੱਚ ਦੋਵਾਂ ਧਿਰਾਂ ਵਿੱਚੋਂ ਕਿਸੇ ਦੇ ਵੀ ਹੱਕ ਵਿੱਚ ਨਹੀਂ ਸੀ ਪਰ ਅੰਦਰੂਨੀ ਤੌਰ 'ਤੇ ਉਸਦਾ ਝੁਕਾਅ ਸੋਵੀਅਤ ਰੂਸ ਵੱਲ ਜ਼ਰੂਰ ਰਿਹਾ। ਇਸੇ ਕਾਰਨ 1991 ਵਿੱਚ ਹੋਏ ਸੋਵੀਅਤ ਸੰਘ ਦੇ ਖ਼ਾਤਮੇ ਤੋਂ ਪਹਿਲਾਂ ਭਾਰਤ ਦੇ ਅਮਰੀਕਾ ਨਾਲ ਬਹੁਤੇ ਨੇੜਲੇ ਸੰਬੰਧ ਨਹੀਂ ਬਣ ਸਕੇ। ਪਰ ਪਾਕਿਸਤਾਨ ਹਮੇਸ਼ਾ ਅਮਰੀਕਾ ਦਾ ਚਹੇਤਾ ਰਿਹਾ ਅਤੇ ਬਹੁਤ ਹੱਦ ਤੱਕ ਉਸ ਉੱਤੇ ਨਿਰਭਰ ਵੀ, ਇਸੇ ਲਈ 1965 ਅਤੇ 1971 ਵਾਲੀਆਂ ਭਾਰਤ-ਪਾਕਿ ਜੰਗਾਂ ਵਿੱਚ ਅਮਰੀਕਾ ਵੱਲੋਂ ਪਾਕਿਸਤਾਨ ਨੂੰ ਹਮਾਇਤ ਮਿਲਦੀ ਰਹੀ।

1990ਵਿਆਂ ਤੋਂ ਦੁਨੀਆ ਵਿੱਚ ਨਵ-ਉਦਾਰਵਾਦ ਦਾ ਦੌਰ ਸ਼ੁਰੂ ਹੋਣ ਨਾਲ ਵਿਸ਼ਵੀਕਰਨ ਦਾ ਪਸਾਰਾ ਹੋਇਆ। ਸੰਚਾਰ ਦੇ ਸਾਧਨਾਂ ਵਿੱਚ ਹੋਏ ਇੱਕਦਮ ਵਾਧੇ ਕਾਰਨ ਦੁਨੀਆ ਇੱਕ ਪਿੰਡ ਵਾਂਗ ਸਥਾਪਤ ਹੋਣ ਲੱਗੀ। ਦੁਨੀਆ ਵਿੱਚੋਂ ਰੂਸੀ ਧਾਂਕ ਖ਼ਤਮ ਹੋ ਗਈ ਜਿਸ ਦੇ ਨਤੀਜੇ ਵਜੋਂ ਅਮਰੀਕਾ ਅਤੇ ਰੂਸ ਵਿੱਚ ਠੰਢੀ ਜੰਗ ਵੀ ਬੀਤੇ ਦੀ ਕਹਾਣੀ ਬਣ ਕੇ ਰਹਿ ਗਈ। ਬਰਾਬਰ ਦਾ ਕੋਈ ਵਿਰੋਧੀ ਨਾ ਹੋਣ ਕਾਰਨ ਸੰਸਾਰੀਕਰਨ ਦੇ ਪਿੜ ਵਿੱਚ ਅਮਰੀਕਾ ਇਕੱਲਾ ਹੀ ਲਲਕਾਰੇ ਮਾਰਨ ਲੱਗਿਆ। ਭਾਰਤ ਨੂੰ ਵੀ ਆਪਣੀਆਂ ਨੀਤੀਆਂ ਵਿੱਚ ਤਬਦੀਲੀ ਕਰਕੇ ਅਮਰੀਕਾ ਵੱਲ ਨੂੰ ਰੁਖ਼ ਕਰਨਾ ਪਿਆ। ਇਹ ਉਹ ਸਮਾਂ ਸੀ ਜਦੋਂ ਸਿਆਸੀ ਕੂਟਨੀਤੀ ਉੱਤੇ ਆਰਥਿਕ ਕੂਟਨੀਤੀ ਹਾਵੀ ਹੋਣ ਲੱਗ ਪਈ ਅਰਥਾਤ ਵੱਖ-ਵੱਖ ਮੁਲਕਾਂ ਵਿਚਲੇ ਸੰਬੰਧਾਂ ਵਿੱਚ ਆਰਥਿਕ ਮਸਲਿਆਂ ਨੂੰ ਪਹਿਲ ਦਿੱਤੀ ਜਾਣ ਲੱਗੀ। ਪੂਰੀ ਦੁਨੀਆ ਇੱਕ ਸਾਂਝੀ ਮੰਡੀ ਬਣਨ ਲੱਗੀ। ਆਪੋ-ਆਪਣੇ ਸਮਾਨ ਦੇ ਗਾਹਕ ਤਲਾਸ਼ੇ ਜਾਣ ਲੱਗੇ। ਅਮਰੀਕਾ ਅਤੇ ਯੂਰਪ ਨੂੰ ਉਨ੍ਹਾਂ ਮੁਲਕਾਂ ਦੀ ਲੋੜ ਮਹਿਸੂਸ ਹੋਈ ਜਿੱਥੇ ਮੱਧ ਵਰਗ ਆਬਾਦੀ ਵੱਧ ਸੀ। ਭਾਰਤ ਇੱਕ ਅਜਿਹਾ ਹੀ ਮੁਲਕ ਸੀ ਜਿੱਥੇ ਵੱਡੀਆਂ ਕੰਪਨੀਆਂ ਆਪਣਾ ਅਰਬਾਂ-ਖਰਬਾਂ ਦਾ ਮਾਲ ਖਪਾ ਸਕਦੀਆਂ ਸਨ। ਭਾਰਤ ਨੂੰ ਆਪਣੇ ਗੁਆਂਢੀ ਮੁਲਕਾਂ ਨਾਲ ਮਾੜੇ ਸੰਬੰਧਾਂ ਕਾਰਨ ਅਤਿ ਅਧੁਨਿਕ ਹਥਿਆਰਾਂ ਦੀ ਲੋੜ ਸੀ। ਇੱਕ ਹੋਰ ਵੱਡਾ ਕਾਰਨ ਇਹ ਵੀ ਸੀ ਕਿ ਅਮਰੀਕਾ ਨੂੰ ਏਸ਼ੀਆ ਵਿੱਚ ਚੀਨ ਦੇ ਪਾਸਾਰਵਾਦ ਨੂੰ ਠੱਲਣ ਲਈ ਇੱਕ ਅਜਿਹਾ ਤਾਕਤਵਰ ਸਾਥੀ ਚਾਹੀਦਾ ਸੀ ਜਿਹੜਾ ਖ਼ੁਦ ਵੀ ਚੀਨ ਨਾਲ ਛੱਤੀ ਦਾ ਅੰਕੜਾ ਰੱਖਦਾ ਹੋਵੇ। ਭਾਰਤ ਦੇ ਅਮਰੀਕਾ ਨਾਲ ਸੰਬੰਧਾਂ ਵਿੱਚ ਆਈ ਤਬਦੀਲੀ



ਨੂੰ ਇਸ ਕੋਣ ਤੋਂ ਵੀ ਵੇਖਿਆ ਜਾ ਸਕਦਾ ਹੈ ਕਿ 1965 ਵਿੱਚ ਪਾਕਿਸਤਾਨ ਨੂੰ ਪੈਟਨ ਟੈਂਕ ਦੇਣ ਵਾਲੇ ਅਮਰੀਕਾ ਨੇ ਕਾਰਗਿਲ ਜੰਗ ਵਿੱਚ ਭਾਰਤ ਦੇ ਹੱਕ ਵਿੱਚ ਖੜ੍ਹ ਕੇ ਪਾਕਿਸਤਾਨ ਨੂੰ ਪਿੱਛੇ ਹਟਣ ਲਈ ਮਜਬੂਰ ਕੀਤਾ ਸੀ।

ਹੁਣ ਵਿਸ਼ਵ ਦੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਉੱਪਰ ਬਹੁਕੌਮੀ ਕੰਪਨੀਆਂ ਦਾ ਦਬਦਬਾ ਵਧਦਾ ਜਾ ਰਿਹਾ ਹੈ। ਉਹ ਕੰਪਨੀਆਂ ਅਜਿਹੇ ਮੁਲਕਾਂ ਦੀ ਤਲਾਸ਼ ਵਿੱਚ ਹਨ ਜਿੱਥੇ ਉਨ੍ਹਾਂ ਨੂੰ ਵੱਧ ਤੋਂ ਵੱਧ ਗਾਹਕ ਮਿਲ ਸਕਣ। ਗਾਹਕ ਉੱਥੇ ਹੀ ਵੱਧ ਮਿਲਣਗੇ ਜਿੱਥੇ ਮੱਧਵਰਗੀ ਆਬਾਦੀ ਵੱਧ ਹੋਏਗੀ, ਵਸਤੂ ਉਤਪਾਦਨ ਮੰਗ ਨਾਲੋਂ ਘੱਟ ਅਤੇ ਅਮਨ ਚੈਨ ਦਾ ਮਾਹੌਲ ਹੋਏਗਾ। ਅਗਲੇ ਦੋ ਦਹਾਕਿਆਂ ਵਿੱਚ ਭਾਰਤ ਦੀ ਆਬਾਦੀ, ਚੀਨ ਨਾਲੋਂ ਵਧ ਜਾਏਗੀ। ਇਸ ਤਰ੍ਹਾਂ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਬਣ ਜਾਏਗਾ। ਭਾਰਤ ਵਿੱਚ ਮੱਧ ਵਰਗ ਦਾ ਘੇਰਾ ਦਿਨੋ-ਦਿਨ ਵੱਡਾ ਹੁੰਦੇ ਜਾਣ ਦੀ ਉਮੀਦ ਹੈ। ਭਾਰਤੀ ਮੱਧ ਵਰਗ ਦੀ ਆਬਾਦੀ ਜੋ ਕਰੀਬ 30 ਕਰੋੜ ਹੈ, ਆਉਂਦੇ ਦਹਾਕਿਆਂ ਵਿੱਚ ਵਧ ਕੇ ਦੁੱਗਣੀ ਹੋ ਸਕਦੀ ਹੈ। ਅਮਰੀਕਾ ਅਤੇ ਯੂਰੋਪ ਦੀਆਂ ਸਰਕਾਰਾਂ ਉੱਤੇ ਕਾਰਪੋਰੇਟ ਦਾ ਪ੍ਰਭਾਵ ਬਹੁਤ ਹੈ। ਇਸ ਲਈ ਰਣਨੀਤਕ ਪੱਖ ਦੇ ਨਾਲ-ਨਾਲ ਆਰਥਿਕ ਪੱਖ ਤੋਂ ਵੀ ਅਮਰੀਕਾ ਲਈ ਭਾਰਤ ਦੀ ਬਹੁਤ ਮਹੱਤਤਾ ਹੈ।

ਅੱਤਵਾਦ ਨਾਲ ਝੰਬਿਆ ਹੋਣ ਦੇ ਬਾਵਜੂਦ ਪਾਕਿਸਤਾਨ ਆਪਣੀ ਭੂਗੋਲਿਕ ਸਥਿਤੀ ਕਾਰਨ ਦੁਨੀਆਂ ਦਾ ਇੱਕ ਮਹੱਤਵਪੂਰਨ ਮੁਲਕ ਬਣਿਆ ਹੋਇਆ ਹੈ। ਆਪਣੀ ਬਦਕਿਸਮਤੀ ਉਸ ਨੇ ਖ਼ੁਦ ਸਹੇੜੀ ਹੋਈ ਹੈ। ਉਹ ਦੂਜਿਆਂ ਨੂੰ ਬਰਬਾਦ ਕਰਨ ਦੇ ਚੱਕਰ ਵਿੱਚ ਖ਼ੁਦ ਬਰਬਾਦੀ ਦੇ ਰਾਹ ਪਿਆ ਹੋਇਆ ਹੈ। ਜਿਹੜੇ ਅੱਤਵਾਦੀ ਉਸ ਨੇ ਭਾਰਤ ਅਤੇ ਅਫ਼ਗਾਨਿਸਤਾਨ ਨੂੰ ਅਸਥਿਰ ਕਰਨ ਲਈ ਪੈਦਾ ਕੀਤੇ ਸਨ, ਉਹ ਆਖ਼ਰ ਉਸ ਲਈ ਹੀ ਵੱਡੀ ਸਿਰਦਰਦੀ ਬਣ ਚੁੱਕੇ ਹਨ। ਇਹ ਪਾਕਿਸਤਾਨ ਦੀ ਖ਼ੁਸ਼ਕਿਸਮਤੀ ਹੈ ਕਿ ਅਮਰੀਕਾ ਅਤੇ ਚੀਨ ਵਰਗੇ ਵੱਡੇ ਦੇਸ਼ਾਂ ਨੂੰ ਆਪਣੀਆਂ ਸਮੱਸਿਆਵਾਂ ਨਾਲ ਨਿਪਟਣ ਲਈ ਉਸ ਦੇ ਸਾਥ ਦੀ ਲੋੜ ਪੈ ਰਹੀ ਹੈ। ਅਮਰੀਕਾ ਨੂੰ ਅਫ਼ਗਾਨਿਸਤਾਨ ਵਿੱਚ ਪੈਰ ਧਰਨ ਲਈ ਪਾਕਿਸਤਾਨ ਦੀ ਧਰਤੀ ਵਿੱਚੋਂ ਲਾਂਘੇ ਦੀ ਜ਼ਰੂਰਤ ਹੈ। ਅਫ਼ਗਾਨਿਸਤਾਨ ਅਜਿਹਾ ਮੁਲਕ ਹੈ ਜਿਸ ਨੂੰ ਕੋਈ ਸਮੁੰਦਰ ਨਹੀਂ ਲੱਗਦਾ ਅਤੇ ਉਹ ਚਾਰੇ ਪਾਸਿਉਂ ਵੱਖ-ਵੱਖ ਦੇਸ਼ਾਂ ਨਾਲ ਘਿਰਿਆ ਹੋਇਆ ਹੈ। ਉੱਥੇ ਪਹੁੰਚਣ ਲਈ ਹਿੰਦ ਮਹਾਂਸਾਗਰ ਦੇ ਅਰਬ ਸਾਗਰ ਇਲਾਕੇ ਵਿੱਚੋਂ ਹੋ ਕੇ ਪਾਕਿਸਤਾਨ ਦੀ ਧਰਤੀ ਤੋਂ ਲੰਘਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਹੈ। ਇਰਾਨ ਨਾਲ ਉਸ ਦੇ ਸੰਬੰਧ ਖ਼ਰਾਬ ਚੱਲ ਰਹੇ ਹਨ। ਚੀਨ ਲਈ ਪਾਕਿਸਤਾਨ ਦਾ ਮਹੱਤਵ ਰਣਨੀਤਕ ਅਤੇ ਆਰਥਿਕ ਦੋਵਾਂ ਮੁਹਾਜ਼ਾਂ ਉੱਤੇ ਹੈ। ਉਹ ਪਾਕਿਸਤਾਨ ਦੀ ਪਿੱਠ ਪੂਰਨ ਤੋਂ ਰੁਕ ਨਹੀਂ ਸਕਦਾ। ਚੀਨ ਨੂੰ ਖਾੜੀ ਦੇਸ਼ਾਂ, ਅਫਰੀਕਾ ਮਹਾਂਦੀਪ ਅਤੇ ਯੂਰੋਪ ਮਹਾਂਦੀਪ ਨੂੰ ਜਾਣ ਵਾਸਤੇ ਸਮੁੰਦਰੀ ਰਸਤਾ ਬਹੁਤ ਲੰਬਾ ਪੈਂਦਾ ਹੈ। ਇਸ ਕਾਰਨ ਉਸ ਨੇ ਪਾਕਿਸਤਾਨ ਵਿੱਚੋਂ ਹੋ ਕੇ ਸਿੱਧਾ ਅਰਬ ਸਾਗਰ ਵਿੱਚ ਪਹੁੰਚਣ ਦਾ ਰਸਤਾ ਚੁਣਿਆ ਹੋਇਆ ਹੈ। ਇਸ ਮੰਤਵ ਦੀ ਪੂਰਤੀ ਲਈ ਉਹ ਪੂਰੇ ਪਾਕਿਸਤਾਨ ਵਿੱਚ ਇੱਕ ਵੱਡਾ ਸੜਕੀ ਨੈੱਟਵਰਕ ਬਣਾ ਰਿਹਾ ਹੈ ਜਿਸ ਨੂੰ 'ਚੀਨ-ਪਾਕਿ ਆਰਥਿਕ ਗਲਿਆਰਾ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੁਨੀਆ ਦੀਆਂ ਦੋ ਮਹਾਂ ਸ਼ਕਤੀਆਂ ਨੂੰ ਪਾਕਿਸਤਾਨ ਦੀ ਲੋੜ ਹੈ ਅਤੇ ਪਾਕਿਸਤਾਨ ਇਸ ਦਾ ਖ਼ੂਬ ਫ਼ਾਇਦਾ ਉਠਾ ਰਿਹਾ ਹੈ। ਉਦਾਹਰਣ ਦੇ ਤੌਰ ਉੱਤੇ ਅਜਿਹੀਆਂ ਖ਼ਬਰਾਂ ਆਉਂਦੀਆਂ ਹੀ ਰਹਿੰਦੀਆਂ ਹਨ ਕਿ ਅਮਰੀਕਾ ਵੱਲੋਂ ਪਾਕਿਸਤਾਨ ਨੂੰ ਜਿਹੜਾ ਫੰਡ ਅੱਤਵਾਦ ਦੇ ਖ਼ਾਤਮੇ ਵਾਸਤੇ ਮਿਲਦਾ ਹੈ, ਉਹ ਉਸ ਨੂੰ ਉਲਟਾ ਅੱਤਵਾਦ ਨੂੰ ਸ਼ਹਿ ਦੇਣ ਲਈ ਵਰਤਦਾ ਰਹਿੰਦਾ ਹੈ। ਇਸੇ ਕਾਰਨ ਦੁਨੀਆ ਵਿੱਚ ਉਸ ਦਾ ਅਕਸ ਇੱਕ ਜ਼ਿੰਮੇਵਾਰ ਮੁਲਕ ਵਾਲਾ ਨਹੀਂ ਬਣ ਸਕਿਆ। ਅਮਰੀਕਾ ਨੂੰ ਸੁਚੇਤ ਰੂਪ ਵਿੱਚ ਇਹ ਵੀ ਪਤਾ ਹੈ ਕਿ ਭਾਰਤ ਅਤੇ ਪਾਕਿਸਤਾਨ ਨੂੰ ਕਿਸੇ ਵੀ ਤਰ੍ਹਾਂ ਬਰਾਬਰ ਰੱਖ ਕੇ ਵੇਖਣਾ ਪੂਰੀ ਤਰਾਂ ਗ਼ੈਰ-ਵਿਹਾਰਕ ਹੈ ਪਰ ਹਾਲਾਤ ਦੀ ਮਜਬੂਰੀ ਅਜਿਹੀ ਹੈ ਕਿ ਉਸ ਨੂੰ ਪਾਕਿਸਤਾਨ ਨੂੰ ਮਹੱਤਵ ਦੇਣ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਨਜ਼ਰ ਆਉਂਦਾ। ਇਸੇ ਕਾਰਨ ਅਮਰੀਕਾ ਸਰਕਾਰ ਦੇ ਨੁਮਾਇੰਦੇ ਭਾਰਤ ਵਿੱਚ ਹੋਰ ਬਿਆਨ ਦਿੰਦੇ ਅਤੇ ਪਾਕਿਸਤਾਨ ਜਾ ਕੇ ਹੋਰ ਬੋਲੀ ਬੋਲਦੇ ਹਨ।

ਭਾਰਤ-ਅਮਰੀਕਾ ਰਿਸ਼ਤਿਆਂ ਦਾ ਇੱਕ ਲੰਬਾ ਅਧਿਆਇ ਹੈ ਪਰ ਕਿਸੇ ਵੀ ਅਮਰੀਕੀ ਰਾਸ਼ਟਰਪਤੀ ਕੋਲ ਅਜਿਹਾ ਸੋਚਣ ਲਈ ਸਮਾਂ ਹੀ ਨਹੀਂ ਹੈ। ਉਨ੍ਹਾਂ ਉਪਰ ਤੱਤਕਾਲੀ ਸਮੱਸਿਆਵਾਂ ਭਾਰੂ ਰਹਿੰਦੀਆਂ ਜੋ ਉਨ੍ਹਾਂ ਨੂੰ ਉਲਝਾਈ ਰੱਖਦੀਆਂ ਹਨ। ਲੰਬੇ ਸਮੇਂ ਦੀ ਰਣਨੀਤੀ ਤਹਿਤ ਚੀਨ ਵਰਗੇ ਵੱਡੇ ਦੁਸ਼ਮਣ ਨੂੰ ਟਿਕਾਣੇ ਰੱਖਣ ਲਈ ਅਮਰੀਕਾ ਨੂੰ ਭਾਰਤ ਨਾਲ ਸਹਿਯੋਗ ਵਧਾਉਣ ਦੀ ਸਖ਼ਤ ਲੋੜ ਹੈ, ਫਿਰ ਵੀ ਅਮਰੀਕਾ ਦੀ ਵਿਦੇਸ਼ ਨੀਤੀ ਦੇ ਰਾਡਾਰ ਉੱਤੇ ਕਦੇ ਵੀ ਭਾਰਤ ਦੀ ਪੁਜ਼ੀਸ਼ਨ ਬਹੁਤੀ ਉੱਚੀ ਨਹੀਂ ਰਹੀ। ਹੁਣ ਭਾਵੇਂ ਉਹ ਭਾਰਤ ਨੂੰ ਸਲਾਮਤੀ ਕਾਊਂਸਿਲ ਵਿੱਚ ਵੇਖਣਾ ਤਾਂ ਚਾਹੁੰਦਾ ਹੈ ਪਰ ਉਸ ਦੀਆਂ ਰਣਨੀਤਕ ਮਜਬੂਰੀਆਂ ਉਸ ਨੂੰ ਇੰਜ ਕਰਨ ਦੇਣਗੀਆਂ ਜਾਂ ਨਹੀਂ, ਇਹ ਅਜੇ ਹੋਰ ਦੇਖਣਾ ਹੋਵੇਗਾ।

# ਕਿਸਾਨਾਂ ਦੇ ਭਲੇ ਲਈ ਸਵਾਮੀਨਾਥਨ ਕਮਿਸ਼ਨ ਮੁਕੰਮਲ ਰਿਪੋਰਟ ਲਾਗੂ ਕੀਤੀ ਜਾਵੇ

**ਡਾ. ਐੱਸ.ਐੱਸ. ਛੀਨਾ**



ਫ਼ਸਲਾਂ ਦੀ ਔਸਤ ਲਾਗਤ ਵਿੱਚ 50 ਫ਼ੀਸਦੀ ਮੁਨਾਫ਼ਾ ਜੋੜ ਕੇ ਐੱਮਐੱਸਪੀ ਤੈਅ ਕਰਨ ਦੀ ਮੰਗ 'ਤੇ ਕਿਸਾਨ ਆਗੂ ਲਗਾਤਾਰ ਜ਼ੋਰ ਦਿੰਦੇ ਆ ਰਹੇ ਹਨ, ਪਰ ਇਹ ਸਿਫਾਰਸ਼ ਸਾਰੇ ਦੁੱਖਾਂ ਦੀ ਦਾਰੂ ਨਹੀਂ।

ਕਿਸਾਨੀ ਦੀਆਂ ਵਧਦੀਆਂ ਹੋਈਆਂ ਮੁਸ਼ਕਲਾਂ ਅਤੇ ਕਿਸਾਨੀ ਕਰਜ਼ੇ ਨਾਲ ਜੁੜੀਆਂ ਖ਼ੁਦਕੁਸ਼ੀਆਂ ਦੇ ਮੱਦੇਨਜ਼ਰ ਖੇਤੀ ਸਮੱਸਿਆਵਾਂ ਦੇ ਹੱਲ ਲਈ 18 ਨਵੰਬਰ, 2004 ਨੂੰ ਕੌਮੀ ਕਿਸਾਨ ਕਮਿਸ਼ਨ (ਨੈਸ਼ਨਲ ਕਮਿਸ਼ਨ ਆਫ ਫਾਰਮਰਜ਼) ਡਾ. ਐੱਮ.ਐੱਸ. ਸਵਾਮੀਨਾਥਨ ਦੀ ਪ੍ਰਧਾਨਗੀ ਹੇਠ ਸਥਾਪਤ ਕੀਤਾ ਗਿਆ। ਇਸ ਕਮਿਸ਼ਨ ਨੇ ਆਪਣੀਆਂ ਚਾਰ ਰਿਪੋਰਟਾਂ ਦਸੰਬਰ 2004 ਤੋਂ ਲੈ ਕੇ ਅਕਤੂਬਰ 4, 2006 ਤਕ ਦਿੱਤੀਆਂ। ਇਨ੍ਹਾਂ ਰਿਪੋਰਟਾਂ ਵਿੱਚ ਕਿਸਾਨੀ ਨਾਲ ਸਬੰਧਤ ਸਮੱਸਿਆਵਾਂ ਦਾ ਅਧਿਐਨ ਪੇਸ਼ ਸੀ ਅਤੇ ਉਨ੍ਹਾਂ ਨੇ ਹੱਲ ਲਈ ਵੱਖ-ਵੱਖ ਪੱਖਾਂ ਬਾਰੇ ਆਪਣੇ ਸੁਝਾਅ ਦਿੱਤੇ, ਜਿਨ੍ਹਾਂ ਵਿੱਚ ਭੂਮੀ ਸੁਧਾਰ, ਸਿੰਜਾਈ, ਕਰਜ਼ਾ, ਫ਼ਸਲੀ ਬੀਮਾ, ਖ਼ੁਰਾਕ, ਸੁਰੱਖਿਆ, ਰੁਜ਼ਗਾਰ, ਖੇਤੀ ਵਿੱਚ ਪੈਦਾਵਾਰ ਅਤੇ ਕਿਸਾਨਾਂ ਦੀ ਮੁਕਾਬਲਾ ਯੋਗਤਾ ਸਬੰਧੀ ਬਹੁਤ ਸਾਰੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਸਨ। ਪਰ ਇਨ੍ਹਾਂ ਸਿਫਾਰਸ਼ਾਂ ਨੂੰ ਨਾ ਤਾਂ ਯੂ.ਪੀ.ਏ. ਸਰਕਾਰ ਜਿਸ ਨੇ ਇਹ ਕਮਿਸ਼ਨ ਸਥਾਪਤ ਕੀਤਾ ਸੀ, ਨੇ ਲਾਗੂ ਕੀਤਾ ਅਤੇ ਨਾ ਹੀ ਬਾਅਦ ਵਿੱਚ ਬਣੀ ਐੱਨ.ਡੀ.ਏ. ਸਰਕਾਰ ਨੇ ਲਾਗੂ ਕੀਤਾ।

ਇਨ੍ਹਾਂ ਸਿਫਾਰਸ਼ਾਂ ਵਿੱਚੋਂ ਕਿਸਾਨ ਜਥੇਬੰਦੀਆਂ ਵੱਲੋਂ ਜ਼ਿਆਦਾ ਜ਼ੋਰ ਇਸ ਮੱਦ ਉੱਤੇ ਹੀ ਦਿੱਤਾ ਜਾਂਦਾ ਹੈ ਕਿ ਘੱਟੋ-ਘੱਟ ਸਮਰਥਨ ਮੁੱਲ, ਔਸਤ ਲਾਗਤ ਨਾਲ 50 ਫ਼ੀਸਦੀ ਦਾ ਲਾਭ ਲਗਾ ਕੇ ਐਲਾਨਿਆ ਜਾਵੇ। ਹੋਰ ਸਿਫਾਰਸ਼ਾਂ ਵੱਲ ਘੱਟ ਧਿਆਨ ਦਿੱਤਾ ਜਾਂਦਾ ਹੈ, ਭਾਵੇਂ ਉਹ ਸਾਰੀਆਂ ਵੀ ਕਿਸਾਨੀ ਦੇ ਹਿੱਤ ਵਿੱਚ ਹਨ। ਹਾਂ, ਉਨ੍ਹਾਂ ਨੂੰ ਲਾਗੂ ਕਰਨ ਵਿੱਚ ਕਈ ਕਠਿਨਾਈਆਂ ਹਨ। ਜੇ ਇਨ੍ਹਾਂ ਸਾਰੀਆਂ ਸਿਫਾਰਸ਼ਾਂ ਨੂੰ ਲਾਗੂ ਕਰਨਾ ਹੈ ਤਾਂ ਸਮੁੱਚੀ ਆਰਥਿਕਤਾ ਦੇ ਢਾਂਚੇ ਵਿੱਚ ਵੱਡੀਆਂ ਤਬਦੀਲੀਆਂ ਲਿਆਉਣੀਆਂ ਪੈਣਗੀਆਂ। ਕੀ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਹੋਣ ਨਾਲ ਹੀ ਕਿਸਾਨੀ ਦੀਆਂ ਸਾਰੀਆਂ ਮੁਸ਼ਕਲਾਂ ਹੱਲ ਹੋ ਜਾਣਗੀਆਂ ?

ਸਭ ਤੋਂ ਜ਼ਿਆਦਾ ਜ਼ੋਰ ਸਮਰਥਨ ਮੁੱਲ ਨਿਸ਼ਚਤ ਕਰਨ ਲਈ ਔਸਤ ਲਾਗਤ ਵਿੱਚ 50 ਫ਼ੀਸਦੀ ਮੁਨਾਫ਼ਾ ਸ਼ਾਮਲ ਕਰਨਾ ਹੈ। ਇੱਥੇ ਇਹ ਤੱਥ ਦੱਸਣੇ ਜ਼ਰੂਰੀ ਹਨ ਕਿ ਦੇਸ਼ ਦੀਆਂ 40.11 ਫ਼ੀਸਦੀ ਜੋਤਾਂ ਇੱਕ ਏਕੜ ਤੋਂ ਵੀ ਘੱਟ ਹਨ ਜਿਨ੍ਹਾਂ ਕੋਲ ਵੇਚਣ ਲਈ ਬਹੁਤ ਸਾਰੀ ਫ਼ਸਲ ਨਹੀਂ ਹੁੰਦੀ। ਫਿਰ 2.50 ਏਕੜ ਤੋਂ ਘੱਟ ਵਾਲੀਆਂ ਜੋਤਾਂ ਹਨ। ਇਨ੍ਹਾਂ ਜੋਤਾਂ ਕੋਲ ਵਾਹੀਯੋਗ ਖੇਤਰ ਦਾ ਸਿਰਫ਼ 27.93 ਫ਼ੀਸਦੀ ਹਿੱਸਾ ਹੈ। ਮਾਹਿਰਾਂ ਦੀ ਰਾਇ ਇਹ ਵੀ ਹੈ ਕਿ 30 ਫ਼ੀਸਦੀ ਕਿਸਾਨ, ਕਟਾਈ ਦੇ ਸਮੇਂ ਹੀ ਆਪਣੀ ਫ਼ਸਲ ਵੇਚ ਦਿੰਦੇ ਹਨ ਜਦੋਂਕਿ ਬਾਅਦ ਵਿੱਚ ਜਾ ਕੇ ਉਹ ਵਸਤੂਆਂ ਖ਼ਰੀਦਣ ਲਈ ਮਜਬੂਰ ਹੁੰਦੇ ਹਨ, ਜਿਸ ਕਰਕੇ ਖ਼ਰੀਦਣ ਦੇ ਸਮੇਂ ਉਨ੍ਹਾਂ ਨੂੰ ਵੀ ਉੱਚੀਆਂ ਕੀਮਤਾਂ 'ਤੇ ਖ਼ਰੀਦ ਕਰਨੀ ਪੈਂਦੀ ਹੈ। ਇਨ੍ਹਾਂ ਵਿੱਚ ਖ਼ੁਰਾਕੀ ਵਸਤੂਆਂ ਜਿਵੇਂ ਕਿ ਕਣਕ ਅਤੇ ਚੌਲ ਵੀ ਹੁੰਦੇ ਹਨ।

ਰਾਸ਼ਟਰੀ ਖੇਤੀ ਲਾਗਤ ਤੇ ਕੀਮਤ ਕਮਿਸ਼ਨ ਵੱਲੋਂ ਭਾਵੇਂ ਦੋ ਦਰਜਨ ਵਸਤੂਆਂ ਦੀਆਂ ਸਮਰਥਨ ਕੀਮਤਾਂ ਐਲਾਨੀਆਂ ਜਾਂਦੀਆਂ ਹਨ, ਪਰ ਉਨ੍ਹਾਂ ਵਿੱਚੋਂ ਸਿਰਫ਼ ਕਣਕ ਅਤੇ ਝੋਨਾ ਹੀ ਨਿਯਮਿਤ ਤੌਰ 'ਤੇ ਖ਼ਰੀਦਿਆ ਜਾਂਦਾ ਹੈ। ਉਹ ਵੀ ਸਿਰਫ਼ ਉਨ੍ਹਾਂ ਪ੍ਰਾਂਤਾਂ ਵਿੱਚੋਂ ਜਿਨ੍ਹਾਂ ਵਿੱਚ ਇਨ੍ਹਾਂ ਦਾ ਵਾਧੂ ਉਤਪਾਦਨ ਹੁੰਦਾ ਹੈ, ਜਿਵੇਂ ਕਿ ਪੰਜਾਬ, ਹਰਿਆਣਾ, ਯੂ.ਪੀ. ਆਦਿ। ਬਾਕੀ ਪ੍ਰਾਂਤਾਂ ਵਿੱਚੋਂ ਇਹ ਫ਼ਸਲਾਂ ਇਸ ਕਰਕੇ ਨਹੀਂ ਖ਼ਰੀਦੀਆਂ ਜਾਂਦੀਆਂ ਕਿਉਂ ਜੋ ਉੱਥੇ ਇਨ੍ਹਾਂ ਦਾ ਉਤਪਾਦਨ ਵਾਧੂ ਨਹੀਂ ਹੁੰਦਾ। ਜਿਨ੍ਹਾਂ ਪ੍ਰਾਂਤਾਂ ਵਿੱਚ ਸਰਕਾਰੀ ਤੌਰ 'ਤੇ ਇਹ ਫ਼ਸਲਾਂ ਨਹੀਂ ਖ਼ਰੀਦੀਆਂ ਜਾਂਦੀਆਂ ਉੱਥੇ ਦੇ ਕਿਸਾਨਾਂ ਨੂੰ ਮੁਨਾਫ਼ੇ ਵਾਲੀ ਮੱਦ ਦਾ ਕੀ ਲਾਭ ਹੋ ਸਕਦਾ ਹੈ ? ਫਿਰ ਉਹ ਕਿਸਾਨ, ਜਿਹੜੇ ਉਹ ਵਸਤੂਆਂ ਬੀਜਦੇ ਹੀ ਨਹੀਂ, ਜਿਨ੍ਹਾਂ ਲਈ ਉੱਚੀਆਂ ਕੀਮਤਾਂ ਘੋਸ਼ਿਤ ਕੀਤੀਆਂ ਜਾਂਦੀਆਂ ਹਨ ਅਤੇ ਸਰਕਾਰੀ ਖ਼ਰੀਦ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਵੀ ਇਸ ਮੱਦ ਦਾ ਲਾਭ ਨਹੀਂ ਮਿਲ ਸਕਦਾ।

ਖੇਤੀ ਆਮਦਨ ਵਧਾਉਣ, ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਉਨ੍ਹਾਂ ਨਕਦੀ ਫ਼ਸਲਾਂ (ਜਿਨ੍ਹਾਂ ਨਾਲ ਕਿਸਾਨਾਂ ਦੀ ਆਮਦਨ ਵਧ ਸਕਦੀ ਹੈ) ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਪਹਿਲੀ ਸ਼ਰਤ



ਹੈ, ਸਰਕਾਰੀ ਖ਼ਰੀਦ ਦਾ ਯਕੀਨੀ ਬਣਾਉਣਾ। ਜੇ ਸਰਕਾਰੀ ਖ਼ਰੀਦ ਨਹੀਂ ਹੁੰਦੀ ਤਾਂ ਉੱਚੀਆਂ ਕੀਮਤਾਂ ਘੋਸ਼ਿਤ ਕਰਨ ਦਾ ਵੀ ਕੋਈ ਲਾਭ ਨਹੀਂ ਹੋਵੇਗਾ। ਜਿਵੇਂ ਇਸ ਸਾਲ ਦਾਲਾਂ ਅਤੇ ਤੇਲ ਬੀਜਾਂ ਵਿੱਚ ਪਹਿਲਾਂ ਵੇਖਿਆ ਗਿਆ ਹੈ ਕਿ ਉੱਚੀਆਂ ਕੀਮਤਾਂ ਘੋਸ਼ਿਤ ਕਰਨ ਤੋਂ ਬਾਅਦ ਜਦੋਂ ਸਰਕਾਰ ਵੱਲੋਂ ਖ਼ਰੀਦ ਨਹੀਂ ਕੀਤੀ ਜਾਂਦੀ ਤਾਂ ਵਪਾਰੀਆਂ ਵੱਲੋਂ ਫਿਰ ਕਿਸਾਨਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਦੇ ਸਿੱਟੇ ਵਜੋਂ ਹਰ ਸਾਲ ਹਜ਼ਾਰਾਂ ਕਰੋੜ ਰੁਪਏ ਦੀਆਂ ਦਾਲਾਂ ਦੀ ਦਰਾਮਦ ਕਰਨੀ ਪੈਂਦੀ ਹੈ। ਇਸ ਤਰ੍ਹਾਂ ਦੀ ਹੀ ਸਥਿਤੀ ਤੇਲ ਬੀਜਾਂ ਦੀ ਹੈ। ਭਾਵੇਂ ਕਿ ਸਬਜ਼ੀਆਂ ਅਤੇ ਫ਼ਲਾਂ ਦੀ ਕਾਸ਼ਤ ਵਿੱਚ ਰੁਜ਼ਗਾਰ ਅਤੇ ਆਮਦਨ ਜ਼ਿਆਦਾ ਹੈ, ਉਨ੍ਹਾਂ ਦੀਆਂ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਰੋਕਣ ਦੇ ਉਪਾਅ ਸਰਕਾਰ ਵੱਲੋਂ ਕੀਤੇ ਜਾ ਸਕਦੇ ਹਨ, ਪਰ ਉਸ ਸਬੰਧੀ ਕਦੀ ਵਿਚਾਰ ਵੀ ਨਹੀਂ ਕੀਤੀ ਗਈ।

ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਵਿੱਚ ਸਾਰੇ ਦੇਸ਼ ਵਿੱਚ ਹਰ ਫ਼ਸਲ ਦੇ ਬੀਮਾਕਰਨ ਦੀ ਸਿਫਾਰਸ਼ ਵੀ ਸ਼ਾਮਲ ਹੈ। ਇਸ ਲਈ ਸਰਕਾਰ ਵੱਲੋਂ ਭਾਵੇਂ ਯਤਨ ਤਾਂ ਕੀਤੇ ਜਾ ਰਹੇ ਹਨ, ਪਰ ਅਮਲੀ ਤੌਰ 'ਤੇ ਬੀਮਾ ਬਹੁਤਾ ਲਾਗੂ ਨਹੀਂ ਹੋ ਸਕਿਆ। ਇੱਕ ਹੋਰ ਸਿਫਾਰਸ਼ ਫ਼ਸਲੀ ਬੀਮੇ ਦੇ ਨਾਲ ਪਸ਼ੂਆਂ ਅਤੇ ਪਰਿਵਾਰ ਦੇ ਮੁਖੀ ਦੇ ਸਿਹਤ ਬੀਮਾ ਨੂੰ ਜੋੜਨ ਦੀ ਹੈ। ਫ਼ਸਲ ਬੀਮੇ ਨੂੰ ਲਾਗੂ ਕਰਨ ਵਿੱਚ ਵੱਡੀ ਮੁਸ਼ਕਿਲ ਇਹ ਹੈ ਕਿ ਕਈ ਵਾਰ ਇੱਕ ਬਲਾਕ ਵਿੱਚ ਫ਼ਸਲ ਦਾ ਨੁਕਸਾਨ ਹੋ ਜਾਂਦਾ ਹੈ ਦੂਸਰੇ ਵਿੱਚ ਨਹੀਂ, ਅਤੇ ਕਈ ਵਾਰ ਇੱਕ ਪਿੰਡ ਵਿੱਚ ਹੋ ਜਾਂਦਾ ਹੈ, ਦੂਸਰੇ ਵਿੱਚ ਨਹੀਂ। ਇਹ ਫ਼ਸਲ ਬੀਮਾ ਕਰਨ ਵਿੱਚ ਇੱਕ ਵੱਡੀ ਰੁਕਾਵਟ ਹੈ, ਜਿਸ ਕਰਕੇ ਨਿੱਜੀ ਕੰਪਨੀਆਂ ਫ਼ਸਲ ਬੀਮੇ ਦੇ ਕਾਰੋਬਾਰ ਵਿੱਚ ਅੱਗੇ ਨਹੀਂ ਆ ਰਾਹੀਆਂ, ਪਰ ਸਵਾਮੀਨਾਥਨ ਕਮਿਸ਼ਨ ਵੱਲੋਂ ਨੁਕਸਾਨ ਦੀ ਪੂਰਤੀ ਲਈ ਪਿੰਡ ਨੂੰ ਇਕਾਈ ਮੰਨ ਕੇ ਬੀਮਾ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

ਇੱਕ ਹੋਰ ਸਿਫਾਰਸ਼ ਰਾਸ਼ਟਰੀ ਭੂਮੀ ਵਰਤੋਂ ਨੀਤੀ ਅਪਣਾਉਣ ਦੀ ਹੈ। ਇਸ ਨੂੰ ਇਸ ਢੰਗ ਨਾਲ ਅਪਣਾਉਣਾ ਚਾਹੀਦਾ ਹੈ, ਜਿਸ ਨਾਲ ਭੂਮੀ ਦੀ ਵਿਕਰੀ ਨੂੰ ਉਸ ਦੀ ਵਰਤੋਂ ਦੇ ਅਨੁਸਾਰ ਨਿਸ਼ਚਿਤ ਕੀਤਾ ਜਾ ਸਕੇ। ਫਿਰ ਇਨ੍ਹਾਂ ਸਿਫਾਰਸ਼ਾਂ ਵਿੱਚ 60 ਫ਼ੀਸਦੀ ਉਹ ਭੂਮੀ, ਜਿਹੜੀ ਖੇਤੀ ਉਤਪਾਦਨ ਵਿੱਚ 45 ਫ਼ੀਸਦੀ ਦਾ ਹਿੱਸਾ ਪਾਉਂਦੀ ਹੈ, ਉਸ ਲਈ ਯੋਗ ਮਾਤਰਾ ਵਿੱਚ ਪਾਣੀ ਦੀ ਪੂਰਤੀ ਦੀ ਸਿਫਾਰਸ਼ ਵੀ ਸ਼ਾਮਲ ਹੈ। ਪਾਣੀ ਵੀ ਹਰ ਇੱਕ ਦੀ ਪਹੁੰਚ ਵਿੱਚ ਹੋਣਾ ਚਾਹੀਦਾ ਹੈ। ਕਮਿਸ਼ਨ ਨੇ ਇਹ ਵੀ ਕਿਹਾ ਹੈ ਕਿ ਸਰਕਾਰ ਵੱਲੋਂ ਖੇਤੀ ਸਬੰਧੀ ਨਿਵੇਸ਼ ਵੱਡੀ ਮਾਤਰਾ ਵਿੱਚ ਵਧਾਉਣਾ ਚਾਹੀਦਾ ਹੈ ਤਾਂ ਕਿ ਉਪਜ ਵਿੱਚ ਵਾਧਾ ਕਰਨਾ ਆਸਾਨ ਬਣ ਸਕੇ। ਕਮਿਸ਼ਨ ਵੱਲੋਂ ਖੇਤੀ ਜ਼ੋਖਮ ਫੰਡ ਸਥਾਪਤ ਕਰਨ ਦੀ ਸਿਫਾਰਸ਼ ਵੀ ਕੀਤੀ ਗਈ ਹੈ ਤਾਂ ਕਿ ਕਿਸੇ ਕੁਦਰਤੀ ਆਫ਼ਤ ਤੋਂ ਬਾਅਦ ਕਿਸਾਨਾਂ ਦੀ ਮਦਦ ਕੀਤੀ ਜਾ ਸਕੇ। ਮਹਿਲਾ ਕਿਸਾਨਾਂ ਨੂੰ ਵੀ ਕਿਸਾਨ ਕਰੈਡਿਟ ਕਾਰਡ ਦਿੱਤੇ ਜਾਣ। ਭੂਮੀ ਦੀ ਉਪਰਲੀ ਸੀਮਾ ਤੋਂ ਬਾਅਦ ਉਹ ਭੂਮੀ, ਜੋ ਕਿਸੇ ਵਰਤੋਂ ਵਿੱਚ ਨਹੀਂ ਆ ਰਹੀ, ਉਸ ਦੀ ਵੰਡ ਆਦਿ ਦੀਆਂ ਸਿਫਾਰਸ਼ਾਂ ਕਮਿਸ਼ਨ ਦੀ ਰਿਪੋਰਟ ਦਾ ਹਿੱਸਾ ਹਨ। ਸਾਰੀਆਂ ਹੀ ਕਿਸਾਨੀ ਦੇ ਹਿੱਤ ਵਿੱਚ ਹਨ ਅਤੇ ਉਨ੍ਹਾਂ ਨੂੰ ਲਾਗੂ ਵੀ ਕੀਤਾ ਜਾਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਵੱਲੋਂ 2022 ਤਕ ਖੇਤੀ ਆਮਦਨ ਦੁੱਗਣੀ ਕਰਨ ਦਾ ਸੰਕਲਪ ਲਿਆ ਗਿਆ ਹੈ। ਇਸ ਕਾਰਜ ਲਈ ਵੀ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਧਿਆਨ ਵਿੱਚ ਰੱਖ ਕੇ ਵੱਖ-ਵੱਖ ਪ੍ਰਾਂਤਾਂ ਵਿੱਚ ਕਿਸਾਨੀ ਹਿੱਤ ਸਕੀਮਾਂ ਲਾਗੂ ਕਰਨੀਆਂ ਚਾਹੀਦੀਆਂ ਹਨ। ਪਰ ਮੁੱਢਲੇ ਤੱਥਾਂ ਨੂੰ ਸਾਹਮਣੇ ਰੱਖ ਕੇ ਖੇਤੀ ਦੀਆਂ ਸਮੱਸਿਆਵਾਂ ਦਾ ਹੱਲ ਖੇਤੀ ਦੇ ਨਾਲ ਹੋਰ ਖੇਤਰਾਂ ਦੇ ਸੁਧਾਰ ਨਾਲ ਵੀ ਜੋੜਨਾ ਚਾਹੀਦਾ ਹੈ। ਇੱਕ ਏਕੜ ਤਕ ਜਿਹੜੀਆਂ 40.11 ਫ਼ੀਸਦੀ ਜੋਤਾਂ ਦੀ ਪਛਾਣ ਸਵਾਮੀਨਾਥਨ ਕਮਿਸ਼ਨ ਵੱਲੋਂ ਕੀਤੀ ਗਈ ਸੀ, ਉਨ੍ਹਾਂ ਕੋਲ ਕੁੱਲ ਖੇਤੀ ਦਾ ਸਿਰਫ਼ 3.80ਗ ਫ਼ੀਸਦੀ ਖੇਤਰ ਹੈ ਜਦੋਂਕਿ ਇੱਕ ਏਕੜ ਤੋਂ 2.50 ਏਕੜ ਵਾਲੇ 20.52 ਕਿਸਾਨ ਹਨ। ਇਨ੍ਹਾਂ ਕਿਸਾਨਾਂ ਕੋਲ ਸਿਰਫ਼ 13.13 ਫ਼ੀਸਦੀ ਰਕਬਾ ਹੈ। ਇਸ ਦੇ ਉਲਟ 15 ਏਕੜ ਤੋਂ ਵੱਧ ਵਾਲੇ 2.62 ਫ਼ੀਸਦੀ ਕਿਸਾਨਾਂ ਕੋਲ 26.67 ਫ਼ੀਸਦੀ ਜਾਂ ਕੁੱਲ ਭੂਮੀ ਦੇ ਚੌਥੇ ਹਿੱਸੇ ਤੋਂ ਵੀ ਵੱਧ ਖੇਤਰ ਹੈ। ਛੋਟੀ ਕਿਸਾਨੀ ਵਿੱਚ ਵੱਡੀ ਗਿਣਤੀ ਵਿੱਚ ਅਰਧ-ਬੇਰੁਜ਼ਗਾਰੀ ਹੈ, ਜਿਸ ਕਰਕੇ ਉਸ ਕੋਲ ਨਾ ਉਤਪਾਦਨ ਹੈ ਅਤੇ ਨਾ ਆਮਦਨ ਹੈ। ਇਹੋ ਹੀ ਕਰਜ਼ੇ ਦੀ ਵੱਡੀ ਵਜ੍ਹਾ ਹੈ।

ਭਾਵੇਂ ਕਿ ਦੇਸ਼ ਦੀ 70 ਫ਼ੀਸਦੀ ਆਬਾਦੀ ਅਜੇ ਵੀ ਪਿੰਡਾਂ ਵਿੱਚ ਰਹਿ ਰਹੀ ਹੈ, ਪਰ ਰੁਜ਼ਗਾਰ ਲੈਣ ਲਈ ਸ਼ਹਿਰਾਂ ਵਿੱਚ ਜਾਣਾ ਪੈਂਦਾ ਹੈ। ਉਹ ਖੇਤੀ ਆਧਾਰਿਤ ਉਦਯੋਗ ਜਿਨ੍ਹਾਂ ਲਈ ਕੱਚਾ ਮਾਲ ਪਿੰਡ ਤੋਂ ਮਿਲਦਾ ਹੈ, ਉਹ ਵੀ ਸ਼ਹਿਰਾਂ ਵਿੱਚ ਸਥਾਪਿਤ ਹੋਏ ਹਨ। ਖੇਤੀ ਆਮਦਨ ਵਧਾਉਣ ਲਈ ਪ੍ਰਤੀ ਕਿਸਾਨ ਪਰਿਵਾਰ ਆਮਦਨ ਵਧਾਉਣ ਦੀ ਨੀਤੀ ਅਪਣਾਉਣੀ ਸਹਾਇਕ ਹੋ ਸਕਦੀ ਹੈ। ਉਸ ਨੂੰ ਅਪਣਾਉਣ ਲਈ ਵਿਵਸਥਾ ਕਰਨੀ ਚਾਹੀਦੀ ਹੈ। ਇਕੱਲੀ ਫ਼ਸਲਾਂ ਦੀ ਆਮਦਨ ਛੋਟੀ ਕਿਸਾਨੀ ਦੀਆਂ ਸਮੱਸਿਆਵਾਂ ਹੱਲ ਨਹੀਂ ਕਰ ਸਕਦੀ। ਉਸ ਦੇ ਨਾਲ ਘਰਾਂ ਦੇ ਮੈਂਬਰਾਂ ਵੱਲੋਂ ਖੇਤੀ ਆਧਾਰਿਤ ਧੰਦੇ ਅਪਣਾਏ ਜਾਣੇ ਚਾਹੀਦੇ ਹਨ।

**(ਲੇਖਕ ਪੰਜਾਬ ਦਾ ਉੱਘਾ ਅਰਥ ਸ਼ਾਸਤਰੀ ਹੈ)**

# ਸਾਡਾ ਖਾਣ-ਪੀਣ ਅਤੇ ਸਾਡੀ ਅਰੋਗਤਾ

**ਸੁਰਜੀਤ ਸਿੰਘ ਢਿੱਲੋਂ (ਡਾ.)**
ਫੋਨ : 0175-2214547



ਜੋ ਕੁਝ ਅਸੀਂ ਖਾ-ਪੀ ਰਹੇ ਹਾਂ, ਭਿੰਨ ਭਿੰਨ ਤੱਤ ਇਸ ਦਾ ਭਾਗ ਹਨ। ਇਨ੍ਹਾਂ ਵਿੱਚੋਂ ਕਈ ਤਾਂ ਸਾਡੀਆਂ ਸਰੀਰਿਕ ਅਤੇ ਮਾਨਸਿਕ ਲੋੜਾਂ ਪੂਰੀਆਂ ਕਰ ਰਹੇ ਹਨ, ਪਰ ਕਈ ਹੋਰ ਅਜਿਹੇ ਵੀ ਹਨ ਜਿਹੜੇ ਭੋਜਨ ਨੂੰ ਸੁਆਦਲਾ ਬਣਾਉਣ ਲਈ ਵਰਤੋਂ ਅਧੀਨ ਹਨ। ਆਹਾਰ ਅੰਦਰਲੇ ਜਿਹੜੇ ਤੱਤ ਸਾਨੂੰ ਜੀਵਨ ਅਰਪਣ ਕਰ ਰਹੇ ਹਨ, ਉਹ ਹਨ: ਕਾਰਬੋਹਾਈਡ੍ਰੇਟ (ਨਿਸ਼ਾਸਤਾ ਅਤੇ ਮਿਠਾਸ), ਪ੍ਰੋਟੀਨਾਂ, ਚਿਕਨਾਈ, ਵਿਟਾਮਿਨ ਅਤੇ ਖਣਿਜ। ਇਨ੍ਹਾਂ ਤੱਤਾਂ 'ਚੋਂ ਕੋਈ ਖਾਣ-ਪਦਾਰਥ ਕਿਸੇ ਤੱਤ ਨਾਲ ਭਰਪੂਰ ਹੈ ਤੇ ਕੋਈ ਕਿਸੇ ਨਾਲ, ਪਰ ਇੱਕ ਪਦਾਰਥ ਅਜਿਹਾ ਵੀ ਹੈ ਜਿਸ ਵਿੱਚ ਸਰੀਰ ਲਈ ਲੋੜੀਂਦਾ ਸਭ ਕੁਝ ਭਰਪੂਰ ਮਾਤਰਾ 'ਚ ਤਾਂ ਭਾਵੇਂ ਨਹੀਂ, ਪਰ ਸੰਜਮ ਸਿਰ ਸਮਾਇਆ ਹੋਇਆ ਹੈ। ਇਹ ਹੈ ਦੁੱਧ, ਜਿਸ ਦੀ ਉਪਜ ਅੱਗੋਂ ਦਹੀਂ, ਲੱਸੀ, ਪਨੀਰ ਆਦਿ ਹਨ। ਦਹੀਂ ਨੂੰ ਇਸ ਲਈ ਦੁੱਧ ਉਪਰ ਤਰਜੀਹ ਮਿਲ ਰਹੀ ਹੈ ਕਿਉਂਕਿ ਇਹ ਦੁੱਧ ਅੰਦਰਲੀ ਮਿਠਾਸ ਤੋਂ ਮੁਕਤ ਹੈ ਅਤੇ ਦੁੱਧ ਨੂੰ ਦਹੀਂ 'ਚ ਬਦਲਣ ਵਾਲੇ ਸੂਖ਼ਮ ਜੀਵ ਸਾਡੀਆਂ ਆਂਦਰਾਂ ਵਿੱਚ ਪੁੱਜ ਕੇ ਆਪਣੇ ਲਈ ਜਿਨ੍ਹਾਂ ਵਿਟਾਮਿਨਾਂ ਦਾ ਨਿਰਮਾਣ ਕਰਦੇ ਹਨ, ਉਹ ਸਾਡੇ ਵੀ ਕੰਮ ਆਉਣ ਯੋਗ ਹਨ।

ਭੁੱਖ ਲੱਗੀ ਹੋਣ 'ਤੇ ਕੋਈ ਨਹੀਂ ਪਰਖਦਾ ਕਿ ਸਾਹਮਣੇ ਪਈ ਪਲੇਟ ਵਿੱਚ ਪਿਆ ਖਾਣ-ਪਦਾਰਥ ਕਿਹੜੇ ਤੱਤਾਂ ਨਾਲ ਭਰਪੂਰ ਹੈ ਅਤੇ ਕਿਹੜੇ ਤੱਤਾਂ ਤੋਂ ਕੋਰਾ। ਪਰ ਕਾਰਜਕਾਰੀ ਜਾਣਕਾਰੀ ਦੁਆਰਾ ਸਾਧਾਰਨ ਵਿਅਕਤੀ ਅਰੋਗ ਰਹਿਣ ਲਈ ਜ਼ਰੂਰੀ ਖਾਣ-ਯੋਗ ਵਸਤੂਆਂ ਦੀ ਸਹਿਲ ਚੋਣ ਕਰ ਸਕਦਾ ਹੈ। ਸਮਝ ਲੈਣਾ ਚਾਹੀਦਾ ਹੈ ਕਿ ਘੱਟ ਚਿਕਨਾਈ ਵਾਲੇ, ਘੱਟ ਸਲੂਣੇ ਅਤੇ ਲਗਭਗ ਮਿਠਾਸ ਬਿਨਾਂ ਦੇ ਖਾਣੇ ਅਰੋਗਤਾ ਲਈ ਮੁਆਫ਼ਕ ਹਨ। ਜਿਸ ਭੋਜ 'ਚ ਦਲੀਆਂ ਅਤੇ ਸਾਬਤ ਦਾਲਾਂ ਸ਼ਾਮਲ ਹਨ, ਚੋਕਰ ਸਹਿਤ ਆਟਾ ਸ਼ਾਮਲ ਹੈ, ਛਿਲਕੇ ਸਹਿਤ ਸਬਜ਼ੀਆਂ ਸ਼ਾਮਲ ਹਨ, ਫਲ ਅਤੇ ਦੁੱਧ ਜਾਂ ਦੁੱਧ ਦੀ ਉਪਜ ਸ਼ਾਮਲ ਹਨ, ਉਹੋ ਹੀ ਉਚਿਤ ਆਹਾਰ ਹੈ। ਅਰੋਗਤਾ ਬਣਾਈ ਰੱਖਣ 'ਚ ਅੰਡਿਆਂ ਤੇ ਮਾਸ ਦੀ ਭੂਮਿਕਾ ਹੈ ਤਾਂ, ਪਰ ਜ਼ੋਰ ਇਨ੍ਹਾਂ ਦੀ ਸੰਜਮੀ ਵਰਤੋਂ ਕਰਨ ਉਪਰ ਦਿੱਤਾ ਜਾ ਰਿਹਾ ਹੈ। ਇਸ ਲਈ ਕਿ ਇਹ ਤ੍ਰਿਪਤ ਚਿਕਨਾਈ ਭਰਪੂਰ ਖ਼ੁਰਾਕੀ ਪਦਾਰਥ ਹਨ।

ਤ੍ਰਿਪਤ ਚਿਕਨਾਈ ਅਜਿਹੇ ਵਿਅਕਤੀਆਂ 'ਚ ਹਿਰਦੇ-ਰੋਗ ਦਾ ਕਾਰਨ ਬਣਨ ਦੀ ਦੋਸ਼ੀ ਹੈ ਜਿਹੜੇ ਮੁੜ੍ਹਕਾ ਵਗਾਉਣ ਦੇ ਆਦੀ ਨਹੀਂ ਅਤੇ ਜਿਨ੍ਹਾਂ ਨੂੰ ਵਿਕਾਰਕ ਜੀਨ ਵਿਰਸੇ 'ਚ ਮਿਲੇ ਹੁੰਦੇ ਹਨ। ਸਾਡੇ ਵਿੱਚੋਂ ਬਹੁਤੇ ਅਜਿਹਾ ਹੀ ਜੀਵਨ ਬਿਤਾ ਰਹੇ ਹਨ ਜਦੋਂਕਿ ਸਾਡੀ ਵਸੋਂ 'ਚ ਵਿਕਾਰਕ ਜੀਨਾਂ ਦਾ ਪਸਾਰ ਬੀਤਦੇ ਸਮੇਂ ਨਾਲ ਵਧਦਾ ਜਾ ਰਿਹਾ ਹੈ। ਇਸੇ ਕਾਰਨ ਦਿਲ ਨਾਲ ਜੁੜੇ ਰੋਗ ਘਟਣ ਦੀ ਬਜਾਏ ਵਧ ਰਹੇ ਹਨ। ਚਿਕਨਾਈ ਭਰਪੂਰ ਖਾਣ-ਪਦਾਰਥਾਂ ਨੂੰ ਕੈਂਸਰ ਰੋਗ ਨਾਲ ਵੀ ਉਂਜ ਹੀ ਜੋੜਿਆ ਜਾ ਰਿਹਾ ਹੈ, ਜਿਵੇਂ ਸਿਗਰਟਨੋਸ਼ੀ ਨੂੰ। ਇਸ ਬਾਰੇ ਵਿਗਿਆਨ ਨੇ ਹਾਲੇ ਨਿਸ਼ਚਿਤ ਰਾਇ ਬਣਾਉਣੀ ਹੈ। ਇਹ ਵੀ ਮੁੱਖ ਕਾਰਨ ਹੈ ਕਿ ਮਾਸ-ਅੰਡੇ ਦੀ ਬਜਾਏ ਮੱਛੀ ਨੂੰ ਆਹਾਰ ਦਾ ਭਾਗ ਬਣਾਏ ਜਾਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਮਾਸ-ਅੰਡੇ ਵਾਂਗ ਮੱਛੀ ਪ੍ਰੋਟੀਨਾਂ ਦਾ ਭੰਡਾਰ ਤਾਂ ਹੈ ਹੀ, ਪਰ ਨਾਲ ਹੀ ਇਹ ਇੱਕ ਅਜਿਹੇ ਅਤ੍ਰਿਪਤ ਚਿਕਨੇ ਤੇਜ਼ਾਬ, ਓਮੈਗਾ- 3 ਦਾ ਸਮ੍ਰਿਧ ਸਰੋਤ ਵੀ ਹੈ ਜਿਸ ਦੀ ਦਿਲ ਅਤੇ ਦਿਮਾਗ਼ ਨੂੰ ਅਰੋਗ ਰੱਖਣ ਵਿੱਚ ਭੂਮਿਕਾ ਹੈ ਅਤੇ ਜਿਹੜਾ ਸਿਵਾਏ ਖ਼ੁਸ਼ਕ ਮੇਵਿਆਂ (ਬਦਾਮ, ਅਖਰੋਟ ਆਦਿ) ਅਤੇ ਤਿਲ, ਤੋਰੀਆ-ਸਰ੍ਹੋਂ, ਜ਼ੈਤੂਨ ਜਾਂ ਅਲਸੀ ਦੇ ਹੋਰ ਕਿਧਰੋਂ ਘੱਟ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਦੇ ਤਾਂ ਇਹ ਅਰਥ ਹਨ ਕਿ ਦਾਣੇ, ਦਾਲਾਂ ਅਤੇ ਫਲਾਂ-ਸਬਜ਼ੀਆਂ ਨੂੰ ਆਪਣੇ ਆਹਾਰ ਦਾ ਆਧਾਰ ਬਣਾ ਲੈਣਾ ਚਾਹੀਦਾ ਹੈ। ਇਨ੍ਹਾਂ ਤੋਂ ਵੀ ਤਾਂ ਸਾਰੇ ਪੌਸ਼ਟਿਕ ਤੱਤ ਪ੍ਰਾਪਤ ਕੀਤੇ ਜਾ ਸਕਦੇ ਹਨ। ਹਾਂ, ਇੱਕੋ ਸਰੋਤ ਤੋਂ ਉਚਿਤ ਮਾਤਰਾ 'ਚ ਨਹੀਂ। ਪ੍ਰੋਟੀਨਾਂ ਅੰਦਰ 20 ਪ੍ਰਕਾਰ ਦੇ ਐਮਿਨੋ-ਤੇਜ਼ਾਬ ਸਮਾਏ ਹੋਏ ਹਨ ਜਿਨ੍ਹਾਂ 'ਚੋਂ ਅੱਠ ਸਾਡੇ ਲਈ ਭੋਜਨ ਦੁਆਰਾ ਪ੍ਰਾਪਤ ਕਰਨੇ ਇਸ ਲਈ ਜ਼ਰੂਰੀ ਹਨ ਕਿਉਂਕਿ ਇਨ੍ਹਾਂ ਦਾ ਨਿਰਮਾਣ ਸਰੀਰ ਅੰਦਰ ਸੰਭਵ ਨਹੀਂ। ਅਜਿਹੇ ਜ਼ਰੂਰੀ ਐਮਿਨੋ-ਤੇਜ਼ਾਬਾਂ, ਵਿਟਾਮਿਨ ਬੀ-12 ਅਤੇ ਲੋੜੀਂਦੇ ਖਣਿਜਾਂ ਦਾ ਮਾਸ-ਅੰਡੇ ਵਧੀਆ ਸਰੋਤ ਹਨ ਜਿਹੜੇ ਉਚਿਤ ਮਾਤਰਾ 'ਚ ਇੱਕੋ ਥਾਵੇਂ ਹੋਰ ਕਿਧਰੋਂ ਪ੍ਰਾਪਤ ਨਹੀਂ ਹੁੰਦੇ। ਇਸ ਪ੍ਰਸੰਗ 'ਚ ਵੀ ਮੱਛੀ, ਡੇਅਰੀ ਉਤਪਾਦ, ਗਿਰੀਆਂ ਆਦਿ ਮਾਸ-ਅੰਡੇ ਦਾ ਉਚਿਤ ਬਦਲ ਸਮਝੇ ਜਾ ਰਹੇ ਹਨ। ਮਿੱਠੇ ਦਾ ਉਪਯੋਗ ਵੀ ਪੌਸ਼ਟਿਕਤਾ ਪ੍ਰਾਪਤੀ ਲਈ ਨਹੀਂ, ਊਰਜਾ ਦੀ ਘਾਟ ਪੂਰੀ ਕਰਨ ਵਾਸਤੇ ਹੋਣਾ ਚਾਹੀਦਾ ਹੈ। ਊਰਜਾ ਦੀ ਘਾਟ ਪੂਰੀ ਕਰਨ ਦਾ ਇਹ ਫੌਰੀ ਅਤੇ ਵਧੀਆ ਸਾਧਨ ਹੈ, ਇਸ ਤੋਂ ਵੱਧ ਹੋਰ ਕੁਝ ਨਹੀਂ। ਮੁਸ਼ੱਕਤ ਤੋਂ ਬਚਦੇ ਰਹਿਣ ਵਾਲੇ ਅਤੇ ਨਿਰੋਲ ਆਰਾਮ ਉਪਰ ਨਿਰਭਰ ਜੀਵਨ ਭੋਗ ਰਹੇ ਵਿਅਕਤੀਆਂ ਲਈ, ਇਨ੍ਹਾਂ ਦੇ ਸਰੀਰ



ਅੰਦਰ ਅਣਵਰਤੀ ਰਹਿ ਰਹੀ ਮਿਠਾਸ, ਵਿਹੁ ਹੁੰਦੀ ਹੈ ਜਦੋਂਕਿ ਮੁੜ੍ਹਕਾ ਵਗਾਉਂਦੀ ਮਿਹਨਤ ਜਾਂ ਕਸਰਤ ਕਰ ਰਹੇ ਵਿਅਕਤੀਆਂ ਲਈ ਇਹੋ ਲੋੜੀਂਦੀ ਊਰਜਾ ਉਪਜਾਉਣ ਦਾ ਸਾਧਨ। ਇਸ ਦਾ ਹਿਸਾਬ ਰੱਖਣ ਦੀ ਵੀ ਲੋੜ ਹੈ ਕਿ ਜੋ ਕੁਝ ਵੀ ਸਰੀਰ ਅੰਦਰ ਪ੍ਰਵੇਸ਼ ਕਰ ਰਿਹਾ ਹੈ, ਉਹ ਮਿਲ-ਮਿਲਾ ਕੇ ਕਿੰਨੀ ਕੁ ਊਰਜਾ ਉਪਜਾ ਰਿਹਾ ਹੈ। ਸਰੀਰ ਦੀ ਲੋੜ ਤੋਂ ਵੱਧ ਊਰਜਾ ਉਪਜਾ ਰਿਹਾ ਭੋਜਨ ਅਰੋਗਤਾ ਭੰਗ ਕਰਨ ਦਾ ਹੀਲਾ ਬਣ ਜਾਂਦਾ ਹੈ। ਜਿਸ ਪ੍ਰਕਾਰ ਦਾ ਸਾਡੇ 'ਚੋਂ ਬਹੁਤਿਆਂ ਨੇ ਜੀਵਨ-ਢੰਗ ਅਪਣਾਇਆ ਹੋਇਆ ਹੈ, ਉਸ ਅਨੁਕੂਲ ਪੁਰਸ਼ਾਂ ਨੂੰ ਦਿਨ ਭਰ 'ਚ 2500 ਕੈਲਰੀਆਂ ਅਤੇ ਇਸਤਰੀਆਂ ਨੂੰ 2000 ਕੈਲਰੀਆਂ ਊਰਜਾ ਦੀ ਲੋੜ ਰਹਿੰਦੀ ਹੈ। ਕੈਲਰੀ ਊਰਜਾ ਦੀ ਉਸੇ ਪ੍ਰਕਾਰ ਮਾਪ-ਇਕਾਈ ਹੈ, ਜਿਵੇਂ ਕਿਲੋਗ੍ਰਾਮ ਵਜ਼ਨ ਦੀ। ਸਰੀਰ ਦੀ ਊਰਜਾ ਲਈ ਲੋੜ ਸਰੀਰਕ ਰੁਝੇਵਿਆਂ ਅਨੁਕੂਲ ਘਟਦੀ-ਵਧਦੀ ਭਾਵੇਂ ਰਹਿੰਦੀ ਹੈ, ਪਰ ਇਹ ਨਿਸ਼ਚਿਤ ਹੈ ਕਿ ਸਰੀਰ ਦੀ ਲੋੜ ਤੋਂ ਵਾਧੂ ਊਰਜਾ ਦਾ ਸਰੋਤ ਬਣ ਰਿਹਾ ਆਹਾਰ, ਅਵੇਰ-ਸਵੇਰ, ਕਮਰ ਤੇ ਢਿਲਕ ਜਾਣ ਦਾ ਸਾਧਨ ਬਣਦਾ ਰਹਿੰਦਾ ਹੈ। ਪੰਜਾਬੀਆਂ ਦਾ ਭੋਜਨ ਤਾਂ ਇਸ ਗੱਲੋਂ ਹੈ ਵੀ ਅਤਿਅੰਤ ਉਦਾਰ। ਪੰਜਾਬ ਵਿੱਚ, ਇਸੇ ਕਾਰਨ, ਜਿਵੇਂ ਜਿਵੇਂ ਮੋਟਰ ਵਾਹਨਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਪੰਜਾਬੀਆਂ ਦੀ ਕਮਰ ਦੁਆਲੇ ਚਰਬੀ ਦੀ ਤਹਿ ਵੀ ਮੋਟੀ ਹੁੰਦੀ ਜਾ ਰਹੀ ਹੈ। ਅੱਜਕੱਲ੍ਹ ਤਾਂ ਪੰਜਾਬ ਦੇ ਪਿੰਡਾਂ ਵਿੱਚ ਵੀ ਛਾਂਟਵੇਂ ਸਰੀਰਾਂ ਦੀ ਤੋਟ ਹੈ ਜਿੱਥੇ ਪਹਿਲਾਂ ਕਦੇ ਪੈਲੀਆਂ ਵਾਹ-ਵੱਢ ਰਹੇ ਗੱਭਰੂਆਂ ਦੇ ਲਿਸ਼-ਲਿਸ਼ ਕਰਦੇ ਪੋਚਵੇਂ ਸਰੀਰ ਸਨ। ਪਿੰਡਾਂ ਵਿੱਚ ਵੀ ਅੱਜ ਉਸ ਦਰ ਨਾਲ ਟੰਗਾਂ-ਬਾਹਾਂ ਦਾ ਉਪਯੋਗ ਨਹੀਂ ਹੋ ਰਿਹਾ ਜਿਸ ਦਰ ਨਾਲ ਖਾਧਾ ਅਤੇ ਪੀਤਾ ਜਾ ਰਿਹਾ ਹੈ। ਭਾਵੇਂ ਸ਼ਹਿਰ ਵਸੀਏ ਭਾਵੇਂ ਪਿੰਡ, ਸਾਡੀ ਆਦਤ ਸਰੀਰਕ ਲੋੜ ਤੋਂ ਵੱਧ ਖਾਣ ਅਤੇ ਪੀਣ ਦੀ ਹੈ।

ਫਿਰ ਇੱਕ ਹੋਰ ਪੱਖੋਂ ਵੀ ਸਾਡੀ ਅਰੋਗਤਾ ਸਰਾਪੀ ਜਾ ਰਹੀ ਹੈ। ਜੋ ਅਸੀਂ ਅਤੇ ਜਿਵੇਂ ਅਸੀਂ ਫਲ-ਸਬਜ਼ੀਆਂ ਅਤੇ ਦਾਲਾਂ-ਦਾਣੇ ਖੇਤਾਂ 'ਚ ਉਗਾ ਰਹੇ ਹਾਂ, ਉਸ ਦਾ ਸਾਡੇ ਜੀਵਨ ਉਪਰ ਕਿਹੋ ਜਿਹਾ ਪ੍ਰਭਾਵ ਪੈ ਰਿਹਾ ਹੈ, ਇਸ ਤੋਂ ਅਸੀਂ ਉੱਕਾ ਹੀ ਲਾਪਰਵਾਹ ਹਾਂ। ਸਾਡੀ ਅਪਣਾਈ ਕਾਸ਼ਤ ਵਿਧੀ ਦੇ ਵਾਤਾਵਰਣ ਉਪਰ ਪੈ ਰਹੇ ਪ੍ਰਭਾਵ ਦੀ ਵੀ ਸਾਨੂੰ ਚਿੰਤਾ ਨਹੀਂ। ਅਸੀਂ ਤਾਂ ਉਗਾਈਆਂ ਜਾ ਰਹੀਆਂ ਫ਼ਸਲਾਂ ਤੋਂ ਹੋਣ ਵਾਲੀ ਆਮਦਨ ਬਾਰੇ ਹੀ ਫ਼ਿਕਰਮੰਦ ਰਹਿੰਦੇ ਹਾਂ। ਦੁਨੀਆਂ ਭਰ 'ਚ ਸਿਰਫ਼ ਚਾਰ ਅਜਿਹੇ ਦੇਸ਼ ਹਨ ਜਿਹੜੇ ਕਾਸ਼ਤ ਦੇ ਵਾਤਾਵਰਣ ਉਪਰ ਪੈ ਰਹੇ ਪ੍ਰਭਾਵ ਵੱਲ ਧਿਆਨ ਦੇ ਰਹੇ ਹਨ। ਇਹ ਦੇਸ਼ ਹਨ: ਯੂਰੋਪ ਵਿੱਚ ਜਰਮਨੀ ਅਤੇ ਸਵੀਡਨ, ਦੱਖਣੀ ਅਮਰੀਕਾ ਵਿੱਚ ਬਰਾਜ਼ੀਲ ਅਤੇ ਅਰਬ ਦੇਸ਼ ਕਤਰ। ਸਾਡਾ ਆਪਣਾ ਤਾਂ ਇਹ ਹਾਲ ਹੈ ਕਿ ਸੌ-ਸੌ ਦੇ ਨੋਟ ਅਸੀਂ ਨਕਾਰਾ ਚਿਣਗਾਂ ਸੁਲਗਾਉਣ ਲਈ ਫੂਕੀ ਜਾ ਰਹੇ ਹਾਂ। ਭੂਮੀਗਤ ਪਾਣੀ ਦੀ ਅਸੀਂ ਲਾਪਰਵਾਹੀ ਨਾਲ ਇੰਜ ਵਰਤੋਂ ਕਰ ਰਹੇ ਹਾਂ, ਮਾਨੋਂ ਇਸ ਦੇ ਅਮੁੱਕ ਭੰਡਾਰ ਹਨ ਅਤੇ ਇਸ ਦੀ ਭਰਪਾਈ ਸਾਧਾਰਨ ਗੱਲ ਹੈ। ਦਰਅਸਲ, ਸਥਿਤੀ ਇਸ ਦੇ ਬਿਲਕੁਲ ਉਲਟ ਹੈ। ਇਸ ਪਾਣੀ ਦੇ ਸੀਮਿਤ ਭੰਡਾਰ ਹਨ ਜਿਸ ਦੀ ਭਰਪਾਈ ਵੀ ਸੰਭਵ ਨਹੀਂ। ਤੇਜ਼ੀ ਨਾਲ ਉਭਰਦੀ ਆ ਰਹੀ ਭੂਮੀਗਤ ਪਾਣੀ ਦੀ ਘਾਟ ਨੇ ਪੰਜਾਬ ਦਾ ਮੂੰਹ-ਮੱਥਾ ਅਵੇਰ ਨਹੀਂ, ਅੱਜ-ਭਲਕ ਹੀ ਝੁਲਸਣਾ ਆਰੰਭ ਕਰ ਦੇਣਾ ਹੈ। ਜਿਸ ਫ਼ਸਲ ਨੂੰ ਉਗਾਉਣ ਲਈ ਅਸੀਂ ਜ਼ਮੀਨ ਹੇਠਲਾ ਪਾਣੀ ਖੁੱਲ੍ਹ ਕੇ ਵਰਤ ਰਹੇ ਹਾਂ, ਉਸ ਦਾ ਸਾਡੇ ਰਸੋਈ-ਘਰਾਂ ਨਾਲ ਵਿਸ਼ੇਸ਼ ਸਬੰਧ ਵੀ ਨਹੀਂ। ਉਂਜ ਵੀ ਭੂਮੀ ਹੇਠਲਾ ਪਾਣੀ ਸਿੰਜਾਈ ਪੱਖੋਂ ਨਹਿਰ ਅਤੇ ਵਰਖਾ ਦੇ ਪਾਣੀ ਨਾਲੋਂ ਘਟੀਆ ਹੈ। ਨਹਿਰ ਦੇ ਪਾਣੀ 'ਚ ਫ਼ਸਲਾਂ ਲਈ ਬਹੁਤ ਕੁਝ ਲੋੜੀਂਦਾ ਘੁਲਿਆ ਹੁੰਦਾ ਹੈ ਅਤੇ ਆਕਾਸ਼ੋਂ ਡਿੱਗਦੇ ਪਾਣੀ 'ਚ ਚਮਕਦੀ ਬਿਜਲੀ ਸਦਕਾ ਨਾਈਟ੍ਰੇਟ ਰਲੇ ਹੁੰਦੇ ਹਨ। ਨਾਈਟ੍ਰੋਜਨ ਬਿਨਾਂ ਪ੍ਰੋਟੀਨਾਂ ਦੀ ਰਚਨਾ ਸੰਭਵ ਨਹੀਂ। ਵਾਯੂਮੰਡਲ ਅੰਦਰ ਹਾਲਾਂਕਿ 80 ਫ਼ੀਸਦੀ ਦੇ ਲਗਭਗ ਨਾਈਟ੍ਰੋਜਨ ਹੈ, ਪਰ ਪੌਦੇ ਇਸ ਨਾਈਟ੍ਰੋਜਨ ਨੂੰ ਆਪਣੇ ਅੰਦਰ ਸਮੋ ਸਕਣ ਯੋਗ ਨਹੀਂ। ਵਾਯੂਮੰਡਲ ਅੰਦਰਲੀ ਨਾਈਟ੍ਰੋਜਨ ਨੂੰ ਪੌਦਿਆਂ ਲਈ ਉਪਯੋਗੀ ਆਕਾਸ਼ 'ਚ ਚਮਕਦੀ ਬਿਜਲੀ ਬਣਾ ਰਹੀ ਹੈ ਅਤੇ ਜਾਂ ਫਿਰ ਫਲੀਦਾਰ ਪੌਦਿਆਂ ਦੀਆਂ ਜੜ੍ਹਾਂ 'ਚ ਘਰ ਕਰੀ ਬੈਠੇ ਸੂਖ਼ਮ ਜੀਵ। ਸਾਡੇ ਕਾਸ਼ਤੀ ਪ੍ਰਚਲਣ 'ਚ ਤਾਂ ਸਗੋਂ ਇਨ੍ਹਾਂ ਪਾਣੀਆਂ ਅਤੇ ਫਲੀਦਾਰ ਫ਼ਸਲਾਂ ਦਾ ਦਖ਼ਲ ਲਗਾਤਾਰ ਘਟਦਾ ਜਾ ਰਿਹਾ ਹੈ। ਇਹ ਵੀ ਇੱਕ ਕਾਰਨ ਹੈ ਕਿ ਕਿਸਾਨ ਰਸਾਇਣਕ ਖਾਦਾਂ ਦੀ ਵਰਤੋਂ ਉਪਰ ਵਧੇਰੇ ਨਿਰਭਰ ਹਨ।

ਸਾਡੀ ਕਾਸ਼ਤ ਰਸਾਇਣਕ ਖਾਦਾਂ ਉਪਰ ਹੀ ਨਹੀਂ, ਕੀਟਨਾਸ਼ਕਾਂ ਉਪਰ ਵੀ ਲੋੜ ਤੋਂ ਵੱਧ ਨਿਰਭਰ ਹੈ। ਅਜਿਹਾ ਇਸ ਲਈ ਹੈ ਕਿਉਂਕਿ ਵੱਧ ਝਾੜ ਲੈਣ ਲਈ ਅਸੀਂ ਰਵਾਇਤੀ ਫ਼ਸਲਾਂ ਦਾ ਤਿਆਗ ਕਰੀ ਬੈਠੇ ਹਾਂ ਅਤੇ ਹੁਣ ਬੇਰੜੀਆਂ ਫ਼ਸਲਾਂ ਉਗਾਉਣ ਉਪਰ ਸਾਡਾ ਜ਼ੋਰ ਹੈ। ਇਹ ਫ਼ਸਲਾਂ ਕੀਟਨਾਸ਼ਕਾਂ ਅਤੇ ਰਸਾਇਣਕ ਖਾਦਾਂ ਦੀ ਵਰਤੋਂ ਬਿਨਾਂ ਨਾ ਫੈਲਦੀਆਂ ਹਨ ਅਤੇ ਨਾ ਫਲਦੀਆਂ ਹਨ। ਇਸ ਪ੍ਰਚਲਣ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਅਸੀਂ ਜੋ ਵੀ ਖਾ ਰਹੇ ਹਾਂ ਉਹ ਘੱਟ ਪੌਸ਼ਟਿਕ ਹੈ, ਕੀਟਨਾਸ਼ਕੀ ਛਟ ਕਾਰਨ ਵਿਸ਼ੈਲਾ ਹੈ ਅਤੇ ਸੁਆਦ ਰਹਿਤ, ਫਿਕਲਾ ਹੈ। ਅਜਿਹੀ ਪ੍ਰਸਥਿਤੀ ਨਾਲ ਨਿਭਦੇ ਰਹਿਣ ਲਈ ਅੱਜ ਸਭ ਮਜਬੂਰ ਹਨ: ਕਿਸਾਨ ਆਪਣੀ ਥਾਵੇਂ, ਸਰਕਾਰ ਆਪਣੀ ਥਾਵੇਂ ਅਤੇ ਉਪਭੋਗਤਾ ਆਪਣੀ ਥਾਵੇਂ। ਸਾਡੇ ਦੇਸ਼ 'ਚ ਕਿਸੇ ਨੂੰ ਵੀ ਦੇਸ਼ ਵਾਸੀਆਂ ਦੀ ਭੁਰਦੀ ਜਾ ਰਹੀ ਸਰੀਰਕ ਅਤੇ ਮਾਨਸਿਕ ਅਰੋਗਤਾ ਬਾਰੇ ਚਿੰਤਾ ਕਰਨ ਦੀ ਫੁਰਸਤ ਨਹੀਂ। ਇਸੇ ਕਾਰਨ ਦੇਸ਼ ਵਿੱਚ ਅੱਜ ਦਾਣਿਆਂ ਨਾਲੋਂ ਦਵਾਈਆਂ ਦੀ ਮੰਗ ਵਧ ਰਹੀ ਹੈ ਅਤੇ ਦਵਾਈਆਂ ਤਜਵੀਜ਼ ਕਰਨ ਵਾਲਿਆਂ ਦੀ ਗਿਣਤੀ ਵੀ ਦਿਨ ਦੂਣੀ ਅਤੇ ਰਾਤ ਚੌਗਣੀ ਵਧ ਰਹੀ ਹੈ। ਫ਼ੈਜ਼ ਅਹਿਮਦ ਫ਼ੈਜ਼ ਅਨੁਸਾਰ: ਨਿਸਾਰ ਤੇਰੀ ਗਲੀਓਂ ਕੇ ਐ ਵਤਨ ਕਿ ਜਹਾਂ/ ਬਨੇਂ ਹੈਂ ਅਹਿਲ-ਏ-ਹਵਸ ਮੁਦੱਈ ਭੀ, ਮੁਨਸਿਫ ਭੀ/ ਕਿਸੇ ਵਕੀਲ ਕਰੇਂ, ਕਿਸ ਸੇ ਮੁਨਸਫੀ ਚਾਹੇਂ,
ਖ਼ੈਰ, ਦਿਨ ਹਨ, ਕਿਵੇਂ ਨਾ ਕਿਵੇਂ ਲੰਘੀ ਜਾ ਰਹੇ ਹਨ।

# ਕੋਹੇਨੂਰ ਅਤੇ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਦੀ ਭਾਰਤ ਵਾਪਸੀ ’ਚ ਮਹਾਰਾਜਾ ਰਣਜੀਤ ਸਿੰਘ ਦੇ ਅਖੌਤੀ ਵਾਰਸ ਡਾਹ ਰਹੇ ਨੇ ਅੜਿੱਕੇ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸਿੱਖ ਰਾਜ ਦੀ ਬਹੁਮੁੱਲੀ ਧਰੋਹਰ ਕੋਹੇਨੂਰ ਹੀਰੇ ਸਮੇਤ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਨੂੰ ਭਾਰਤ ਮੰਗਵਾਉਣ ਹਿੱਤ ਸ਼ੁਰੂ ਕੀਤੀਆਂ ਕਾਰਵਾਈਆਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਕਥਿਤ ਵਾਰਸਾਂ ਵਲੋਂ ਵੱਡੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ। ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਇੰਗਲੈਂਡ ਤੋਂ ਮੰਗਵਾ ਕੇ ਅੰਮ੍ਰਿਤਸਰ ਵਿਖੇ ਸਿੱਖ ਰਹੁ-ਰੀਤਾਂ ਅਨੁਸਾਰ ਸਸਕਾਰ ਉਪਰੰਤ ਯਾਦਗਾਰ ਬਣਾਉਣ ’ਤੇ ਸ਼ੇਰ-ਏ-ਪੰਜਾਬ ਦੀਆਂ ਬਹੁਮੁੱਲੀਆਂ ਵਸਤਾਂ ਇੰਗਲੈਂਡ ਤੋਂ ਮੰਗਵਾਉਣ ਲਈ ਯਤਨਸ਼ੀਲ ਸੁਖਦੇਵ ਸਿੰਘ ਸੰਧਾਵਾਲੀਆ ਨੇ ਇਸ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਬੇਅੰਤ ਸਿੰਘ ਸੰਧਾਵਾਲੀਆ ਦੇ ਪੜਦਾਦਾ ਠਾਕੁਰ ਸਿੰਘ ਸੰਧਾਵਾਲੀਆ ਵਲੋਂ ਮਹਾਰਾਜਾ ਦਲੀਪ ਸਿੰਘ ਨੂੰ ਅੰਮ੍ਰਿਤ ਛਕ ਕੇ ਸਿੱਖ ਸਜਣ ਲਈ ਪ੍ਰੇਰਿਤ ਕਰਨ ’ਤੇ ਮਹਾਰਾਜੇ ਨੇ 9 ਮਾਰਚ 1866 ਨੂੰ ਪੱਤਰ ਲਿਖ ਕੇ ਖੁਦ ਅੰਮ੍ਰਿਤ ਛਕਣ ਦੀ ਇੱਛਾ ਜ਼ਾਹਿਰ ਕੀਤੀ ਸੀ। ਉਨ੍ਹਾਂ ਦੱਸਿਆ ਕਿ ਠਾਕੁਰ ਸਿੰਘ ਦੇ ਦਿਹਾਂਤ ਬਾਅਦ ਉਨ੍ਹਾਂ ਦੇ ਪੁੱਤਰ ਗੁਰਦਿੱਤ ਸਿੰਘ ਵਲੋਂ ਮਹਾਰਾਜਾ ਨੂੰ ਪੰਜਾਬ ਲਿਆਉਣ ਦੀ ਮੁਹਿੰਮ ਜਾਰੀ ਰੱਖੀ ਗਈ। ਸੁਖਦੇਵ ਸਿੰਘ ਅਨੁਸਾਰ ਮਹਾਰਾਜਾ ਦਲੀਪ ਸਿੰਘ ਨੇ ਗੁਰਦਿੱਤ ਸਿੰਘ ਨੂੰ ਅਤੇ ਉਨ੍ਹਾਂ ਦੇ ਦਿਹਾਂਤ ਬਾਅਦ ਉਨ੍ਹਾਂ ਦੀ ਸ਼ਹਿਜ਼ਾਦੀ ਸੋਫ਼ੀਆ ਨੇ ਗੁਰਦਿੱਤ ਸਿੰਘ ਦੇ ਪੁੱਤਰ ਪ੍ਰੀਤਮ ਸਿੰਘ ਸੰਧਾਵਾਲੀਆ ਨੂੰ ਆਪਣਾ ਮੁਤਬੰਨਾ ਬਣਾਇਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਬੇਅੰਤ ਸਿੰਘ ਸੰਧਾਵਾਲੀਆ ਨੇ ਸਾਲ 1997 ’ਚ ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈਥ ਦੀ ਅੰਮ੍ਰਿਤਸਰ ਫੇਰੀ ਦੌਰਾਨ ਮੁਲਾਕਾਤ ਕਰਕੇ ਕੋਹੇਨੂਰ ਹੀਰਾ ਤੇ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਭਾਰਤ ਨੂੰ ਸਾਪੇ ਜਾਣ ਲਈ ਮੰਗ ਪੱਤਰ ਦਿੱਤਾ ਸੀ। ਸ.ਸੁਖਦੇਵ ਸਿੰਘ ਸੰਧਾਵਾਲੀਆ ਨੇ ਕਿਹਾ ਕਿ ਜਿਸ ਤਰ੍ਹਾਂ ਗਿਆਨੀ ਜ਼ੈਲ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਰਹਿੰਦਿਆਂ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰ ਕੇ ਸ਼ਹੀਦ ਊਧਮ ਸਿੰਘ ਤੇ ਮਦਨ ਲਾਲ ਢੀਂਗਰਾ ਦੀਆਂ ਅਸਥੀਆਂ ਇੰਗਲੈਂਡ ਤੋਂ ਸਨਮਾਨ ਸਹਿਤ ਭਾਰਤ ਮੰਗਵਾਈਆਂ ਸਨ, ਉਸੇ ਪ੍ਰਕਾਰ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਾਰਵਾਈ ਕਰ ਕੇ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਤੇ ਸਿੱਖ ਰਾਜ ਦੀਆਂ ਹੋਰ ਕੀਮਤੀ ਵਸਤਾਂ ਭਾਰਤ ਮੰਗਵਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਮਹਾਰਾਜਾ ਦੇ ਇਨ੍ਹਾਂ ਕਥਿਤ ਵਾਰਸਾਂ ਦੀਆਂ ਅਜਿਹੀਆਂ ਕਾਰਵਾਈਆਂ ਨਾਲ ਸਿੱਖ ਇਤਿਹਾਸ ’ਤੇ ਸਵਾਲੀਆ ਨਿਸ਼ਾਨ ਲੱਗਣ ਦੇ ਨਾਲ-ਨਾਲ ਕੋਹੇਨੂਰ ਦੀ ਭਾਰਤ ਵਾਪਸੀ ਵਿਚ ਵੱਡੀਆਂ ਮੁਸ਼ਕਲਾਂ ਖੜੀਆਂ ਹੋ ਸਕਦੀਆਂ ਹਨ। ਉਨ੍ਹਾਂ ਸਿੱਖ ਸੰਸਥਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਜਾਬ ਸਰਕਾਰ ਨੂੰ ਅਜਿਹੇ ਲੋਕਾਂ ਦੇ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ।



ਸ਼ਾਹੀ ਤਾਜ ਵਿਚ ਜੜੇ ਕੋਹੇਨੂਰ ਹੀਰੇ ਅਤੇ ਕਬਰਸਤਾਨ ’ਚ ਮਹਾਰਾਜਾ ਦਲੀਪ ਸਿੰਘ ਦੀ ਕਬਰ

# ਹਰਵਿੰਦਰ ਸਿੰਘ ਸਰਨਾ ਦੀ ਅਗਵਾਈ ਵਾਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਟਨਾ ਹਾਈ ਕੋਰਟ ਵਲੋਂ ਮੁੜ ਬਹਾਲ

**ਨਵੀਂ ਦਿੱਲੀ/ਬਿਊਰੋ ਨਿਊਜ਼:** ਪਟਨਾ ਸਾਹਿਬ ਕਮੇਟੀ ਦੇ ਵਿਵਾਦ ਸਬੰਧੀ ਮਾਮਲੇ ‘ਚ ਫ਼ੈਸਲਾ ਸੁਣਾਉਂਦੇ ਹੋਏ ਪਟਨਾ ਹਾਈ ਕੋਰਟ ਨੇ ਹਰਵਿੰਦਰ ਸਿੰਘ ਸਰਨਾ ਦੀ ਅਗਵਾਈ ਵਾਲੀ ਕਮੇਟੀ ਨੂੰ ਮੁੜ ਬਹਾਲ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦਿੱਲੀ ਵਲੋਂ ਪਟਨਾ ਹਾਈਕੋਰਟ ‘ਚ ਦਾਖ਼ਲ ਕੀਤੀ ਗਈ ਪਟੀਸ਼ਨ ‘ਤੇ ਸੁਣਵਾਈ ਕਰਦੇ ਹੋਏ ਹਾਈ ਕੋਰਟ ਨੇ ਜ਼ਿਲ੍ਹਾ ਸੈਸ਼ਨ ਜੱਜ ਦੇ 7 ਨਵੰਬਰ ਦੇ ਉਸ ਫ਼ੈਸਲੇ ਨੂੰ ਰੱਦ ਕਰ ਦਿੱਤਾ, ਜਿਸ ਫ਼ੈਸਲੇ ਰਾਹੀਂ ਹਰਵਿੰਦਰ ਸਿੰਘ ਸਰਨਾ ਦੀ ਅਗਵਾਈ ਵਾਲੀ ਕਮੇਟੀ ਨੂੰ ਹਟਾਉਣ ਦਾ ਫ਼ੈਸਲਾ ਸੁਣਾਇਆ ਗਿਆ ਸੀ। ਇਸ ਫ਼ੈਸਲੇ ਤੋਂ ਬਾਅਦ ਪਟਨਾ ਸਾਹਿਬ ਕਮੇਟੀ ਦਾ ਪ੍ਰਬੰਧ ਮੁੜ ਤੋਂ ਹਰਵਿੰਦਰ ਸਿੰਘ ਸਰਨਾ ਦੀ ਅਗਵਾਈ ਵਾਲੀ ਕਮੇਟੀ ਦੇ ਹੱਥਾਂ ‘ਚ ਆ ਗਿਆ ਹੈ ? ਦਰਅਸਲ 3 ਸਤੰਬਰ 2017 ਨੂੰ ਪ੍ਰਬੰਧਕ ਕਮੇਟੀ ਦੇ ਸਾਲਾਨਾ ਇਜਲਾਸ ਵਿਚ ਅਵਤਾਰ ਸਿੰਘ ਮੱਕੜ ਨੂੰ ਹਟਾ ਕੇ ਹਰਵਿੰਦਰ ਸਿੰਘ ਸਰਨਾ ਨੂੰ ਪ੍ਰਧਾਨ ਚੁਣ ਲਿਆ ਗਿਆ ਸੀ ਪਰ ਇਸ ਚੋਣ ਨੂੰ ਪਟਨਾ ਦੀ ਇਕ ਅਦਾਲਤ ‘ਚ ਚੁਣੌਤੀ ਦਿੱਤੀ ਗਈ ਤਾਂ ਜ਼ਿਲ੍ਹਾ ਸੈਸ਼ਨ ਜੱਜ ਨੇ ਪਟੀਸ਼ਨਕਰਤਾ ਦੇ ਹੱਕ ਵਿਚ ਫ਼ੈਸਲਾ ਸੁਣਾਉਂਦੇ ਹੋਏ 7 ਨਵੰਬਰ 2017 ਨੂੰ ਹਰਵਿੰਦਰ ਸਿੰਘ ਸਰਨਾ ਦੀ ਅਗਵਾਈ ਵਾਲੀ ਕਮੇਟੀ ਦੀ ਚੋਣ ਰੱਦ ਕਰਕੇ ਅਵਤਾਰ ਸਿੰਘ ਮੱਕੜ ਦੀ ਪੁਰਾਣੀ ਵਾਲੀ ਕਮੇਟੀ ਨੂੰ ਬਹਾਲ ਕਰ ਦਿੱਤਾ। ਜ਼ਿਲ੍ਹਾ ਅਦਾਲਤ ਦੇ ਇਸ ਫ਼ੈਸਲੇ ਨੂੰ ਸ਼੍ਰੋਮਣੀ ਅਕਾਲੀ ਦਲ ਦਿੱਲੀ ਵਲੋਂ ਹਾਈਕੋਰਟ ‘ਚ ਚੁਣੌਤੀ ਦਿੱਤੀ ਗਈ ਤਾਂ ਅਦਾਲਤ ਨੇ ਸਰਨਾ ਕਮੇਟੀ ਨੂੰ ਮੁੜ ਬਹਾਲ ਕਰ ਦਿੱਤਾ। ਕੋਰਟ ਦੇ ਫ਼ੈਸਲੇ ਨਾਲ ਬਾਦਲ ਦਲ ਨੂੰ ਵੱਡਾ ਝਟਕਾ ਲੱਗਾ ਹੈ, ਕਿਉਂਕਿ ਜਦੋਂ 7 ਨਵੰਬਰ ਨੂੰ ਜ਼ਿਲ੍ਹਾ ਅਦਾਲਤ ਨੇ ਹਰਵਿੰਦਰ ਸਿੰਘ ਸਰਨਾ ਕਮੇਟੀ ਦੀ ਚੋਣ ਰੱਦ ਕਰ ਦਿੱਤੀ ਸੀ ਤਾਂ ਬਾਦਲ ਦਲ ਆਗੂਆਂ ਵਲੋਂ ਸਰਨਾ ਦੇ 66 ਦਿਨ ਦੇ ਕਾਰਜਕਾਲ ਨੂੰ ਲੈ ਕੇ ‘ਦਿੱਲੀ-ਪਟਨਾ-ਦਿੱਲੀ-66 ਦਿਨ’ ਵਰਗੇ ਵਿਅੰਗ ਕੀਤੇ ਗਏ ਸਨ, ਪਰ ਸਰਨਾ ਧੜੇ ਨੂੰ ਵੀ ਅਕਾਲੀ ਦਲ (ਬਾਦਲ) ‘ਤੇ ਵਿਅੰਗ ਕਰਨ ਦਾ ਮੌਕਾ ਮਿਲ ਜਾਵੇਗਾ।

### ਸਰਨਾ ਵਲੋਂ ਸਵਾਗਤ

ਹਰਵਿੰਦਰ ਸਿੰਘ ਸਰਨਾ ਨੇ ਪਟਨਾ ਹਾਈਕੋਰਟ ਦੇ ਫ਼ੈਸਲੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਹਾਈਕੋਰਟ ਨੇ ਪੂਰੀ ਤਰ੍ਹਾਂ ਇਨਸਾਫ ਕਰਦੇ ਹੋਏ ਇਕ ਚੁਣੀ ਹੋਈ ਕਮੇਟੀ ਨੂੰ ਮੁੜ ਬਹਾਲ ਕੀਤਾ ਹੈ, ਜਿਸ ਨਾਲ ਸੰਗਤ ‘ਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਉਹ 22 ਨਵੰਬਰ ਨੂੰ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਪਟਨਾ ਸਾਹਿਬ ਜਾ ਰਹੇ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪਹਿਲਾਂ ਦੀ ਤਰ੍ਹਾਂ ਉਲੀਕੇ ਪ੍ਰੋਗਰਾਮ ਅਨੁਸਾਰ ਹੀ ਵੱਡੀ ਪੱਧਰ ਤੇ ਮਨਾਇਆ ਜਾਵੇਗਾ।







# Sir Speedy Tustin

*Printers to the Community*

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
Printed with your logo and info. One color, one location. Min. qty 1000
**19¢ each**

## Your Printed T-Shirts
White T-Shirts, 1 color screen printing in 1 position. Min Qty. 100
**Only $4.99**

## Your Printed Caps
1 color in 1 position. Min Qty. 100
**Only $4.99**

## Trip Envelopes Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



ਰਜਿੰਦਰ ਕੌਰ
ਫ਼ੋਨ: 98889-02339, 84271-12339

(ਭਾਗ- 27)

## ਆ ਜਾਓ - ਤੁਸੀਂ ਵੀ

ਅੱਜ ਬੀਜੀ ਭਾਪਾ ਜੀ ਨੇ ਅੰਮ੍ਰਿਤਸਰ ਜਾਣਾ ਹੈ - ਦੀਵਾਲੀ ਦੇਖਣ ਲਈ–

ਮੈਂ ਬੀਜੀ ਦੀ ਸ਼ਾਲ ਬੁਣ ਰਹੀ ਹਾਂ - ਸਲੇਟੀ ਰੰਗ ਦੀ - ਵਿਚ ਲਾਲ ਰੰਗ ਦੀ ਵੇਲ ਪਾਕੇ - ਸ਼ਾਲ ਲਗਭਗ ਸਿਰੇ ਲੱਗਣ ਵਾਲੀ ਹੈ ਪਰ ਗੱਲ ਤਾਂ ਉਹੋ - ਕਾਹਲੀ ਅੱਗੇ ਟੋਏ... ਜਿਵੇਂ ਕਿਵੇਂ ਸ਼ਾਲ ਪੂਰੀ ਕਰ ਬੀਜੀ ਹੋਰਾਂ ਨੂੰ ਤੋਰਦੇ ਹਾਂ - ਚਾਅ ਚਾਅ ਵਿਚ - ਚੀਜ - ਵਹੁਟੀ ਬਣਾ - ਅੰਮ੍ਰਿਤਸਰ - ਗੁਰੁ ਕਾ ਘਰ - ਧੰਨ ਭਾਗ... ਫੇਰ ਉਤੋਂ ਦੀਵਾਲੀ ਅੰਮ੍ਰਿਤਸਰ ਦੀ।

ਹੁਣ ਘਰ ਇੱਥੇ ਸਾਡੇ ਕੋਲ ਭਜਨ ਮਾਮਾ ਜੀ ਹਨ।

ਅਸੀਂ ਸਾਰੇ ਬਹੁਤ ਖੁਸ਼ ਹਾਂ - ਪਿੱਛੇ ਖੁੱਲ੍ਹ ਮਾਨਣ ਦੀ, ਮਨ–ਮਰਜ਼ੀਆਂ ਕਰਨ ਦੀ ਪੂਰੀ ਖੁਲ੍ਹ - ਭਜਨ ਮਾਮਾ ਜੀ ਵੀ ਤਾਂ ਅਰਾਮ ਨਾਲ ਸਾਡੇ ਨਾਲ ਹੀ ਮਿਲ ਜਾਂਦੇ ਹਨ - ਨਿਆਣਿਆਂ ਵਿਚ ਨਿਆਣੇ–ਉਂਜ ਵੀ ਬਹੁਤ ਹਸਮੁੱਖ ਸੁਭਾਅ ਹੈ, ਉਨ੍ਹਾਂ ਦਾ –

ਹੁਣ ਸਕੀਮਾਂ ਬਣਾਈਆਂ ਜਾਂਦੀਆ ਹਨ – ਕਿਵੇਂ ਇਸ ਸਮੇਂ ਦਾ ਇਸ ਆਜ਼ਾਦੀ ਦਾ, ਸਦ–ਉਪਯੋਗ ਕੀਤਾ ਜਾਏ – ਰੱਜ ਰੱਕ ਅਨੰਦ ਮਾਣਿਆ ਜਾਏ – ਅਜਿਹੇ ਦਿਨ ਕਿਹੜਾ ਰੋਜ਼ ਰੋਜ਼ ਆਉਂਦੇ ਹਨ – ਫਿਰ ਉਪਰੋਂ ਦੀਵਾਲੀ।

ਸਭ ਤੋਂ ਪਹਿਲਾਂ, ਉਹ ਜੋ ਪੈਸੇ ਜਾਣ ਵੇਲੇ, ਸਾਨੂੰ ਖਰਚਣ ਲਈ ਦੇ ਜਾਂਦੇ ਹਨ ਉਹ ਹੀ ਹੱਥਾਂ ਵਿਚ ਨਹੀਂ ਟਿਕ ਰਹੇ – ਸਲਾਹ ਕਰ – ਸਰਕਾਰੀ ਦੁਕਾਨ 'ਫੇਅਰ ਪਰਾਈਸ ਸ਼ਾਪ' (ਜੋ ਬਾਈ ਸੈਕਟਰ ਦੀ ਮਾਕਰੀਟ ਵਿ ਖੁੱਲ੍ਹੀ ਹੋਈ ਹੈ) ਤੋਂ ਆਂਡੇ ਖਰੀਦ ਕੇ ਲਿਆਉਂਦੇ ਹਾਂ – ਸ਼ਾਇਦ ਦੋ ਦੋ ਆਨੇ ਦਾ ਆਂਡਾ ਮਿਲ ਜਾਂਦਾ ਹੈ ਅੱਜ ਕੱਲ੍ਹ – ਉਬਾਲਦੇ ਹਾਂ, ਕੱਟਦੇ ਹਾਂ, ਲੂਣ ਮਿਰਚ ਲਾ – ਮਜ਼ੇ ਲੈ ਲੈ ਖਾਂਦੇ ਹਾਂ – ਉਂਜ ਕਿਹੜਾ ਆਮ ਮਿਲਦੇ ਹਨ ਘਰ ਵਿਚ ਆਂਡੇ ਸਾਨੂੰ – ਉਹ ਤਾਂ ਕਦੇ ਕਿਸੇ ਆਏ ਗਏ ਤੋਂ ਜਾਂ ਉੜਦੇ ਬੁੜਦੇ ਵਿਚ ਭੁਰਜੀ ਬਨਾਉਣ ਲਈ ਆਉਂਦੇ ਹਨ ਜਾਂ ਬੀਮਾਰੀ ਠਿਮਾਰੀ ਵੇਲੇ ਦਰਸ਼ਨ ਹੁੰਦੇ ਹਨ ਉਨ੍ਹਾਂ ਦੇ – ਆਮ ਨਹੀਂ।

ਹੁਣ ਮਾਮਾ ਜੀ ਨਾਲ ਸਲਾਹ ਕਰਦੇ ਹਾਂ – ਗਜਰੇਲਾ ਬਨਾਉਣ ਦੀ – ਸਿੰਦਰ ਮੋਹਣ ਪਰਾਤ ਲੈ ਗਾਜਰਾਂ ਕਦੂਕਸ਼ ਕਰਨ ਬੈਠ ਜਾਂਦੇ ਹਨ – ਤੇ ਮੈਂ ਅੰਗੀਠੀ ਤੇ ਤਾਂਬੇ ਦਾ ਵੱਡਾ ਪਤੀਲਾ (ਜੋ ਨਹਾਉਣ ਦੇ ਪਾਣੀ ਗਰਮ ਕਰਨ ਦੇ ਕੰਮ ਆਉਂਦਾ ਹੈ) ਅੱਧਿਓਂ ਵੱਧ ਪਾਣੀ ਦਾ ਭਰ ਅੰਗੀਠੀ ਤੇ ਧਰ ਦਿੰਦੀ ਹਾਂ – ਬਹੁਤ ਸਾਰਾ ਗਜਰੇਲਾ ਬਣੇਗਾ – ਰੱਜ ਰੱਜ ਖਾਵਾਂਗੇ – ਅੱਜ ਕਿਹੜਾ ਕੋਈ ਰੋਕ ਟੋਕ ਹੈ।

ਗਾਜਰਾਂ ਕੱਦੂਕਸ਼ ਹੋਈ ਜਾਂਦੀਆਂ ਹਨ, ਪਤੀਲੇ ਵਿਚ ਪਈਆਂ ਜਾਂਦੀਆਂ ਹਨ – ਅੰਗੀਠੀ ਮੱਧਮ ਹੁੰਦੀ ਹੈ – ਸਰੀਏ ਨਾਲ ਸਵਾਹ ਝਾੜ ਹੋਰ ਕੇਰੀ ਦੇ ਗੋਲੇ ਪਾ ਦਿੱਤੇ ਜਾਂਦੇ ਹਨ – ਹੁਣ ਲਗਭਗ ਦਿਹਾੜੀ ਪਾਰ – ਗਾਜਰਾਂ ਤਾਂ ਮੱਛੀਆਂ ਵਾਂਗ ਤੈਰਦੀਆਂ ਫਿਰਦੀਆਂ ਹਨ, ਇਸ ਹਿੰਦ ਮਹਾਂ ਸਾਗਰ ਵਿਚ – ਹੁਣ ਕੀ ਕੀਤਾ ਜਾਏ – ਸੋਚਦੇ ਹਾਂ ਸਮਝ ਕਿਸੇ ਨੂੰ ਨਹੀਂ ਆ ਰਹੀ – ਗਲਤੀ ਕਿੱਥੇ ਹੋਈ ਹੈ –

ਸਬਰ ਟੁੱਟ ਜਾਂਦਾ ਹੈ–ਬਾਟੀਆਂ ਭਰ–ਭਰ ਸ਼ੱਕਰ ਪਾ ਦਿੱਤੀ ਜਾਂਦੀ ਹੈ – ਚੀਨੀ ਨਹੀਂ – ਚੀਨੀ ਦਾ ਖੈਂਤਕਾਲ ਕੌਣ ਕਰੇ – ਡੱਬੇ ਦੀ ਸਾਰੀ ਚੀਨੀ ਪਾ ਕੇ ਵੀ ਕੁਝ ਨਹੀਂ ਬਨਣਾ – ਫੇਰ ਬੀਜੀ ਨੂੰ ਜੁਆਬ ਕੌਣ ਦੇਵੇਗਾ – ਚੋਰੀ ਵੀ ਤਾਂ ਪਕੜੀ ਜਾਏਗੀ – ਸ਼ੱਕਰ ਦਾ ਕੀ ਹੈ ਪੀਪਾ ਭਰਿਆ ਪਿਆ ਹੈ – ਇਕ ਦੋ ਬਾਟੀਆਂ ਨਾਲ ਕੀ ਪਤਾ ਲੱਗਣਾ ਹੈ।

ਚਲੋ, ਗਜਰੇਲਾ ਨਹੀਂ ਤਾਂ ਉਸ ਦਾ ਭਾਈ ਹੀ ਸਹੀ – ਬਾਟੀਆਂ ਭਰ ਭਰ ਗਾਜਰਾਂ ਦਾ ਸ਼ਰਬਤ ਪੀਤਾ ਜਾ ਰਿਹਾ ਹੈ – ਰੱਜ ਰੱਜ ਢਿੱਡ ਪਾੜ ਪਾੜ – ਹੱਸ ਹੱਕ ਕੇ – ਗਜਰੇਲਾ ਸਮਝ ਕੇ ਖਾਧਾ ਜਾ ਰਿਹਾ।

ਬਹੁਤ ਖਾਧੇ ਹੋਣਗੇ ਗਜਰੇਲੇ – ਪਰ ਅਜਿਹਾ ਗਜਰੇਲਾ ਨਾ ਪਹਿਲਾਂ ਕਦੇ ਨਾ ਬਾਅਦ ਵਿਚ ਕਿਸੇ ਨਹੀਂ ਖਾਧਾ ਹੋਣਾ – ਸਾਡੇ ਵਿਚੋਂ ਵੀ ਕਿਸੇ ਨੇ ਨਹੀਂ – ਪਰ ਮੈਂ ਤਾਂ ਅੱਜ ਵੀ ਖਾ ਰਹੀ ਹਾਂ – ਹੁਣ ਵੀ – ਉਸੇ ਸਵਾਦ ਨਾਲ – ਉਸੇ ਮਜ਼ੇ ਨਾਲ – ਆ ਜਾਓ....ਤੁਸੀਂ ਵੀ....।

## ਜ਼ਰਦ ਕਟੋਰੀ ਵਿਸ ਭਰੀ

ਤਈਆ 'ਮਲੇਰੀਆ' ਬੁਖਾਰ – ਸ਼ਿਮਲੇ ਤੋਂ ਇੱਥੇ ਆ ਕੇ ਵੀ ਮੈਨੂੰ ਕਈ ਦਿਨ ਚੜ੍ਹਦਾ ਰਹਿੰਦਾ ਹੈ–

ਦਵਾਈਆਂ ਦੇ ਨਾਲ ਨਾਲ (ਸ਼ਿਮਲੇ) ਭਾਈ ਗੁਪਾਲ ਸਿੰਘ ਜੀ ਕੋਲੋਂ 'ਤਈਏ' ਬੁਖ਼ਾਰ ਦੀ ਸਾਖੀ ਵੀ ਸੁਣਦੀ ਹਾਂ, ਕਿਸੇ ਦੇ ਕਹੇ – ਬਾਂਦਰਾਂ ਨੂੰ ਗੁੜ ਚਣੇ ਵੀ ਖੁਆਉਂਦੀ ਹਾਂ ਪਰ ਬੁਖਾਰ ਕੀ – ਉਹ ਤਾਂ ਉਤਰਨ ਦਾ ਨਾਮ ਹੀ ਨਹੀਂ ਲੈ ਰਿਹਾ – ਜੇ 'ਅੱਜ' ਬਿਲਕੁਲ ਠੀਕ ਹਾਂ ਤਾਂ ਅਗਲੇ ਦਿਨ ਐਨ ਉਸੀ ਵਕਤ ਆ ਧਮਕਦਾ ਹੈ – ਇਹ ਅਣਚਾਹਿਆ, ਬਿਨ ਬੁਲਾਇਆ ਮਹਿਮਾਨ – ਜਿਵੇਂ ਇਹਨੇ ਕਿਸੇ ਡਿਊਟੀ ਤੇ ਪੁੱਜਣਾ ਹੁੰਦਾ ਹੋਵੇ।

ਚੰਡੀਗੜ੍ਹ – ਸੈਕਟਰ ਬਾਈ ਦੀ ਮਾਰਕੀਟ ਪਿੱਛੇ ਇਕ ਸਰਕਾਰੀ ਡਿਸਪੈਂਸਰੀ ਹੈ – "ਟੈਨ–ਟਾਈਪ" ਦੇ ਸਰਕਾਰੀ ਘਰਾਂ ਦੇ ਨੁੱਕਰ ਵਾਲੇ ਘਰ ਵਿਚ – ਗੁਰਦੁਆਰੇ ਸਾਹਿਬ ਵਾਲੇ ਪਾਸੇ (ਸੱਚ ਮੈਂ ਦੱਸ ਦਿਆਂ, ਗੁਰਦੁਆਰੇ ਦੀ ਅਜੇ ਕੋਈ ਇਮਾਰਤ ਨਹੀਂ ਬਣੀ ਹੋਈ ਬਸ ਇਕ ਪਾਸੇ ਕਰਕੇ ਇਕ ਤੰਬੂ ਵਿਚ ਬੀੜ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ)

ਹੁਣ ਇੱਥੇ ਡਿਸਪੈਂਸਰੀ ਤੋਂ ਜੋ ਮੈਨੂੰ ਦਵਾਈ ਮਿਲਦੀ ਹੈ ਉਹ ਨਿਰੀ ਪਾਣੀ ਵਰਗੀ – ਪਾਣੀ–ਰੰਗੀ – ਹੈ ਜੋ – ਇਕ ਸ਼ੀਸ਼ੀ ਵਿਚ ਪਾ ਉੱਤੇ ਖੁਰਾਕਾਂ ਦੀ ਕਿ ਚੇਪੀ ਲਾ ਦੇ ਦਿੰਦਾ ਹੈ – ਕੰਪੌਡਰ ਮੈਨੂੰ। ਪਰ ਪੀਣ ਵਿਚ ਨਿਰੀ ਕੌੜੀ ਜ਼ਹਿਰ (ਸ਼ਾਇਦ ਘੁਲੀ ਹੋਈ ਕੁਨੀਨ ਹੁੰਦੀ ਹੈ ਇਹ – ਜਿਹਾ ਮੈਂ, ਤਾਇਆ ਜੀ ਨੂੰ ਗੱਲਾਂ ਕਰਦੇ ਸੁਣਿਆ ਹੈ)। ਇਸ ਮੁਸੀਬਤ ਤੋਂ ਬਚਣ ਲਈ ਹੁਣ ਮੈਨੂੰ ਇਕ ਤਰਕੀਬ ਸੁਝਦੀ ਹੈ – ਮੈਂ ਡਿਸਪੈਂਸਰੀ ਤੋਂ ਬਾਹਰ ਆ ਦਵਾਈ ਡੋਲ ਦਿੰਦੀ ਹਾਂ – ਲੁੱਕ–ਲੁੱਕ ਕੇ – ਬਾਹਰ ਲੱਗੇ ਸਰਕਾਰੀ ਨਲਕੇ ਤੋਂ ਪਾਣੀ ਭਰ ਲੈਂਦੀ ਹਾਂ – ਸਿੱਟਾ – ਪਾਣੀ ਪੀ –ਕਾਹਨੂੰ ਮੰਨਦਾ ਹੈ ਇਹ ਮਹੀਨਿਆਂ ਬੱਧਾ, ਘਰ ਟਿਕਿਆ, ਮਹਿਮਾਨ ਰੋਗ ਜਿਓਂ ਦਾ ਤਿਓਂ (ਇਹ ਰੋਗ ਮੇਰੀ ਜ਼ਿੰਦਗੀ ਦੀਆਂ ਭੋਗੀਆਂ ਲੰਮੀਆਂ ਬੀਮਾਰੀਆਂ ਵਿਚੋਂ ਇਕ ਹੈ)।



ਹੁਣ ਬਹੁਤ ਕਮਜ਼ੋਰ ਹੋ ਗਈ ਹਾਂ ਮੈਂ – ਕਿ ਅਚਾਨਕ ਇਕ ਦਿਨ ਬਾਊ ਜੀ (ਡਾਕਟਰ ਤਾਇਆ ਜੀ) ਆ ਜਾਂਦੇ ਹਨ ਮਿਲਣ – ਮਿਲਣ ਕੀ ਮੇਰਾ ਦੁੱਖ ਦੂਰ ਕਰਨ – ਹੁਣ ਜੋ ਦਵਾਈ ਉਹ ਦਿੰਦੇ ਹਨ – ਉਸ ਨਾਲ ਰਾਜੀ ਹੁੰਦੀ ਹਾਂ ਮੈਂ– ਉਂਜ ਨਿੱਕੀਆਂ ਮੋਟੀਆਂ ਬੀਮਾਰੀਆਂ ਦੀ ਰੋਕਥਾਮ ਤਾਂ ਆਮ ਹੁੰਦੀ ਰਹਿੰਦੀ ਹੈ ਸਾਡੇ ਘਰ –

ਹਰ ਬਰਸਾਤ ਵਿਚ (ਸ਼ਿਮਲੇ) ਪੰਜੀਰੀ ਬਣਦੀ ਹੈ 'ਚਾਸਕੂ' (ਖੂਸਾਫ਼ ਕਰਨ ਦੀ ਦੇਸੀ ਦਵਾਈ) ਦੀ – ਤੇ ਇੱਥੇ ਵੀ ਸਵੇਰੇ ਸਵੇਰੇ ਘੋਟ ਘੋਟ ਕੇ ਪਿਲਾਈਆਂ ਜਾਂਦੀਆਂ ਹਨ – ਨਿੰਮ ਦੀਆਂ ਨਿਮੋਲੀਆਂ – ਜ਼ਬਰਦਸਤੀ – ਹੱਥ ਫੜ ਨੱਕ ਘੁੱਟ – ਉਤਾਰ ਦਿੱਤਾ ਜਾਂਦਾ ਹੈ ਦਾਰੂ ਦਾ ਚਮਚਾ, ਸੰਘ ਵਿਚ – ਸਾਰੇ ਨਿਆਣਿਆਂ ਦੇ ਵਾਰੋ ਵਾਰੀ – ਸਾਹ ਘੁੱਟੋ – ਧੁੜਧੜੀ ਆਏ – ਜਾਨ ਜਾਏ – ਪੀਣਾ ਹੀ ਪੀਣਾ ਪੈਂਦਾ ਹੈ ਇਹ ਅੰਮ੍ਰਿਤ – ਜਲ – ਨਿਤ ਨੇਮ ਵਾਂਗ ਕਈ ਕਈ ਦਿਨ – ਤੇ ਐਧਰ ਰਾਤ ਨੂੰ ਸੌਣ ਵੇਲੇ ਦੋ–ਦੋ ਮੰਜੇ ਜੋੜ ਮੱਛਰ ਦਾਨੀ 'ਚ ਕੈਦ ਕਰ ਦਿੱਤਾ ਜਾਂਦਾ – ਸਾਨੂੰ ਸਾਰਿਆਂ ਨੂੰ – ਆਸੇ ਪਾਸੇ ਵੱਡੇ ਵੱਡੇ ਬਖਸੂਏ ਜੜ – ਸੌਣ ਤੋਂ ਪਹਿਲਾਂ ਪੁਗਾਉਂਦੇ ਹਨ, ਇਹ ਨਿਤਨੇਮ – ਭਾਪਾ ਜੀ।

ਉਂਜ ਵੇਲੇ ਕੁਵੇਲੇ ਹਰ ਤਰ੍ਹਾਂ ਦੇ ਬਚਾਓ ਦੇ ਸਾਰੇ ਸਾਧਨ ਕੀਤੇ ਜਾਂਦੇ ਹਨ ਸਾਡੇ ਘਰ–ਦਾਰੂ ਬੂਟੀ ਤੋਂ ਲੈ ਟੀਕੇ ਲਾਉਣ ਤੱਕ – ਸ਼ਰਬਤ, ਸੋਢੇ – ਸਿਰਕੇ ਠੰਡਿਆਈਆਂ ਜਟਾਉਣ ਤੱਕ।

ਪਰ ਫੇਰ ਵੀ ਕਦੇ ਨਾ ਕਦੇ ਕਿਤੇ ਨਾ ਕਿਤੇ ਸਾਡੇ 'ਚੋਂ ਕੋਈ ਨਾ ਕੋਈ ਨੱਕ ਮੂੰਹ ਰਗੜਦਾ ਹੀ ਰਹਿੰਦਾ ਹੈ – ਢਿੱਡ ਦਰਦ ਜਾਂ ਸਿਰ ਦਰਦ, ਖਾਂਸੀ ਖੰਘ, ਪੇਚਸ, ਮਰੋੜ, ਅੱਖ, ਕੰਨ, ਨੱਕ–ਦੰਦ – ਕਿਸੇ ਨਾ ਕਿਸੇ ਦੀ ਚੂਲ ਵਿੰਗੀ ਹੋਈ ਹੀ ਰਹਿੰਦੀ ਹੈ – ਲੱਖ ਸਾਵਧਾਨੀਆਂ ਕਰਨ 'ਤੇ ਵੀ – ਉਂਜ ਕਦੇ ਕਦੇ ਇਨ੍ਹਾਂ ਸਭਨਾਂ ਰੋਗਾਂ ਦਾ ਇਕੋ ਇਕ ਸੌਖਾ ਤੇ ਸਧਾਰਨ ਨੁਸਖਾ ਵੀ ਹੈ ਭਾਪਾ ਜੀ ਕੋਲ – ਵੇਲੇ ਕੁਵੇਲੇ ਨੂੰ ਸਾਂਭਣ ਲਈ – (ਉਨ੍ਹਾਂ ਦੇ ਭਾਣੇ) 'ਹੱਥ ਹੌਲੇ ਕਰਨਾ ਜਾਂ ਝਾੜਾ ਦੇਣਾ'–

ਭਾਪਾ ਜੀ ਨੇ ਲਾਹੌਰ ਰਹਿ ਕੇ ਕਿਸੇ ਮੌਲਵੀ ਕੋਲੋਂ ਸਿੱਖੀ ਹੈ ਇਹ ਵਿਦਿਆ – ਉਹਦੀ ਟਹਿਲ ਸੇਵਾ ਤੇ ਮੁੱਠੀ ਚਾਪੀ ਕਰਕੇ – ਤੇ ਕਦੇ ਕਦੇ ਰਾਤਾਂ ਨੂੰ ਮੜ੍ਹੀਆਂ ਮਸਾਣਾਂ ਵਿਚ ਜਾ ਜਾ ਕੇ ਵੀ – ਖ਼ਾਸ ਕਰ ਭੂਤਾਂ ਚੁੜੇਲਾਂ ਨੂੰ ਕੱਢਣਾ – ਰੂਹਾਂ ਨਾਲ ਗੱਲਾਂ ਕਰਨਾਂ ਵੀ – ਜੋ ਇਕ ਦੋ ਵਾਰ ਸਾਨੂੰ ਵੀ ਮੌਕਾ ਮਿਲਿਆ ਹੈ – ਦੇਖਣ ਦਾ ਸੁਨਣ ਦਾ –

ਇਕ ਵਾਰੀ ਜਟਾਣੇ ਤਾਇਆ ਜੀ ਦੀ ਧੀ ਜਸਵੰਤ ਦੇ ਵਿਆਹ 'ਤੇ ਇਕ ਵਾਰ ਖਰੜ ਮਿੰਦਰ ਬਾਈ ਦੇ ਵਿਆਹ 'ਤੇ –

ਅਕਸਰ ਤੋਜੋ ਬੂਆ ਨੂੰ 'ਕਸਰ' ਹੋ ਜਾਂਦੀ ਹੈ – ਦਮਸਿਕੜ ਪੈਣ ਨਾਲ ਬੇਹੋਸ਼ ਹੋ ਜਾਂਦੀ ਹੈ ਉਹ – ਕਹਿੰਦੇ ਹਨ ਉਨ੍ਹਾਂ ਅੰਦਰ ਉਨ੍ਹਾਂ ਦੀ ਅੰਮਾ (ਮਾਂ) ਦੀ ਰੂਹ ਆ ਜਾਂਦੀ ਹੈ – ਹੁਣ ਬੂਆ ਬੇਹੋਸ਼ ਪਈ ਹੈ। ਬੀਜੀ ਮੈਨੂੰ ਗੁਟਕਾ ਲੈ ਪਾਠ ਕਰਨ ਨੂੰ ਕਹਿੰਦੇ ਹਨ – ਮੈਂ ਜਪੁਜੀ ਦਾ ਪਾਠ ਕਰਦੀ ਹਾਂ, ਬੀਜੀ ਦੇ ਓਹਲੇ ਹੋ ਡਰਦੀ ਡਰਦੀ – ਅਵਾਜ਼ ਸੁਣ ਨਾਲ ਦੀ ਮੰਜੀ 'ਤੇ ਬੇਹੋਸ਼ ਪਈ ਬੂਆ ਮੈਨੂੰ ਝਈਆਂ ਲੈ ਲੈ ਪੈਂਦੀ ਹੈ "ਚੁੱਪ ਕਰ ਕੁੜੀਏ, ਰੌਲਾ ਨਾ ਪਾ ਬਹੁਤਾ।" ਮੈਂ ਡਰ ਜਾਂਦੀ ਹਾਂ – ਇਹ ਅਵਾਜ਼ ਬੂਆ ਦੀ ਨਹੀਂ ਅੰਮਾਂ ਦੀ ਹੈ – ਹੋਰ ਕੋਈ ਹੈ ਨਹੀਂ ਇੱਥੇ – ਆਦਮੀ ਤਾਂ ਸਾਰੇ ਜੰਨ ਨਾਲ ਗਏ ਹੋਏ ਹਨ – ਸਿਆਣੇ ਨੂੰ ਬੁਲਾ – ਬੂਆ ਨੂੰ ਹੋਸ਼ ਵਿਚ ਲਿਆਂਦਾ ਜਾਂਦਾ ਹੈ।

ਅਗਲੇ ਦਿਨ ਰਾਤ ਨੂੰ ਫੇਰ ਬੂਆ ਉਸੇ ਹਾਲਤ ਵਿਚ ਆ ਜਾਂਦੀ ਹੈ – ਹੁਣ ਭਾਪਾ ਜੀ ਜੰਨ ਤੋਂ ਵਾਪਸ ਆ ਜਾਂਦੇ ਹਨ (ਸੱਚ ਮੈਂ ਦੱਸ ਦਿਆਂ ਇਨ੍ਹਾਂ ਦਿਨਾਂ ਵਿਚ ਤਿੰਨ ਤਿੰਨ ਦਿਨ ਰਹਿੰਦੀ ਹੈ ਬਰਾਤ) – ਗਰਮੀਆਂ ਦੇ ਦਿਨ ਸਭ ਕੋਠੇ 'ਤੇ ਮੰਜੀਆਂ 'ਤੇ ਬੈਠੇ ਹਨ – ਹੁਣ ਹੁੰਦੀਆਂ ਹਨ ਭਾਪਾ ਜੀ ਦੇ ਬੂਆ (ਅੰਮਾ) ਨਾਲ ਸਿੱਧੀਆਂ ਗੱਲਾਂ – ਉਹ ਆਪਣਾ ਇਲਮ ਆਪਣਾ ਓਹੜ ਪੋਹੜ ਕਰਦੇ ਹਨ – ਕੱਚਾ – ਨਿੱਚਲੇ ਦਾ ਧਾਗਾ, ਚਾਕੂ, ਕੋਰਾ ਕੁੱਜਾ, ਮੇਖਾਂ, ਪਤਾਸੇ ਹੋਰ ਪਤਾ ਨੀ ਕੀ ਕੀ ਲੈ ਕੇ – ਆਖਿਰ ਉਹ ਰੂਹ ਬੂਆ ਨੂੰ ਛੱਡ ਤੁਰ ਜਾਣਾ ਮੰਨ ਲੈਂਦੀ ਹੈ। ਭਾਪਾ ਜੀ ਪੁੱਛਦੇ ਹਨ "ਕੀ ਨਿਸ਼ਾਨੀ ਦੇ ਕੇ ਜਾਏਗੀ ਜੋ ਸਾਨੂੰ ਪਤਾ ਲੱਗੇ ਕਿ ਤੂੰ ਚਲੇ ਗਈ।"

"ਅੱਛਾ ਔਹ ਸੁੱਤੇ ਪਏ ਕੁੱਤੇ ਦੇ ਕੰਨ ਖਿੱਚ ਜਾਈਂ" – ਭਾਪਾ ਜੀ।

"ਨਹੀਂ, ਨਹੀਂ ਉਹ ਤਾਂ ਮੈਨੂੰ ਵੱਢੂਗਾ।" –ਅੰਮਾ।

"ਚੰਗਾ ਫਿਰ ਉਹ ਦਰਵਾਜ਼ਾ ਖੋਲ੍ਹ ਜਾਈਂ।"

"ਜਾਂ ਉਸ ਬੋਹੜ ਦਾ ਟਾਹਣ ਤੋੜ ਜਾਈਂ"

–ਤੇ ਸਿਲਸਿਲਾ ਜਾਰੀ ਰਹਿੰਦਾ ਹੈ –

ਪਰ ਅਸੀਂ ਜੋ ਸਾਰੇ ਤਮਾਸ਼ਬੀਨ ਬਣੀ ਬੈਠੇ ਹਾਂ ਹੁਣ ਆਪਣੀਆਂ ਆਪਣੀਆਂ ਮੰਜੀਆਂ 'ਤੇ – ਹੱਸ ਹੱਸ ਸਾਡੇ ਸਾਰਿਆਂ ਦੇ ਢਿੱਡ ਦੁਖਣ ਲੱਗ ਜਾਂਦੇ ਹਨ –

ਇਉਂ ਰੂਹਾਂ ਆਉਂਦੀਆਂ ਵੀ ਰਹਿੰਦੀਆਂ ਤੇ ਜਾਂਦੀਆਂ ਵੀ – ਲਗਦੀ ਰਹਿੰਦੀ ਹੈ ਇਸ ਤਰ੍ਹਾਂ ਦੇ ਮਨੋਰੰਜਨ ਦੀ ਝੜੀ ਵੀ – ਕਦੇ ਨਾ ਕਦੇ ਕਿਤੇ ਨਾ ਕਿਤੇ –

ਫੇਰ ਜਦ ਕਦੀ ਖੇਡਾਂ ਖੇਡਦੇ ਕਿਸੇ ਨਿਆਣੇ ਨੂੰ ਭਿੰਡ ਲੜ ਜਾਂਦੀ ਜਾਂ ਦੰਦਈਆਂ ਜਾਂ ਕਦੀ ਅਚਾਨਕ ਕੰਨ ਪੇੜੇ ਨਿਕਲ ਆਉਂਦੇ ਤੇ ਮੂੰਹ ਸੁੱਜ ਕੇ ਭੜੋਲਾ ਹੋ ਜਾਂਦਾ – ਤਾਂ ਬੈਠ ਜਾਂਦੇ ਭਾਪਾ ਜੀ ਹੱਥ–ਹੌਲਾ ਕਰਨ – ਕਦੀ ਦੰਦਲ ਦਾਤੀ ਲੈ ਕਦੀ ਨਿੰਮ ਦੇ ਪੱਤੇ ਲੈ – ਤੇ ਕਦੀ ਮੋਰ ਦੇ ਖੰਭ – ਉਂਗਲੀ ਫੇਰ ਫੇਰ – ਮੰਤਰ ਪੜ੍ਹ ਪੜ੍ਹ – ਫੂਕਾਂ ਮਾਰ ਮਾਰ – ਕਰਦੇ ਸਾਡੇ 'ਹੱਥ ਹੌਲੇ' – ਦਿਨ ਵਿਚ ਨੂੰ ਦੋ ਦੋ ਤਿੰਨ ਤਿੰਨ ਵਾਰ – ਕਦੀ ਅਸੀਂ ਰਾਜ਼ੀ ਹੋ ਵੀ ਜਾਂਦੇ ਕਦੀ ਨਾ ਵੀ – ਤੇ ਮਗਰੋਂ ਵੰਡਾਉਂਦੇ ਸਾਡੇ ਕੋਲੋਂ ਪੰਜ ਪੈਸੇ ਦੇ ਪਤਾਸੇ – ਕਦੀ ਗੁਰਦੁਆਰੇ – ਕਦੀ ਘਰ – ਪਰ ਸਾਡੇ ਲਈ ਇਹ ਇਕ ਖੇਡ ਤੋਂ ਵੱਧ ਕੁਝ ਨਾ ਹੁੰਦਾ – ਨਾਲੇ ਸਕੂਲ ਨਾ ਜਾਣ ਦਾ ਸਭ ਤੋਂ ਵਧੀਆ ਬਹਾਨਾ –

ਭਾਪਾ ਜੀ ਸਾਨੂੰ ਇਹ ਵੀ ਦਸਦੇ ਹਨ, ਕਿ ਉਨ੍ਹਾਂ ਕੋਲ ਤਾਂ ਇਕ ਮੰਤਰ ਅਜਿਹਾ ਵੀ ਹੈ ਜੋ ਘਾਹ ਪੱਠਾ ਚਰਦਿਆਂ ਡੰਗਰਾਂ ਨੂੰ ਬਰੂ ਜਾਂ ਸੰਭਾਲੂ (ਜ਼ਹਿਰੀਲਾ ਘਾਹ) ਖਾ ਜਾਣ ਤੇ ਜ਼ਹਿਰ ਚੜ੍ਹ ਜਾਏ ਤਾਂ ਉਹ ਠੀਕ ਕਰ ਸਕਦੇ ਹਨ –

ਹੁਣ ਅਸੀਂ ਸਾਰੇ ਨਿਆਣੇ ਡਾਕਟਰ ਬਨਣ ਦੇ ਚਾਹਵਾਨ – ਭਾਪਾ ਜੀ ਤੋਂ ਲਿਖ ਲਿਖ ਇਹ ਮੰਤਰ ਸਿੱਖ ਲੈਂਦੇ ਹਨ – ਕਵਿਤਾਵਾਂ ਵਾਂਗ ਰਟ ਰਟ ਕੇ – ਪੜ੍ਹਦੇ ਹਾਂ, ਸੁਣਦੇ ਹਾਂ – ਸੁਣਾਉਂਦੇ ਹਾਂ – ਤੇ ਆਪਣੀ ਜਾਚੇ ਮੌਕੇ ਦੀ ਤਾੜ ਵਿਚ ਵੀ ਰਹਿੰਦੇ ਹਾਂ – ਅਜ਼ਮਾਉਣ ਲਈ ਵੀ – ਹੁਣ ਸਾਡੇ ਕੋਲ ਵੀ ਇਲਮ ਹੈ – ਇਲਾਜ ਹੈ –

ਭਿੰਡ ਦੇ ਡੰਗ ਲਈ –
ਜ਼ਰਦ ਕਟੋਰੀ ਵਿਸ ਭਰੀ
ਵਿਸ ਦੀ ਬੰਨ੍ਹਾ ਡੋਰ
ਭਿੰਡ ਦੰਦਈਆ ਜੇ ਲੜੇ –
ਘਿੰਡੀ ਧਰਾਂ ਮਰੋੜ।
ਡੰਗਰਾਂ ਲਈ –
ਬਰੂ ਸੰਭਾਲੂ ਛੱਪਰ–ਬੰਨਾ
ਛੱਡ ਦੇ ਬਰੂਆ
ਸਾਡੀਆਂ ਗਊਆਂ
ਲਾਲ ਬੈਲ ਘਾਹ ਚਰੇਂਦੇ
ਬਾਣੀ ਗੁਰੂ ਨਾਨਕ ਸਾਹਿਬ ਦੀ
ਸੇਵਾ ਤਾਂ ਸਿੱਖ ਦੀ।

## ਸਾਇਕਲ ਤੇ ਭਾਪਾ ਜੀ

ਚੰਡੀਗੜ੍ਹ ਆ – ਸਭ ਤੋਂ ਪਹਿਲਾਂ ਭਾਪਾ ਜੀ ਸਾਇਕਲ ਲੈਂਦੇ ਹਨ – ਲੈਂਦੇ ਕੀ ਆਪ ਬਣਾਉਂਦੇ ਹਨ – ਆਪਣੀ ਮਰਜ਼ੀ ਦਾ ਆਪਣੀ ਪਸੰਦ ਦਾ –

ਪਾਣੀਪਤ ਗਏ 'ਦੌਰੇ' 'ਤੇ ਕਲ–ਪੁਰਜੇ ਸਭ ਖਰੀਦ ਲਿਆਏ ਫਰੇਮ ਸਣੇ – ਤੇ ਤਿਆਰ ਕਰ ਲਿਆ ਸਾਇਕਲ – ਉਂਜ ਕੁਝ ਨਾ ਪੁੱਛੋ ਉਨ੍ਹਾਂ ਦੀ – 'ਹਰਫਨ ਮੌਲਾ' ਹਨ – ਕੀ ਹੈ ਜੋ ਉਹ ਆਪ ਨਹੀਂ ਕਰ ਲੈਂਦੇ – ਹਰ ਤਰ੍ਹਾਂ ਦੇ ਸੰਦ ਹਨ ਘਰ ਉਨ੍ਹਾਂ ਕੋਲ – ਮੋਚੀ ਦਾ ਤਿਗੁੜੀਆ (ਸਟੈਂਡ) ਪਤਾ ਨਹੀਂ ਕਿਥੋਂ ਲਿਆ ਰੱਖਿਆ ਹੈ – ਲੁਹਾਰਾ, ਤਖਾਣਾ, ਜ਼ਿੰਮੀਦਾਰਾ, ਰਾਜਗਿਰੀ, ਦਰਜੀਪੁਣਾ – ਕਲੀ ਕੂਚੀ ਤੋਂ ਲੈ ਭਾਂਡੇ ਕਲੀ ਕਰਨ ਤਕ – ਜਿਵੇਂ ਸਾਰੇ ਕਿੱਤਿਆਂ ਵਿਚ ਮਾਹਰ ਹੋਣ ਉਹ – ਹਰ ਕੰਮ ਦੀ ਜੁਗਤ ਹੈ ਉਨ੍ਹਾਂ ਕੋਲ।

ਕਹਾਣੀਆਂ ਸੁਣਾਉਂਦੇ ਸਾਨੂੰ, ਰਾਤ ਰਾਤ ਜੇਡੀਆਂ ਲੰਮੀਆਂ – ਪੰਜ ਫੂਲਾਂ ਰਾਣੀ–ਅਲਫ ਲੈਲਾ – ਦਿਓ ਪਰੀਆਂ ਦੀਆਂ ਬਾਤਾਂ ਤੋਂ ਲੈ ਸ਼ਿਵ–ਪਾਰਬਤੀ ਤੱਕ – ਸਾਰੇ ਕਿੱਸੇ ਕਹਾਣੀਆਂ – ਖਾਸਰ ਕਰਕ ਜਦੋਂ ਮਾਮਾ ਜੀ ਹੋਰੀਂ ਜਾਂ ਮਾਸੀ ਜੀ ਹੋਰੀਂ ਆ ਜਾਂਦੇ – ਫੇਰ ਬਾਤਾਂ ਪਾਉਂਦਿਆਂ ਹੀ ਬੀਤਦੀਆਂ ਹਨ – ਉਨ੍ਹਾਂ ਦੀਆਂ ਰਾਤਾਂ – ਭਾਵੇਂ ਗਰਮੀਆਂ ਹੋਣ ਭਾਵੇਂ ਸਰਦੀਆਂ – ਮੂੰਗਫਲੀ ਚੱਬਦਿਆਂ, ਗੰਨੇ ਚੂਪਦਿਆਂ ਬੈਠੇ ਰਹਿੰਦੇ ਹਨ, ਆਪਣੇ ਆਪਣੇ ਮੰਜਿਆਂ 'ਤੇ – ਕਈ ਕਈ ਘੰਟੇ – ਹੱਸਦੇ ਖੇਡਦੇ ਜ਼ਿੰਦਗੀ ਜੀਉਂਦੇ, ਜ਼ਿੰਦਗੀ ਨੂੰ ਟਿੱਚਰਾਂ ਕਰਦੇ ਗੁਜ਼ਰਦੇ – ਇਹ ਪਲ – ਤੇ ਜੇਬਾਂ ਭਰ ਜਾਂਦੀਆਂ ਸਾਡੇ ਨਿਆਣਿਆਂ ਦੀਆਂ – ਇਨ੍ਹਾਂ ਅਮੁੱਲ ਖਜ਼ਾਨਿਆਂ ਨਾਲ।

ਬਹੁਤੇ ਕੀ – ਮਾੜੇ ਮੋਟੇ ਹੀ ਪੜ੍ਹੇ ਹੋਏ ਹਨ ਭਾਪਾ ਜੀ – ਮਾੜੀ ਮੋਟੀ ਗੁਰਮੁਖੀ, ਉਰਦੂ–ਅੱਖਰ ਠਾਲਣ ਜੋਗੀ ਅੰਗਰੇਜ਼ੀ ਵੀ – ਭਾਪਾ ਜੀ ਨੇ ਕਿਸੇ ਕਾਪੀ ਦੇ ਪੰਨੇ ਕੱਟ ਕੱਟ ਅੰਗਰੇਜ਼ੀ ਦੀ ਡਿਕਸ਼ਨਰੀ ਆਪ ਬਣਾਈ ਹੋਈ ਹੈ – ਜੋ ਨਵੇਂ ਸ਼ਬਦ

ਬਾਕੀ ਸਫ਼ਾ 33 'ਤੇ

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
ON THE AIR
# Punjabi RADIO USA
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**



# KHALSA
## INSURANCE AGENCY, INC.
**Khalsa Insurance Agency is among TOP 50 agencies of Blue Cross in USA.**

Anthem BlueCross
2014 ACE INDIVIDUAL
CHAMPION LEVEL
In recognition and appreciation of your outstanding sales performance in 2013
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

# 408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

## ਲੁਟੇਰਾ ਪੰਜਾਬੀ ਹੀ ਨਿਕਲਿਆ ਸਿੱਖ ਨੌਜਵਾਨ ਦਾ ਕਾਤਲ

**ਫਰਿਜ਼ਨੋਂ/ਬਿਊਰੋ ਨਿਊਜ਼:**
ਫਰੈਜ਼ਨੋ ਦੇ ਨੇੜ੍ਹਲੇ ਮਡੇਰਾ ਸ਼ਹਿਰ ਦੇ ਬਾਹਰਵਾਰ ਪੈਟਰੋਲ ਪੰਪ ਵਾਲੇ ਸਟੋਰ 'ਤੇ ਕੰਮ ਕਰਦੇ 21 ਸਾਲਾਂ ਦੇ ਪੰਜਾਬੀ ਨੌਜਵਾਨ ਧਰਮਪ੍ਰੀਤ ਸਿੱਖ ਜੱਸੜ ਨੂੰ ਗੋਲੀਆਂ ਮਾਰ ਕੇ ਕਤਲ ਕਰਨ ਦਾ ਦੋਸ਼ੀ ਇੱਕ ਪੰਜਾਬੀ ਨੌਜਵਾਨ ਹੀ ਨਿਕਲਿਆ ਜਿਹੜਾ ਸਟੋਰ



'ਚੋਂ ਸਿਗਰਟਾਂ ਤੇ ਹੋਰ ਸਮਾਨ ਚੋਰੀ ਕਰਨ ਆਇਆ ਸੀ। ਕਾਊਂਟੀ ਸ਼ੈਰਿਫ (ਸਥਾਨਕ ਪੁਲੀਸ) ਨੇ ਕਤਲ ਦੇ ਦੋਸ਼ ਹੇਠ 20 ਵਰ੍ਹਿਆਂ ਦੇ ਅੰਮ੍ਰਿਤਰਾਜ ਅਠਵਾਲ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਦਾ ਕਹਿਣਾ ਕਿ ਅਠਵਾਲ ਦੇ ਸਾਥੀ ਦੀ ਭਾਲ ਵੀ ਕੀਤੀ ਜਾ ਰਹੀ ਹੈ। ਫਰਿਜ਼ਨੋ ਕਾਊਂਟੀ ਦੇ ਡਿਪਟੀ ਸ਼ੈਰਿਫ ਬਿਲ ਵਾਰਡ ਤੇ ਬੁਲਾਰੇ ਜੇ ਵਰਨੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਪੁਲੀਸ ਨੂੰ ਅੰਮ੍ਰਿਤਰਾਜ ਅਠਵਾਲ 'ਤੇ ਸ਼ੱਕ ਸੀ ਅਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਹੋਰ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਪੁਲੀਸ ਅਨੁਸਾਰ ਉਸ ਦੀ ਕਾਰ ਕਬਜ਼ੇ 'ਚ ਲੈ ਲਈ ਗਈ ਹੈ ਅਤੇ ਤਲਾਸ਼ੀ ਦੌਰਾਨ ਉਸ 'ਚੋਂ ਕਈ ਅਹਿਮ ਸਬੂਤ ਮਿਲੇ ਹਨ। ਪੁਲੀਸ ਬੁਲਾਰੇ ਨੇ ਦੱਸਿਆ ਕਿ ਮੁਖੌਟੇ ਪਹਿਣੇ ਦੋ ਵਿਅਕਤੀਆਂ ਨੇ ਰਾਤ 11:00 ਵਜੇ ਸਟੋਰ 'ਚ ਕਾਉਟਰ 'ਤੇ ਖੜ੍ਹੇ ਧਰਮਪ੍ਰੀਤ ਸਿੰਘ ਉਤੇ ਬੰਦੂਕ ਤਾਣ ਕੇ ਸਭ ਕੁਝ ਦੇਣ ਲਈ ਕਿਹਾ ਸੀ। ਧਰਮਪ੍ਰੀਤ ਵੱਲੋਂ ਲੁਟੇਰਿਆਂ ਦੀ ਪਛਾਣ ਕਰ ਲਏ ਜਾਣ ਕਰਕੇ ਅਠਵਾਲ ਨੇ ਉਸ 'ਤੇ ਚਾਰ ਗੋਲੀਆਂ ਚਲਾ ਦਿੱਤੀਆਂ ਜਿਨ੍ਹਾਂ 'ਚੋਂ ਇਕ ਜੱਸੜ ਦੇ ਮੱਥੇ 'ਚ ਲੱਗੀ ਜੋ ਜਾਨਲੇਵਾ ਬਣੀ।

## ਜਪਾਨ ਵਿਚ ਰੇਲ ਗੱਡੀ 20 ਸਕਿੰਟ ਪਹਿਲਾਂ ਚੱਲੀ !

### *ਰੇਲਵੇ ਨੇ ਲੋਕਾਂ ਤੋਂ ਮੰਗੀ ਮਾਫ਼ੀ*



**ਟੋਕੀਓ/ਬਿਊਰੋ ਨਿਊਜ਼:** ਸੰਸਾਰ ਭਰ ਵਿਚ ਨੇਮ ਪਾਲਣਾ ਲਈ ਜਾਣੇ ਜਾਂਦੇ ਜਪਾਨ ਵਿਚ ਰੇਲ ਗੱਡੀ ਦੇ ਮਿੱਥੇ ਸਮੇਂ ਤੋਂ ਮਾਮੂਲੀ ਫਰਕ ਨਾਲ ਪਹਿਲਾਂ ਜਾਂ ਬਾਅਦ ਵਿਚ ਚੱਲਣ ਨੂੰ ਕਿੰਨੀ ਗੰਭੀਰਤਾ ਨਾਲ ਲਿਆ ਜਾਂਦਾ ਹੈ ਉਸ ਦੀ ਇਕ ਤਾਜਾ ਮਿਸਾਲ ਉਸ ਵੇਲੇ ਸਾਹਮਣੇ ਆਈ ਜਦੋਂ ਇਕ ਗੱਡੀ ਦੇ ਮਹਿਜ਼ 20 ਸਕਿੰਟ ਪਹਿਲਾਂ ਚੱਲ ਪੈਣ 'ਤੇ ਰੇਲਵੇ ਦਾ ਸੰਚਾਲਨ ਕਰਦੀ ਕੰਪਨੀ ਨੇ ਜਨਤਕ ਤੌਰ 'ਤੇ ਮਾਫੀ ਮੰਗੀ।
ਬੀਤੇ ਦਿਨੀਂ ਟੋਕੀਓ ਨੂੰ ਜਾਣ ਵਾਲੀ ਸੁਕੁਬਾ ਐਕਸਪ੍ਰੈਸ ਰੇਲ ਗੱਡੀ ਮਿਆਮੀ ਨਾਗੇਅਰਯਾਮਾ ਸਟੇਸ਼ਨ ਤੋਂ 9 ਵੱਜ ਕੇ 44 ਮਿੰਨਟ ਅਤੇ 40 ਸਕਿੰਟ ਦੀ ਬਜਾਏ 9 ਵੱਜ ਕੇ 44 ਮਿੰਨਟ ਅਤੇ 20 ਸਕਿੰਟ ਉੱਤੇ ਚੱਲ ਪਈ। ਗੱਡੀ ਦੇ ਪਹਿਲਾਂ ਚੱਲ ਪੈਣ ਦੀ ਨਾ ਤਾਂ ਕਿਸੇ ਨੇ ਸ਼ਿਕਾਇਤ ਕੀਤੀ ਅਤੇ ਨਾ ਹੀ ਕਿਸੇ ਸਵਾਰੀ ਦੀ ਗੱਡੀ ਖੁੰਝੀ ਪਰ ਫਿਰ ਵੀ ਰੇਲ ਦਾ ਸੰਚਾਲਨ ਕਰਨ ਵਾਲਿਆਂ ਨੇ ਇਸ 'ਉਕਾਈ' ਲਈ ਬਕਾਇਦਾ ਮਾਫੀ ਮੰਗੀ। ਰੇਲਵੇ ਕੰਪਨੀ ਨੇ ਕਿਹਾ ਕਿ ਮਸਲਾ 20 ਸਕਿੰਟ ਦਾ ਨਹੀਂ ਹੈ, ਮਸਲਾ ਇਹ ਹੈ ਕਿ ਇਸ ਉਕਾਈ ਨਾਲ ਤੈਅਸ਼ੁਦਾ ਜ਼ਾਬਤੇ ਦੀ ਉਲੰਘਣਾ ਹੋਈ ਹੈ। ਜਪਾਨੀ ਰੇਲ ਸੇਵਾ ਜਿੰਨੀ ਪੇਚੀਦਗੀ ਨਾਲ ਭਾਰੀ ਵਸੋਂ ਵਾਲੇ ਇਲਾਕਿਆਂ ਵਿਚ ਸੇਵਾ ਕਰਦੀ ਹੈ ਉਸ ਵਿਚ ਛੋਟੀ ਜਿਹੀ ਉਕਾਈ ਦੀ ਵੀ ਗੁੰਜ਼ਾਇਸ਼ ਨਹੀਂ ਛੱਡੀ ਜਾ ਸਕਦੀ ਕਿਉਂਕਿ ਇਸ ਨਾਲ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 102ਵੇਂ ਸ਼ਹੀਦੀ ਦਿਵਸ ਮੌਕੇ ਮਹਾਨ ਦੇਸ਼ ਭਗਤਾਂ ਦੀ ਕੁਰਬਾਨੀ ਨੂੰ ਸਿਜਦਾ ਕੀਤਾ

## ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦੇ ਸੱਦੇ ਉੱਤੇ ਗਦਰ ਮੈਮੋਰੀਅਲ ਸਾਨਫਰਾਂਸਿਸਕੋ ਵਿਖੇ ਸਮਾਗਮ





**ਸਾਨਫਰਾਂਸਿਸਕੋ/ਬਿਊਰੋ ਨਿਊਜ਼:** ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦੇ ਉੱਦਮ ਸਦਕਾ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 102ਵਾਂ ਸ਼ਹੀਦੀ ਦਿਨ ਗਦਰ ਮੈਮੋਰੀਅਲ ਸਾਨਫਰਾਸਿਸਕੋ ਵਿਖੇ ਭਾਰੀ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ। ਲੱਗਭੱਗ 102 ਸਾਲ ਪਹਿਲਾਂ ਸਰਦਾਰ ਕਰਤਾਰ ਸਿੰਘ ਸਰਾਭਾ ਨੇ 19 ਸਾਲ ਦੀ ਚੜ੍ਹਦੀ ਜਵਾਨੀ ਦੀ ਉਮਰੇ ਆਪਣੇ 6 ਹੋਰ ਸਾਥੀਆਂ ਨਾਲ ਫਾਂਸੀ ਦਾ ਰੱਸਾ ਚੁੰਮ ਕੇ ਦੇਸ਼ ਲਈ ਕੁਰਬਾਨੀ ਦਿਤੀ ਸੀ। 16 ਨਵੰਬਰ 1915, ਨੂੰ ਲਾਹੌਰ ਜੇਲ੍ਹ ਵਿਚ ਉਨਾਂ ਦੇ ਨਾਲ ਫਾਂਸੀ ਚੜ੍ਹਣ ਵਾਲੇ ਮਹਾਨ ਦੇਸ਼ ਭਗਤਾਂ ਸ਼ਹੀਦ ਬਖਸ਼ੀਸ ਸਿੰਘ, ਸ਼ਹੀਦ ਸਰੈਣ ਸਿੰਘ (ਛੋਟਾ), ਸ਼ਹੀਦ ਸਰੈਣ ਸਿੰਘ (ਵੱਡਾ), ਸ਼ਹੀਦ ਹਰਨਾਮ ਸਿੰਘ, ਸ਼ਹੀਦ ਜਗਤ ਸਿੰਘ ਅਤੇ ਸ਼ਹੀਦ ਸ੍ਰੀ ਵਿਸ਼ਣੂ ਗਿਣੇਸ਼ ਪਿੰਗਲੇ ਯਾਦ ਕਰਨ, ਉਨ੍ਹਾਂ ਦੀ ਦੇਸ਼ ਭਗਤੀ ਅਤੇ ਲੋਕ ਪੱਖੀ ਸੋਚ ਪ੍ਰਤੀ ਵਚਨਬੱਧਤਾ ਦਰਸਾਉਣ ਲਈ 18 ਨਵੰਬਰ ਨੂੰ ਕਰਵਾਏ ਗਏ ਇਸ ਪ੍ਰੋਗਰਾਮ ਵਿਚ ਕੈਲੇਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਲੋਕਾਂ ਨੇ ਭਾਰੀ ਗਿਣਤੀ ਵਿਚ ਹਿਸਾ ਲਿਆ।
ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀਆਂ ਸਹਿਯੋਗੀ ਸੰਸਥਾਵਾਂ ਗਦਰ ਮੈਮੋਰੀਅਲ ਫਾਉਡੇਸ਼ਨ ਆਫ ਕੈਲੇਫੋਰਨੀਆਂ ਸੈਕਰਾਮੈਂਟੋ ਵਲੋਂ ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਹਰਪਾਲ ਸਿੰਘ ਮਾਨ, ਸਤਬੀਰ ਸਿੰਘ ਬਾਜਵਾ ਅਤੇ ਰਵਿੰਦਰ ਸਿੰਘ ਮਾਨ ਨੇ ਹਿਸਾ ਲਿਆ। ਇੰਡੋ ਅਮੈਰੀਕਨ ਦੇਸ਼ ਭਗਤ ਫਾਉਡੇਸ਼ਨ ਬੇ-ਏਰੀਆ ਵਲੋਂ ਪੰਕਜ ਆਂਸਲ ਆਪਣੇ ਸਾਥੀਆਂ ਨਾਲ ਪਹੁੰਚੇ। ਪ੍ਰੋਗਰਾਮ ਦੀ ਪ੍ਰਧਾਨਗੀ ਗੁਰਦੀਪ ਸਿੰਘ ਗਿਲ ਅਤੇ ਕੁਲਦੀਪ ਸਿੰਘ ਅਟਵਾਲ ਨੇ ਕੀਤੀ।
ਪ੍ਰੋਗਰਾਮ ਦੀ ਸ਼ੁਰੂਆਤ ਵਿਚ ਸਟੇਜ ਸੈਕਟਰੀ ਹਰਜਿੰਦਰ ਢੇਸੀ ਨੇ ਇਤਿਹਾਸਿਕ ਥਾਂ ਤੇ ਪਹੁੰਚੇ ਸਾਰੇ ਲੋਕਾਂ ਦਾ ਸਵਾਗਤ ਕਰਦਿਆਂ ਸ਼ਹੀਦਾ ਦੀ ਮਨੁਖਵਾਦੀ ਸੋਚ ਨੂੰ ਆਪਣੀ ਜਿੰਦਗੀ ਵਿਚ ਅਪਣਾਉਣ ਦਾ ਸੱਦਾ ਦਿਤਾ। ਇਸ ਪ੍ਰੋਗਰਾਮ ਵਿਚ ਕੌਂਸਲੇਟ ਜਨਰਲ ਸ੍ਰੀ ਵੈਕਟੇਸ਼ਨ ਅਸ਼ੋਕ ਅਤੇ ਕਮਿਉਨਟੀ ਮਸਲਿਆਂ ਦੇ ਕੌਂਸਲੇਟ ਸ੍ਰੀ ਵੈਂਕਟਾ ਰੱਮਨਾ ਖਾਸ ਤੌਰ ਤੇ ਸ਼ਾਮਲ ਹੋਏ। ਕੌਂਸਲੇਟ ਜਨਰਲ ਵੈਂਕਟੇਸ਼ਨ ਅਸ਼ੋਕ ਨੇ ਸਭ ਦਾ ਸਵਾਗਤ ਕਰਦਿਆਂ ਇਸ ਗੱਲ ਤੇ ਖੁਸ਼ੀ ਪਰਗਟ ਕੀਤੀ ਕਿ ਇੰਨੀ ਵੱਡੀ ਗਿਣਤੀ ਵਿਚ ਲੋਕੀ ਸ਼ਾਮਲ ਹੋਣ ਲਈ ਆਏ ਹਨ। ਉਨ੍ਹਾਂ ਨੇ ਅਜਿਹੇ ਪ੍ਰੋਗਰਾਮਾਂ ਲਈ ਕੌਂਸਲੇਟ ਆਫਸ ਵਲੋਂ ਭਰਪੂਰ ਸਹਿਯੋਗ ਦਾ ਵਾਅਦਾ ਵੀ ਕੀਤਾ। ਉਨ੍ਹਾਂ ਨੇ ਗਦਰ ਮੈਮੋਰੀਅਲ ਦੀ ਇਮਾਰਤ ਦੀ ਮੁੜ ਉਸਾਰੀ ਲਈ ਆਪਣੀਆਂ ਕੋਸ਼ਿਸ਼ਾਂ ਬਾਰੇ ਵੀ ਦੱਸਿਆ।
ਗੁਰਦੀਪ ਸਿੰਘ ਅਣਖੀ ਨੇ ਗਦਰ ਪਾਰਟੀ ਦੀਆ ਕੁਰਬਾਨੀਆਂ ਨੂੰ ਯਾਦ ਕਰਦਿਆਂ ਲੋਕਾਂ ਨੂੰ ਦੇਸ਼ ਦੀ ਏਕਤਾ ਅਖੰਡਤਾ ਅਤੇ ਮਨੁੱਖੀ ਆਜ਼ਾਦੀਆ ਦੀ ਰਾਖੀ ਲਈ ਅਗਾਹਵਧੂ ਸ਼ਕਤੀਆਂ ਦਾ ਸਾਥ ਦੇਣ ਦਾ ਸੱਦਾ ਦਿਤਾ।ਸ੍ਰ ਮਲਕੀਤ ਸਿੰਘ ਕਿੰਗਰਾ ਨੇ ਵੀ ਆਪਣੀ ਰੌਚਕ ਤਕਰੀਰ ਰਾਹੀ ਕਵਿਤਾਵਾਂ ਦੇ ਹਵਾਲੇ ਦੇ ਕੇ ਸੱਚੇ ਸੁਚੇ ਦੇਸ਼ ਭਗਤ ਪਰਵਾਨਿਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸੁਰਿੰਦਰ ਮੰਢਾਲੀ ਨੇ ਕੁਝ ਪਿਛਾਂਹਖਿਚੂ ਤਾਕਾਤਾਂ ਵਲੋਂ ਸ਼ਹੀਦਾਂ ਨੂੰ ਜਾਤਾਂ ਪਾਤਾਂ ਅਤੇ ਧਰਮਾ ਜਾਂ ਇਲਾਕਿਆਂ ਦੇ ਨਾਂ ਤੇ ਵੰਡਣ ਦੀ ਨਿਖੇਧੀ ਕੀਤੀ। ਹੋਰਨਾਂ ਬੁਲਾਰਿਆਂ ਵਿਚ ਅਮਰੀਕ ਸਿੰਘ ਕਾਨਕਰਡ, ਹਰਨੇਕ ਸਿੰਘ ਅਤੇ ਰੂਬਲ ਸਿੰਘ ਸ਼ਾਮਲ ਸਨ। ਬਹੁਤੇ ਬੁਲਾਰਿਆਂ ਨੇ ਭਾਰਤ ਵਿਚ ਘਟ ਗਿਣਤੀਆਂ 'ਤੇ ਹੋ ਰਹੇ ਹਮਲਿਆਂ ਤੇ ਚਿੰਤਾ ਵੀ ਪ੍ਰਗਟਾਈ ਅਤੇ ਲੋਕਾਂ ਨੂੰ ਸਮਾਜ ਵਿਰੋਧੀ ਤਾਕਤਾਂ ਪ੍ਰਤੀ ਚੌਕਸ ਰਹਿਣ ਦੀ ਅਪੀਲ ਕੀਤੀ।
ਪ੍ਰੋਗਰਾਮ ਦੀ ਸ਼ੁਰੂਆਤ ਵਿਚ ਲਾਲ ਚੰਦ ਜਮਲਾ ਦੀ ਗਾਇਕੀ ਨੂੰ ਪ੍ਰਣਾਏ ਗਾਇਕ ਰਾਜਿੰਦਰ ਸਿੰਘ ਬਰਾੜ ਨੇ ਦੇਸ਼ ਭਗਤੀ ਦੇ ਗੀਤਾਂ ਨਾਲ ਕੀਤੀ। ਰਣਜੀਤ ਜੋਤ ਨੇ ਵੀ ਆਪਣੀ ਬੁਲੰਦ ਆਵਾਜ ਵਿਚ ਯੋਧਿਆਂ ਦੀਆਂ ਵਾਰਾਂ ਗਾ ਕੇ ਸ਼ਹੀਦਾ ਨੂੰ ਸ਼ਰਧਾਜਲੀ ਭੇਟ ਕੀਤੀ। ਹਰਜੀਤ ਸਿੰਘ ਮਰਸਿਡ ਨੇ ਦੇਸ਼ ਭਗਤੀ ਦੇ ਅਤੇ ਸਮਾਜਿਕ ਸਰੋਕਾਰਾਂ ਨੂੰ ਪਰਣਾਏ ਆਪਣੇ ਲਿਖੇ ਹੋਏ ਗੀਤਾਂ ਰਾਹੀਂ ਸ਼ਰਧਾਂਜਲੀ ਭੇਟ ਕੀਤੀ। ਸ਼ਰਨਜੀਤ ਧਾਲੀਵਾਲ ਨੇ ਪੰਜਾਬ ਦੇ ਆਜ਼ਾਦੀ ਤੋਂ ਬਾਅਦ ਦੇ ਇਤਿਹਾਸ ਨੂੰ ਪ੍ਰਗਟਾਉਂਦੀ ਇਕ ਖੂਬਸੂਰਤ ਕਵਿਤਾ ਸੁਣਾਈ। ਕਰਤਾਰ ਸਿੰਘ ਕਰਮਨ ਨੇ ਵੀ ਇਕ ਕਵਿਤਾ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।
ਅਖੀਰ ਵਿਚ ਜਸਵੰਤ ਸਿੰਘ ਮਾਨ ਨੇ ਸ਼ਹੀਦਾਂ ਦੀ ਸੋਚ ਪ੍ਰਤੀ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀ ਵਚਨ ਵੱਧਤਾ ਨੂੰ ਦੁਹਰਾਇਆ। ਉਨਾਂ ਨੇ ਇਸ ਪ੍ਰੋਗਰਾਮ ਵਿਚ ਪਹੁੰਚੇ ਹੋਏ ਸਾਰੇ ਦੋਸਤਾਂ ਦਾ ਧੰਨਵਾਦ ਕੀਤਾ ਅਤੇ ਕੌਂਸਲੇਟ ਆਫਿਸ ਦੇ ਸਹਿਯੋਗ ਦੀ ਸਰਾਹਨਾ ਵੀ ਕੀਤੀ। ਚਾਹ ਪਾਣੀ ਦੀ ਸੇਵਾ ਨਵਦੀਪ ਸਿੰਘ ਧਾਲੀਵਾਲ, ਜਗਰੂਪ ਸਿੰਘ ਧਾਲੀਵਾਲ ਅਤੇ ਸੁਰਿੰਦਰ ਸਿੰਘ ਧਿੰਦ ਨੇ ਹੋਰ ਸਾਥੀਆਂ ਨਾਲ ਮਿਲ ਕੇ ਨਿਭਾਈ।

# ਸਿੱਖ ਭਾਈਚਾਰੇ ਵੱਲੋਂ ਕ੍ਰਿਸਮਿਸ ਮੌਕੇ ਲਿੰਨਜ਼ੀ 'ਚ ਲਾਇਆ ਜਾਵੇਗਾ ਲੰਗਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਲਿੰਨਜ਼ੀ ਸ਼ਹਿਰ 'ਚ ਬਣੇ ਲਾਖਨ ਫਾਰਮ 'ਤੇ ਸਿੱਖ ਭਾਈਚਾਰੇ ਵੱਲੋਂ ਇਕ ਮੀਟਿੰਗ ਕਰਕੇ 15 ਦਸੰਬਰ ਨੂੰ ਕ੍ਰਿਸਮਿਸ ਮੌਕੇ ਲੰਗਰ ਲਗਾਉਣ ਦਾ ਫੈਸਲਾ ਕੀਤਾ ਗਿਆ। ਇਸ ਮੀਟਿੰਗ ਵਿਚ ਹਰਭਜਨ ਸਿੰਘ ਵਰਿਆਣਾ, ਅਵਤਾਰ ਸਿੰਘ ਸਰਾਏ, ਸੇਵਾ ਸਿੰਘ ਬੈਂਸ, ਰਾਜ ਸਿੰਘ, ਬਲਜੀਤ ਸਿੰਘ ਖਾਲਸਾ, ਸਤਨਾਮ ਸਿੰਘ, ਜਰਨੈਲ ਸਿੰਘ, ਹਰਵਿੰਦਰ ਸਿੰਘ ਸਰਾਏ, ਜਸਕਰਨ ਸਿੰਘ ਵਰਿਆਣਾ, ਅਰਵਿੰਦਰ ਸਿੰਘ ਲਾਖਨ ਸਮੇਤ ਸਿੱਖ ਭਾਈਚਾਰੇ ਦੇ ਆਗੂ ਸ਼ਾਮਿਲ ਹੋਏ। ਇਸ ਮੌਕੇ ਫੈਸਲਾ ਲਿਆ ਗਿਆ ਕ ਲਿੰਨਜ਼ੀ ਸਿੱਖ ਕਮਿਊਨਿਟੀ ਦੇ ਬੈਨਰ ਹੇਠ ਕ੍ਰਿਸਮਿਸ ਪਰੇਡ ਮੌਕੇ ਜਿੱਥੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਗੁਰੂ ਕਾ ਲੰਗਰ ਲਗਾਇਆ ਜਾਵੇਗਾ, ਉੱਥੇ ਬੱਚਿਆਂ ਨੂੰ ਵੱਖ ਵੱਖ ਤਰ੍ਹਾਂ



ਦੇ ਆਕਰਸ਼ਿਤ ਤੋਹਫੇ ਤੇ ਹੋਰ ਲੋੜਵੰਦਾਂ ਨੂੰ ਸਾਹਇਤਾ ਸਮੱਗਰੀ ਵੀ ਭੇਂਟ ਕੀਤੀ ਜਾਵੇਗੀ। ਆਗੂਆਂ ਨੇ ਦਸਿਆ ਕਿ ਜਿੱਥੇ ਇਸ ਮੌਕੇ ਆਪਣੇ ਵਿਰਸੇ ਸਬੰਧੀ ਇੱਥੋਂ ਦੇ ਲੋਕਾਂ ਨੂੰ ਜਾਣੂੰ ਕਰਵਾਇਆ ਜਾਵੇਗਾ, ਉਥੇ ਸਾਡੇ ਗੁਰੂਆਂ ਵੱਲੋਂ ਸਿੱਖ ਧਰਮ ਲਈ ਦਿੱਤੀਆਂ ਕੁਰਬਾਨੀਆਂ, ਸਾਡੇ ਗੁਰੂਆਂ ਵੱਲੋਂ ਦਰਸਾਏ ਮਾਰਗ ਅਤੇ ਸਿੱਖ ਧਰਮ ਦੀ ਮੁੱਢਲੀ ਪਹਿਚਾਣ ਸਬੰਧੀ ਵੀ ਇੱਥੋਂ ਦੇ ਲੋਕਾਂ ਨੂੰ ਦਸਿਆ ਜਾਵੇਗਾ।

# ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ ਲਈ ਅਣਛਪੀਆਂ ਰਚਨਾਵਾਂ ਭੇਜਣ ਦੀ ਅੰਤਮ ਤਰੀਕ 31 ਮਾਰਚ 2018

**ਸਟਾਕਟਨ/ਬਿਊਰੋ ਨਿਊਜ਼:**
ਪੰਜਾਬੀ ਸਾਹਿਤ ਸਭਾ ਸਟਾਕਟਨ ਲੇਖਕਾਂ ਤੋਂ ਨਵੇਂ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ ਲਈ ਅਣਛਪੀਆਂ ਰਚਨਾਵਾਂ ਦੀ ਮੰਗ ਕਰਦਿਆਂ ਕਿਹਾ ਕਿ ਕਹਾਣੀਆਂ ਭੇਜਣ ਦੀ ਅੰਤਮ ਤਰੀਕ 31 ਮਾਰਚ 2018 ਹੈ। ਲੰਘੇ 12 ਨਵੰਬਰ ਨੂੰ ਹੋਈ ਮੀਟਿੰਗ ਦੌਰਾਨ ਸਭਾ ਵਲੋਂ ਆਪਣੇ ਵਿਸ਼ੇਸ਼ ਪ੍ਰੋਗਰਾਮ ਤਹਿਤ ਅਗਲੇ ਵ੍ਹਰੇ (2018) ਵਿੱਚ ਪ੍ਰਕਾਸ਼ਤ ਕੀਤੇ ਜਾਣ ਵਾਲੇ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਿਹ ਬਾਰੇ ਵਿਚਾਰ ਚਰਚਾ ਕੀਤਾ ਗਿਆ। ਇੱਸ ਨਵੇਂ ਕਹਾਣੀ ਸੰਗ੍ਰਹਿ ਦੇ ਸੰਪਾਦਕੀ ਮੰਡਲ ਵਿੱਚ ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ



ਅਤੇ ਹਰਮਹਿੰਦਰ ਚਾਹਲ ਸ਼ਾਮਲ ਹੋਣਗੇ। ਪ੍ਰੋ. ਹਰਭਜਨ ਸਿੰਘ ਨੇ ਇਸ ਕੰਮ 'ਚ ਹਰ ਤਰ੍ਹਾਂ ਦਾ ਸਹਿਯੋਗ ਦੀ ਸਹਿਮਤੀ ਪ੍ਰਗਟਾਈ। ਸਭਾ ਦੇ ਮੈਂਬਰ ਚਰਨਜੀਤ ਸਿੰਘ ਸਾਹੀ ਦੇ ਫਾਰਮ ਹਾਊਸ 'ਤੇ ਨਿੱਘੀ ਧੁੱਪ ਵਿੱਚ ਕੁਦਰਤ ਦੇ ਖੁਸ਼ਗਵਾਰ ਨਜ਼ਾਰਿਆਂ ਵਿਚਕਾਰ ਹੋਈ ਇਸ ਸਾਹਿਤਕ ਮਿਲਣੀ ਦੌਰਾਨ ਲੇਖਕਾਂ ਨੇ ਮੌਲਕਿ ਸਾਹਿਤਕ ਰਚਨਾਵਾਂ ਦੁਆਰਾ ਕਲਾਮਈ ਮਾਹੌਲ ਨੂੰ ਹੋਰ ਕਲਾਮਤਕ ਬਣਾਇਆ।
ਭਾਗ ਲੈਣ ਵਾਲਿਆਂ ਵਿੱਚ ਹਰਜਿੰਦਰ ਪੰਧੇਰ, ਪ੍ਰਿੰਸੀਪਲ ਹਰਨੇਕ ਸਿੰਘ, ਤਾਰਾ ਸਿੰਘ ਸਾਗਰ, ਚਰਨਜੀਤ ਸਿੰਘ ਸਾਹੀ, ਮਨਦੀਪ ਗੋਰਾ, ਹਰਜੀਤ ਹਠੂਰ, ਡਾ. ਸਤਵਿੰਦਰ ਸਿੰਘ ਸਾਹੀ, ਪਰਮਜੀਤ ਕੌਰ, ਮਨਜੀਤ ਕੌਰ, ਗੁਰਪ੍ਰੀਤ ਕੌਰ, ਮ੍ਰਿਗਇੰਦਰ ਪੰਧੇਰ, ਇੰਦਰਜੀਤ ਸ਼ਰਮਾ, ਅਜੀਤ ਪ੍ਰਮਿੰਦਰ ਕੌਰ, ਕਮਲੇਸ਼ ਕੁਮਾਰੀ, ਰਾਜ ਕੁਮਾਰੀ ਤੇ ਡੌਲੀ ਸ਼ਾਮਲ ਸਨ।
ਕਹਾਣੀ ਸੰਗ੍ਰਿਹ ਦੇ ਸੰਪਾਦਕੀ ਮੰਡਲ ਨੂੰ ਕਹਾਣੀਆਂ ਭੇਜਣ ਦੀ ਆਖਰੀ ਤਰੀਕ 31 ਮਾਰਚ 2018 ਮਿਥੀ ਗਈ ਹੈ। ਲੇਖਕ ਆਪਣੀਆਂ ਕਹਾਣੀਆਂ ਨਿਮਨ ਲਿਖਤ ਸੰਪਾਦਕੀ ਮੰਡਲ ਦੇ ਕਿਸੇ ਵੀ ਮੈਂਬਰ ਨੂੰ ਭੇਜ ਸਕਦੇ ਹਨ:

**Surinder Sohal:** 15 Remsen Ave. Valley Stream NY 11580 (USA) Ph: 646-220-2586;
Email: surindersohal@hotmail.com.

**Harjinder Pandher:** 3974 Chatsworth cir. Stockton CA 95209 (USA) Ph: 209-610-5055; Email: pandher@gmail.com.

**Harmahinder Chahil:** 7305 Sterling Grove Dr. Springfield, VA 22150,USA; Ph: 703-362-3239; Email: chahals@yahoo.com.

# ਤਣਾਅਪੂਰਨ ਜ਼ਿੰਦਗੀ 'ਚ ਹੱਸਣਾ ਜ਼ਰੂਰੀ



ਨਵੀਆਂ ਖੋਜਾਂ ਅਨੁਸਾਰ ਚੰਗੀ ਸਿਹਤ ਲਈ ਸਭ ਤੋਂ ਜ਼ਰੂਰੀ ਹੈ ਹੱਸਣਾ। ਸਪੈਨਿਸ਼ ਮਾਹਰਾਂ ਦਾ ਇਹ ਵੀ ਮੰਨਣਾ ਹੈ ਕਿ ਹੱਸਣਾ ਹੁਣ ਓਨਾ ਸੌਖਾ ਨਹੀਂ ਰਿਹਾ ਜਿੰਨਾ ਅਸੀਂ ਸਮਝਦੇ ਹਾਂ। ਉਨ੍ਹਾਂ ਦਾ ਮੰਨਣਾ ਹੈ ਕਿ ਅੱਜ ਜ਼ਿੰਦਗੀ ਇੰਨੀ ਤਣਾਅਪੂਰਨ ਹੋ ਚੁੱਕੀ ਹੈ ਕਿ ਹੱਸਣਾ ਸਿੱਖਣ ਦੀ ਲੋੜ ਪੈ ਗਈ ਹੈ, ਇਸ ਲਈ ਪੂਰੀ ਦੁਨੀਆ 'ਚ ਜਗ੍ਹਾ-ਜਗ੍ਹਾ ਲਾਫਟਰ ਕਲੱਬ ਖੁੱਲ੍ਹ ਰਹੇ ਹਨ। ਮਾਹਿਰਾਂ ਦਾ ਇਹ ਮੰਨਣਾ ਹੈ ਕਿ ਆਸ਼ਾਵਾਦੀ ਸੋਚ ਕਾਰਨ ਸਾਡਾ ਪ੍ਰਤੀਰੱਖਿਆ ਤੰਤਰ ਬਣਦਾ ਹੈ। ਇਹੀ ਨਹੀਂ, ਜੋ ਲੋਕ ਖੁਸ਼ ਰਹਿੰਦੇ ਹਨ ਉਹ ਸਰੀਰਕ ਤੌਰ 'ਤੇ ਜ਼ਿਆਦਾ ਚੁਸਤ ਹੁੰਦੇ ਹਨ। 'ਖੁਸ਼ ਰਹਿਣਾ' ਵਿਅਕਤੀ ਨੂੰ ਫਲੂ ਤੋਂ ਲੈ ਕੇ ਸ਼ੂਗਰ ਅਤੇ ਦਿਲ ਦੇ ਰੋਗਾਂ ਦਾ ਸ਼ਿਕਾਰ ਹੋਣ ਤੋਂ ਬਚਾਉਂਦਾ ਹੈ ਤਾਂ ਹੱਸੋ ਅਤੇ ਸਿਹਤਮੰਦ ਰਹੋ।

# ਤਣਾਅ ਦੂਰ ਭਜਾਉਣ ਦਾ ਆਸਾਨ ਤਰੀਕਾ



ਤਣਾਅ ਆਧੁਨਿਕ ਯੁੱਗ ਦੀ ਦੇਣ ਹੈ। ਇਸ ਤੋਂ ਕੋਈ ਵੀ ਬਚਿਆ ਨਹੀਂ ਹੈ। ਕੋਈ ਅਸਫ਼ਲ ਹੋਣ 'ਤੇ ਤਣਾਅਗ੍ਰਸਤ ਹੋ ਜਾਂਦਾ ਹੈ ਤਾਂ ਕੋਈ ਜੀਵਨ ਵਿਚ ਨਿਰਾਸ਼ ਰਹਿਣ 'ਤੇ। ਕਿਸੇ ਨਾ ਕਿਸੇ ਰੂਪ ਵਿਚ ਤਣਾਅ ਮਨੁੱਖ ਨੂੰ ਘੇਰ ਲੈਂਦਾ ਹੈ। ਇਸ ਲਈ ਸਾਨੂੰ ਲੱਭਣਾ ਹੋਵੇਗਾ ਕਿ ਸਾਡੇ ਤਣਾਅ ਦੇ ਕੀ ਕਾਰਨ ਹਨ ਅਤੇ ਉਨ੍ਹਾਂ ਦਾ ਹੱਲ ਕੀ ਹੈ। ਇਸ 'ਤੇ ਕੁਝ ਹੱਦ ਤੱਕ ਕਾਬੂ ਪਾਉਣਾ ਸੰਭਵ ਹੋ ਸਕਦਾ ਹੈ। ਆਓ, ਦੇਖੀਏ ਕੁਝ ਉਪਾਅ ਜਿਨ੍ਹਾਂ ਨਾਲ ਤਣਾਅ ਨੂੰ ਦੂਰ ਕੀਤਾ ਜਾ ਸਕਦਾ ਹੈ।

ਡਰ, ਗੁੱਸਾ, ਈਰਖਾ ਤੇ ਦੁੱਖ ਨਾਕਾਰਾਤਮਕ ਮਨੋਵੇਗ ਹਨ। ਇਨ੍ਹਾਂ ਮਨੋਵੇਗਾਂ ਤੋਂ ਮਨ ਨੂੰ ਉਭਾਰਨ ਦਾ ਯਤਨ ਕਰੋ। ਜੇ ਮਨ ਇਨ੍ਹਾਂ ਮਨੋਵੇਗਾਂ ਵਿਚ ਉਲਝ ਕੇ ਰਹਿ ਜਾਵੇਗਾ ਤਾਂ ਇਨਸਾਨ ਤਣਾਅ ਵਿਚ ਘਿਰਦਾ ਜਾਏਗਾ। ਇਸ ਤੋਂ ਛੁਟਕਾਰਾ ਪਾਉਣ ਲਈ ਆਪਣੀ ਸੋਚ ਨੂੰ ਸਾਕਾਰਾਤਮਕ ਬਣਾਓ। ਚੰਗੀ ਸੋਚ ਮਨੁੱਖ ਨੂੰ ਸਫ਼ਲਤਾ ਦੇ ਦਰਵਾਜ਼ੇ ਤੱਕ ਲੈ ਜਾਂਦੀ ਹੈ। ਆਪਣੇ ਰੁਚੀ ਦੇ ਅਤੇ ਉਪਯੋਗੀ ਕੰਮਾਂ ਨੂੰ ਕਰੋ ਅਤੇ ਤਣਾਅ ਮੁਕਤ ਰਹੋ। ਇਹ ਸੱਚ ਹੈ ਕਿ ਖੁਸ਼ੀ ਦੁੱਖਾਂ ਨੂੰ ਦੂਰ ਕਰਦੀ ਹੈ। ਇਸ ਲਈ ਆਪਣੇ ਸੁਭਾਅ ਵਿਚ ਗੁੱਸੇ ਦੀ ਥਾਂ 'ਤੇ ਮੁਸਕਰਾਹਟ ਭਰੋ। ਖੁਸ਼ ਰਹਿਣ ਵਾਲਾ ਇਨਸਾਨ ਕੰਮ ਨੂੰ ਮਨੋਵੇਗ ਨਾਲ ਕਰਦਾ ਹੈ। ਖੁਸ਼ ਰਹਿਣਾ ਆਪਣੇ-ਆਪ ਵਿਚ ਇਕ ਟਾਨਿਕ ਹੈ। ਇਸ ਲਈ ਇਸ ਟਾਨਿਕ ਦਾ ਪੂਰਾ ਲਾਭ ਉਠਾਓ ਅਤੇ ਦੂਸਰਿਆਂ ਨੂੰ ਵੀ ਖੁਸ਼ੀ ਵੰਡੋ।

ਜੋ ਲੋਕ ਲਗਾਤਾਰ ਮਾਨਸਿਕ ਕੰਮ ਕਰਦੇ ਹਨ, ਉਹ ਵੀ ਛੇਤੀ ਤਣਾਅਗ੍ਰਸਤ ਹੋ ਜਾਂਦੇ ਹਨ। ਇਸ ਲਈ ਕੁਝ ਵੀ ਮਾਨਸਿਕ ਜਾਂ ਮਿਹਨਤ ਵਾਲਾ ਕੰਮ ਲਗਾਤਾਰ ਨਾ ਕਰੋ। ਜਦੋਂ ਕਦੇ ਅਸ਼ਾਂਤ ਮਨ ਨਾਲ ਬੈਠੇ ਹੋ ਤਾਂ ਕੰਮ ਨੂੰ ਸਰਲ ਰੂਪ ਨਾਲ ਨਿਪਟਾਉਣ ਦੇ ਢੰਗ ਲੱਭੋ ਅਤੇ ਉਸ ਨੂੰ ਵਿਵਹਾਰ ਵਿਚ ਲਿਆਉਣ ਦਾ ਯਤਨ ਕਰੋ। ਮਾਨਸਿਕ ਤਣਾਅ ਹੋਣ 'ਤੇ ਸਿਰ ਦੀ ਮਾਲਿਸ਼ ਜ਼ਰੂਰ ਕਰਵਾਓ। ਤਣਾਅ ਘਟੇਗਾ। ਮਾਨਸਿਕ ਤਣਾਅ ਨੀਂਦ ਪੂਰੀ ਨਾ ਹੋਣ ਕਾਰਨ ਵੀ ਹੁੰਦਾ ਹੈ। ਕੋਸ਼ਿਸ਼ ਕਰੋਂ ਆਪਣੀ ਨੀਂਦ ਪੂਰੀ ਲਓ। ਧਿਆਨ ਰਹੇ ਕਿ ਸੌਣ ਵੇਲੇ ਕਿਸੇ ਅਜਿਹੇ ਵਿਸ਼ੇ 'ਤੇ ਜ਼ਿਆਦਾ ਵਿਚਾਰ ਨਾ ਕਰੋ, ਨਾ ਹੀ ਜ਼ਿਆਦਾ ਸੋਚੋ, ਜੋ ਤਣਾਅ ਵਧਾਉਂਦਾ ਹੋਵੇ ਅਤੇ ਨੀਂਦ ਵਿਚ ਵਿਘਨ ਪਾਉਂਦਾ ਹੋਵੇ। ਗ਼ਲਤ ਭੋਜਨ ਵੀ ਮਾਨਸਿਕ ਤਣਾਅ ਨੂੰ ਵਧਾਉਣ ਵਿਚ ਸਹਾਇਕ ਹੁੰਦਾ ਹੈ। ਜੋ ਲੋਕ ਅਕਸਰ ਤਣਾਅਗ੍ਰਸਤ ਰਹਿੰਦੇ ਹਨ, ਉਨ੍ਹਾਂ ਦਾ ਖਾਣਾ ਵੀ ਸਹੀ ਨਹੀਂ ਹੁੰਦਾ। ਉਚਿਤ ਸੰਤੁਲਿਤ ਭੋਜਨ ਤਣਾਅ ਨੂੰ ਘੱਟ ਕਰਦਾ ਹੈ। ਘੱਟ ਮਸਾਲੇਦਾਰ ਭੋਜਨ ਖਾਓ। ਜ਼ਿਆਦਾ ਤਲਿਆ ਹੋਇਆ ਭੋਜਨ ਨਾ ਖਾਓ। ਨਿਯਮਿਤ ਰੂਪ ਨਾਲ ਕਸਰਤ ਅਤੇ ਯੋਗ ਆਸਨ ਵੀ ਕਰੋ। ਇਨ੍ਹਾਂ ਨਾਲ ਮਨ ਇਕਾਗਰ ਹੁੰਦਾ ਹੈ ਅਤੇ ਸ਼ਾਂਤ ਰਹਿੰਦਾ ਹੈ।

-ਨੀਤੂ ਗੁਪਤਾ

# ਖਾਣੇ ਤੋਂ ਬਾਅਦ ਮਿੱਠਾ !

## ਚਨਾ ਦਾਲ ਪਾਇਆਸਮ

**ਸਮੱਗਰੀ :** 1/2 ਕੱਪ ਛੋਲੇ, ਇਕ ਪੀਸਿਆ ਹੋਇਆ ਨਾਰੀਅਲ, 4 ਵੱਡੇ ਚਮਚ ਮੱਖਣ ਜਾਂ ਘਿਓ, 1 ਕੱਪ ਦਹੀਂ, 5 ਪੀਸੀਆਂ ਹੋਈਆਂ ਇਲਾਇਚੀਆਂ, 2 ਵੱਡੇ ਚਮਚ ਕੱਟਿਆ ਹੋਇਆ ਨਾਰੀਅਲ, 5 ਕਾਜੂ।



**ਵਿਧੀ :** ਛੋਲਿਆਂ ਨੂੰ ਪਾਣੀ 'ਚ ਭਿਉਂ ਦਿਉ। ਇਕ ਪੈਨ ਵਿਚ ਘਿਓ ਦਾ ਕੁਝ ਹਿੱਸਾ ਪਾ ਕੇ ਪਿਘਲਾਓ ਅਤੇ ਨਾਰੀਅਲ ਦੇ ਟੁਕੜੇ ਪਾ ਕੇ ਫਰਾਈ ਕਰੋ, ਜਦੋਂ ਤੱਕ ਉਹ ਭੂਰੇ ਨਾ ਹੋ ਜਾਣ। ਫਿਰ ਇਨ੍ਹਾਂ ਨੂੰ ਲਾਹ ਕੇ ਪਾਸੇ ਰੱਖ ਦਿਓ। ਇਸੇ ਘਿਓ ਵਿਚ ਕਾਜੂ ਪਾਓ ਤੇ ਮੱਠੀ ਅੱਗ 'ਤੇ ਭੂਰੇ ਹੋਣ ਤੱਕ ਉਨ੍ਹਾਂ ਨੂੰ ਗਰਮ ਕਰੋ। 10 ਮਿੰਟ ਤੱਕ ਪੀਸੇ ਹੋਏ ਨਾਰੀਅਲ ਨੂੰ ਗਰਮ ਪਾਣੀ ਵਿਚ ਭਿਉਣ ਤੋਂ ਬਾਅਦ ਉਸ ਦਾ ਪਾਣੀ ਨਿਚੋੜ ਲਓ ਅਤੇ ਫਿਰ ਇਸ ਮਿਸ਼ਰਣ ਨੂੰ ਸਟੇਨਰ 'ਚੋਂ ਲੰਘਾਓ। ਢੁਕਵੇਂ ਪਾਣੀ ਵਿਚ ਛੋਲਿਆਂ ਨੂੰ ਉਬਾਲੋ। ਜਦੋਂ ਛੋਲੇ ਉੱਬਲ ਜਾਣ ਤਾਂ ਦਹੀਂ ਤੇ ਨਾਰੀਅਲ ਪਾਣੀ ਮਿਲਾ ਦਿਓ। ਇਸ ਮਿਸ਼ਰਣ ਨੂੰ ਉਦੋਂ ਤੱਕ ਗਰਮ ਕਰੋ ਜਦੋਂ ਤੱਕ ਇਹ ਗਾੜ੍ਹਾ ਨਾ ਹੋ ਜਾਵੇ। ਇਸ ਵਿਚ ਬਾਕੀ ਰਹਿੰਦਾ ਘਿਓ ਅਤੇ ਇਲਾਇਚੀ ਮਿਲਾਓ। ਇਸ ਨੂੰ ਨਾਰੀਅਲ ਤੇ ਕਾਜੂ ਨਾਲ ਸਜਾ ਕੇ ਪੇਸ਼ ਕਰੋ।



## ਮੋਡਕ

**ਸਮੱਗਰੀ :** ਚੌਲਾਂ ਦਾ ਆਟਾ ਇਕ ਕੱਪ, ਦੇਸੀ ਘਿਓ ਇਕ ਵੱਡਾ ਚਮਚ, ਰਿਫਾਇੰਡ ਤੇਲ ਇਕ ਵੱਡਾ ਚਮਚ, ਨਾਰੀਅਲ ਪੀਸਿਆ ਹੋਇਆ 1/2 ਕੱਪ, ਦਹੀਂ 3/4 ਕੱਪ, ਇਲਾਇਚੀ ਪਾਊਡਰ 1/2 ਵੱਡੇ ਚਮਚ, ਲੂਣ ਇਕ ਚੁਟਕੀ, ਪਾਣੀ ਦੋ ਕੱਪ। **ਵਿਧੀ :** ਇਕ ਕੜਾਹੀ ਲੈ ਕੇ ਉਸ ਵਿਚ ਪਾਣੀ, ਲੂਣ ਤੇ



ਦੇਸੀ ਘਿਓ ਪਾਓ। ਇਸ ਨੂੰ ਅੱਗ 'ਤੇ ਰੱਖੋ। ਜਦੋਂ ਇਹ ਉਬਲਣ ਲੱਗ ਜਾਵੇ ਤਾਂ ਇਸ ਵਿਚ ਚੌਲਾਂ ਦਾ ਆਟਾ ਮਿਲਾਓ। ਇਸ ਨੂੰ ਹਿਲਾਉਂਦੇ ਜਾਓ। ਫਿਰ ਇਸ ਨੂੰ ਅੱਗ ਤੋਂ ਲਾਹ ਕੇ ਅਲੱਗ ਰੱਖ ਦਿਓ। ਜਦੋਂ ਇਹ ਕੁਝ ਠੰਢਾ ਹੋ ਜਾਵੇ ਤਾਂ ਆਪਣੀ ਹਥੇਲੀ 'ਤੇ ਲਾਓ ਤੇ ਇਸ ਨੂੰ ਗੁੰਨ੍ਹੋ। ਇਸ ਨੂੰ ਗਿੱਲੇ ਕੱਪੜੇ ਨਾਲ ਢਕ ਦਿਓ। ਹੁਣ ਇਕ ਪੈਨ ਵਿਚ ਦਹੀਂ, ਨਾਰੀਅਲ ਤੇ ਇਲਾਇਚੀ ਪਾਊਡਰ ਪਾਓ। ਦੋ ਮਿੰਟਾਂ ਤੱਕ ਪਕਾ ਕੇ ਇਸ ਨੂੰ ਲਾਹ ਲਓ। ਇਕੋ ਜਿਹੇ ਆਕਾਰ ਦੀਆਂ ਗੇਂਦਾਂ ਬਣਾਓ। ਹਰੇਕ ਗੇਂਦ ਦਾ ਆਕਾਰ ਗੋਲ ਹੋਣਾ ਚਾਹੀਦਾ ਹੈ। ਮੋਟਾਈ ਨੂੰ ਘਟਾਉਣ ਲਈ ਇਸ ਦੇ ਕਿਨਾਰਿਆਂ ਨੂੰ ਦਬਾ ਦਿਓ। ਹਰੇਕ ਗੇਂਦ ਵਿਚ ਵੱਖ-ਵੱਖ ਤਹਿਆਂ ਬਣਾਓ। ਪਹਿਲਾਂ ਬਣਾਏ ਹੋਏ ਗਾੜ੍ਹੇ ਮਿਸ਼ਰਣ ਨੂੰ ਗੇਂਦਾਂ ਵਿਚਕਾਰ ਭਰੋ ਅਤੇ ਇਸ ਦੇ ਕਿਨਾਰਿਆਂ ਨੂੰ ਉਂਗਲਾਂ ਨਾਲ ਦੱਬ ਦਿਓ ਤਾਂ ਕਿ ਮਿਸ਼ਰਣ ਬਾਹਰ ਨਾ ਆਵੇ। ਇਨ੍ਹਾਂ ਗੇਂਦਾਂ ਨੂੰ 10 ਮਿੰਟ ਤੱਕ ਸਟੀਮਰ 'ਚ ਭਾਫ ਦਿਓ। ਫਿਰ ਦੇਸੀ ਘਿਓ ਨਾਲ ਸਜਾ ਕੇ ਪੇਸ਼ ਕਰੋ।

# ਕੰਮ ਦੀਆਂ ਕੁਝ ਗੱਲਾਂ

ਜੇ ਅਸੀਂ ਕੁਝ ਗੱਲਾਂ ਦਾ ਧਿਆਨ ਰੱਖੀਏ ਤਾਂ ਹਰ ਕੰਮ ਨੂੰ ਬੜੇ ਵਧੀਆ ਢੰਗ ਨਾਲ ਪੂਰਾ ਕਰ ਸਕਦੇ ਹਾਂ :

× ਜੇ ਸਬਜ਼ੀ ਬਣਾਉਣ ਵੇਲੇ ਮਸਾਲੇ ਦੇ ਨਾਲ ਦੋ ਚਮਚ ਖੰਡ ਮਿਲਾ ਦੇਈਏ ਤਾਂ ਸਬਜ਼ੀ ਸੁਆਦੀ ਤੇ ਚਮਕ ਵਾਲੀ ਬਣਦੀ ਹੈ।

× ਜੇ ਤੁਸੀਂ ਆਪਣੇ ਵਾਲਾਂ ਵਿਚ ਚਮਕ ਲਿਆਉਣੀ ਚਾਹੁੰਦੇ ਹੋ ਤਾਂ ਨਹਾਉਣ ਤੋਂ ਬਾਅਦ ਇਕ ਮੱਗ ਪਾਣੀ ਵਿਚ ਸਿਰਕਾ ਪਾ ਕੇ ਵਾਲ ਧੋਵੋ। ਵਾਲ ਚਮਕਦਾਰ ਹੋ ਜਾਣਗੇ।

× ਲੂਣ ਦੀ ਗੁਥਲੀ 'ਚੋਂ ਲੂਣ ਨਾ ਕੱਢੋ। ਗੁਥਲੀ ਉੱਪਰੋਂ ਛਿੱਲ ਕੇ ਸਿੱਧੀ ਡੱਬੇ ਵਿਚ ਪਾ ਦਿਓ।

× ਰਸਦਾਰ ਸਬਜ਼ੀ ਬਣਾਉਣ ਵੇਲੇ ਜੇ ਘੱਟ ਅੱਗ 'ਤੇ ਭਾਂਡੇ ਨੂੰ ਢਕ ਕੇ ਸਬਜ਼ੀ ਬਣਾਈ ਜਾਵੇ ਤਾਂ ਉਹ ਜ਼ਿਆਦਾ ਸੁਆਦੀ ਤੇ ਪੌਸ਼ਟਿਕ ਤਾਂ ਬਣੇਗੀ ਹੀ, ਨਾਲ ਹੀ ਮਸਾਲਿਆਂ ਦੀ ਸੁਗੰਧ ਵੀ ਨਹੀਂ ਵਿਗੜੇਗੀ।

× ਜੇ ਟਮਾਟਰ ਛਿੱਲਣੇ ਹੋਣ ਤਾਂ ਕੁਝ ਦੇਰ ਲਈ ਇਸਨੂੰ ਕੋਸੇ ਪਾਣੀ ਵਿਚ ਪਾ ਦਿਓ। ਛਿੱਲ ਆਸਾਨੀ ਨਾਲ ਉਤਰ ਜਾਵੇਗੀ।

× ਪਿਆਜ਼ ਕੱਟਣ ਵੇਲੇ ਉਸਦਾ ਅਸਰ ਅੱਖਾਂ 'ਤੇ ਘੱਟ ਪਵੇ। ਇਸਦੇ ਲਈ ਪਿਆਜ਼ ਛਿੱਲ ਕੇ ਕੁਝ ਦੇਰ ਲਈ ਪਾਣੀ ਵਿਚ ਪਾ ਦਿਓ।

# ਸੁੰਦਰਤਾ ਬਣਾਈ ਰੱਖਣ ਲਈ ਕੁਝ ਖਾਸ ਨੁਕਤੇ

× ਪਾਣੀ ਜ਼ਿਆਦਾ ਮਾਤਰਾ 'ਚ ਪੀਓ।

× ਨਹਾਉਣ ਤੋਂ ਬਾਅਦ ਮਾਇਸਚਰਾਈਜ਼ਰ ਲਗਾਓ।

× ਹਫਤੇ 'ਚ ਇਕ ਜਾਂ ਦੋ ਵਾਰ ਕੋਈ ਚੰਗਾ ਫੇਸਪੈਕ ਲਗਾਓ।

× ਨਹਾਉਣ ਵਾਲੇ ਪਾਣੀ ਵਿਚ ਸੰਤਰੇ ਦੀਆਂ ਇਕ ਜਾਂ ਦੋ ਛਿੱਲਾਂ ਜਾਂ ਗੁਲਾਬ ਜਲ ਦੀਆਂ ਕੁਝ ਬੂੰਦਾਂ ਮਿਲਾਉਣ ਨਾਲ ਸਰੀਰ ਦੀ ਬਦਬੂ ਤੋਂ ਛੁਟਕਾਰਾ ਮਿਲਦਾ ਹੈ।



## Classified

### ਵਰ ਦੀ ਲੋੜ

ਜੱਟ ਸਿੱਖ ਧਾਮੀ ਉਮਰ 24 ਸਾਲ 5’ 7’’ MSC B.Ed. ਲੜਕੀ ਇੰਡੀਆ ਵਿਚ ਰਹਿੰਦੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਇੰਮੀਗਰਾਂਟ ਤੇ ਯੋਗ ਲੜਕੇ ਦੀ ਲੋੜ ਹੈ ਸਾਰਾ ਪਰਿਵਾਰ ਅਮਰੀਕਾ ਸੈੱਟ ਹੈ।
ਹੋਰ ਜਾਣਕਾਰੀ ਲਈ ਸੰਪਰਕ ਫੋਨ ਨੰਬਰ
916-813-6863

## Bride WANTED

Jatt sikh parents seeking suitable match for their handsome son residing in India, 26 years, 6’ 3” tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA.
Email - navneetbhandal@gmail.com
Phone - 916-992-4538

**Office for Lease in Union City, CA**



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
510-875-3279

**For Classified Contact**
510.240.5949


# ਏਜੀਪੀਸੀ ਨੇ ਸ਼੍ਰੋਮਣੀ ਕਮੇਟੀ ਦੇਂ ਸਾਬਕਾ ਉੱਪ ਪ੍ਰਧਾਨ ਸੁਖਦੇਵ ਸਿੰਘ ਭੌਰ ਵੱਲੋਂ ਨਵੀਂ ਜਥੇਬੰਦੀ ‘ਪੰਥਕ ਫ਼ਰੰਟ’ ਬਣਾਏ ਜਾਣ ਦਾ ਕੀਤਾ ਸਵਾਗਤ

**ਸੈਨ ਫ੍ਰਾਂਸਿਸਕੋ/ਬਿਊਰੋ ਨਿਊਜ਼:**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਉਪ -ਪ੍ਰਧਾਨ ਸੁਖਦੇਵ ਸਿੰਘ ਭੌਰ ਵੱਲੋਂ ਨਵੀਂ ਪਾਰਟੀ ਬਣਾ ਕੇ ਆਪਣੇ ਹਮ-ਖਿਆਲੀ ਆਗੂਆਂ ਨੂੰ ਨਾਲ ਲੈ ਕੇ “ਪੰਥਕ ਫਰੰਟ” ਪਾਰਟੀ ਬਣਾ ਦਿਤੀ ਹੈ ! ਸੁਖਦੇਵ ਸਿੰਘ ਭੌਰ ਵੱਲੋਂ ਪਾਰਟੀ ਬਣਾਏ ਜਾਣ ਤੋਂ ਬਾਅਦ ਵੱਖ ਵੱਖ ਧਾਰਮਿਕ ਸੰਸਥਾਵਾਂ ਵਲੋਂ ਸ਼ਲਾਘਾ ਕੀਤੀ ਜਾ ਰਹੀ ਹੈ। ਸੁਖਦੇਵ ਸਿੰਘ ਭੌਰ ਨੇ ਜਲੰਧਰ ਵਿਖੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਵਿੱਚ ਪਾਰਟੀ ਦੀ ਚੜਦੀ ਕਲਾ ਲਈ ਅਰਦਾਸ ਕੀਤੀ।
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਵੱਲੋਂ ਦਿੱਤੇ ਬਿਆਨ ਵਿਚ ਸੁਖਦੇਵ ਸਿੰਘ ਭੌਰ ਵਲੋਂ ਬਣਾਈ ਨਵੀ ਪਾਰਟੀ ਪੰਥਕ ਫ਼ਰੰਟ ਦਾ ਸੁਆਗਤ ਕੀਤਾ ਗਿਆ ਹੈ ਤੇ ਇਸ ਸਬੰਧੀ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਸੁਖਦੇਵ ਸਿੰਘ ਭੌਰ ਹਮੇਸ਼ਾ ਹੀ ਸਿੱਖ ਪੰਥ ਨਾਲ ਸਬੰਧਿਤ ਹਰੇਕ ਮਾਮਲੇ ਤੇ ਅੱਗੇ ਰਹੇ ਹਨ,ਅਸੀਂ ਆਸ ਕਰਦੇ ਹਾਂ ਕਿ ਸਿੱਖ ਸੰਸਥਾਵਾ ਵਿੱਚ ਜੋ ਦੂਰ ਅੰਦੇਸ਼ ਆਗੂਆਂ ਦੀ ਘਾਟ ਮਹਿਸੂਸ ਹੋ ਰਹੀ ਹੈ ਉਸ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।
ਏਜੀਪੀਸੀ ਦੇ ਆਗੂਆਂ ਵੱਲੋਂ ਇਹ ਵਡੀ ਆਸ ਪ੍ਰਗਟ ਕੀਤੀ ਗਈ ਹੈ ਕਿ ਚਾਹੇ ਇਹ ਮਾਮਲਾ ਨਾਨਕਸ਼ਾਹੀ ਕੈਲੈਂਡਰ ਨਾਲ ਸਬੰਧਤ ਹੋਵੇ ਜਾ ਸਿੱਖ ਕੌਮ ਦੇ ਉਜਵਲ ਭਵਿੱਖ ਦਾ ਹੋਵੇ ਸੁਖਦੇਵ ਸਿੰਘ ਭੌਰ ਬਹੁਤ ਸਾਰੇ ਮਸਲਿਆਂ ਵਿਚ ਨਾ ਤਾ ਕਦੇ ਪਿੱਛੇ ਹਟੇ ਹਨ ਤੇ ਨਾ ਕਦੇ ਹਟਣ ਦੀ ਉਮੀਦ ਹੈ ਤੇ ਹਮੇਸ਼ਾ ਦੀ ਤਰਾਂ ਸਿੱਖ ਕੌਮ ਦੀ ਰਹਿਨੁਮਾਈ ਹੇਠ ਕੰਮ ਕਰਦੇ ਰਹਿਣਗੇ ! ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਹੀ ਪੰਥਕ ਫ਼ਰੰਟ ਪਾਰਟੀ ਦੇ ਨਾਲ ਹੈ ਤੇ ਮੋਢੇ ਦੇ ਨਾਲ ਮੋਢਾ ਜੋੜ ਕੇ ਪੰਥਕ ਹਿੱਤਾਂ ਵਿਚ ਪਾਰਟੀ ਨੂੰ ਭਰਪੂਰ ਸਹਿਯੋਗ ਦੇਵੇਗੀ।

## ਕੈਪਟਨ ਅਮਰਿੰਦਰ ਸਿੰਘ ਸਮੇਤ ਸਾਰੇ ਕਾਂਗਰਸੀਆਂ ਦੇ ਘਿਰਾਓ ਦਾ ਫੈਸਲਾ

ਚੱਲ ਰਹੀ ਆ ਤਾਂ ਸਿੱਟੇ ‘ਤੇ ਕਿੱਦਾਂ ਪੁੱਜ ਗਏ ?
ਸਿੱਖ ਕੋਆਰਡੀਨੇਸ਼ਨ ਕਮੇਟੀ ਆਗੂਆਂ ਨੇ ਕਿਹਾ ਹੈ ਕਿ 19ਵਿਆਂ ਵਿਚ ਵੀ ਪੁਲਿਸ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰ ਦਿੰਦੀ ਸੀ, ਉਸ ਵੇਲੇ ਝੂਠੀਆਂ ਕਹਾਣੀਆਂ ਬਣਾਉਣ ਦੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਨੂੰ ਮੈਡਲ ਮਿਲਦੇ ਸਨ। ਆਗੂਆਂ ਨੇ ਕਿਹਾ ਕਿ ਅੱਜ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕਿਸ ਮੈਡਲ ਦੇ ਲਾਲਚ ਵਿਚ ਸਿੱਖਾਂ ਨੂੰ ਬਦਨਾਮ ਕਰ ਰਹੀ ਹੈ ? ਆਗੂਆਂ ਨੇ ਕਿਹਾ ਕਿ ਦੁਨੀਆਂ ਵਿਚ ਬੈਠੇ ਸਿੱਖ ਹੁਣ ਜਾਗ ਗਏ ਹਨ, ਤੇ ਮੀਡੀਆ ਕ੍ਰਾਂਤੀ ਨੇ ਅਜਿਹਾ ਕੰਮ ਕੀਤਾ ਹੈ ਕਿ ਵਿਦੇਸ਼ਾਂ ਵਿਚ ਬੈਠੇ ਹਰ ਇਕ ਸਿੱਖ ਨੂੰ ਭਾਰਤ ਵਿਚ ਵਾਪਰ ਰਹੀ ਹਰ ਘਟਨਾ ਦਾ ਪਤਾ ਲੱਗਦਾ ਹੈ, ਕੈਪਟਨ ਅਮਰਿੰਦਰ ਸਿੰਘ ਆਪਣੇ ਪੁਰਖਿਆਂ ਵੱਲੋਂ ਅੰਗਰੇਜ਼ਾਂ ਨਾਲ ਨਿਭਾਈਆਂ ਯਾਰੀਆਂ ਅਨੁਸਾਰ ਹੁਣ ਭਾਰਤ ਦੀਆਂ ਕੇਂਦਰ ਦੀਆਂ ਸਰਕਾਰਾਂ ਨਾਲ ਯਾਰੀਆਂ ਨਿਭਾ ਕੇ ਪੰਜਾਬ ਦੇ ਸਿੱਖ ਨੌਜਵਾਨਾਂ ਨੂੰ ਬਦਨਾਮ ਕਰਨ ਲਈ ਜੇਲ੍ਹਾਂ ਵਿਚ ਡੱਕ ਰਿਹਾ ਹੈ, ਇਨ੍ਹਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਨਹੀਂ ਗ੍ਰਿਫ਼ਤਾਰ ਕੀਤੇ ਗਏ, ਨਸ਼ਾ ਖ਼ਤਮ ਕਰਨ ਲਈ ਗੁਟਕਾ ਸਾਹਿਬ ਦੀ ਸੌਂ ਖਾ ਕੇ ਵੀ ਇਹ ਮੁਕਰ ਗਏ, ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਗੱਲ ਵੀ ਫੁਰਰਰ ਹੋ ਗਈ, ਇਨ੍ਹਾਂ ਨੇ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾ ਕੇ ਉਲਟਾ ਸਿੱਖਾਂ ਦੇ ਮੁੰਡਿਆਂ ਨੂੰ ਹੀ ਜੇਲ੍ਹਾਂ ਵਿਚ ਡੱਕਣਾ ਸ਼ੁਰੂ ਕੀਤਾ ਹੋਇਆ ਹੈ। ਇਹ ਸਰਾਸਰ ਝੂਠ ਹੈ ਤੇ ਬੇਬੁਨਿਆਦ ਹੈ। ਜੋ ਨੌਜਵਾਨ ਫੜੇ ਗਏ ਹਨ ਉਨ੍ਹਾਂ ਦੀਆਂ ਕਹਾਣੀਆਂ ਹੀ ਮੇਲ ਨਹੀਂ ਖਾਂਦੀਆਂ। ਸਿਵ ਸੈਨਾ ਵਾਲੇ ਖ਼ੁਦ ਕਹਿੰਦੇ ਹਨ ਕਿ ਇਹ ਗੈਂਗਵਾਰ ਹੈ। ਦੂਜੇ ਪਾਸੇ ਅਮਰਿੰਦਰ ਸਿੰਘ ਦੀ ਸਰਕਾਰ ਝੂਠ ਦਾ ਪੁਲੰਦਾ ਹੀ ਤਿਆਰ ਕਰਕੇ ਸਿੱਖਾਂ ਨੂੰ ਬਦਨਾਮ ਕਰਨ ਤੁਰੀ ਹੈ।
ਕੋਆਰਡੀਨੇਸ਼ਨ ਕਮੇਟੀ ਦੇ ਆਗੂਆਂ ਨੇ ਕਿਹਾ ਹੈ ਕਿ ਹੁਣ ਦੇਸ਼ਾਂ ਵਿਦੇਸ਼ਾਂ ਵਿਚ ਬੈਠੇ ਸਿੱਖ ਬਰਦਾਸ਼ਤ ਨਹੀਂ ਕਰ ਸਕਣਗੇ ਜਿਸ ਕਰਕੇ ਉਨ੍ਹਾਂ ਫੈਸਲਾ ਕੀਤਾ ਹੈ ਕਿ ਪਹਿਲਾਂ ਵਾਂਗ ਹੁਣ ਹੋਰ ਵੀ ਜ਼ਿਆਦਾ ਸਖ਼ਤੀ ਨਾਲ ਕਾਂਗਰਸੀਆਂ ਦਾ ਵਿਦੇਸ਼ਾਂ ਵਿਚ ਘਿਰਾਓ ਕੀਤਾ ਜਾਵੇਗਾ, ਉਨ੍ਹਾਂ ਕਿਹਾ ਕਿ ਬਹੁਤ ਸਾਰੇ ਸਿੱਖ ਭਰਾਵਾਂ ਨੇ ਵਿਦੇਸ਼ਾਂ ਵਿਚ ਸਿੱਖੀ ਦਾ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ ਹੈ। ਪਰ ਉਲਟਾ ਅਮਰਿੰਦਰ ਸਿੰਘ ਸੌੜੀ ਸਿਆਸਤ ਕਰਦੇ ਹੋਏ ਸਿੱਖਾਂ ਨੂੰ ਬਦਨਾਮ ਕਰ ਰਹੇ ਹਨ। ਆਗੂਆਂ ਨੇ ਕਿਹਾ ਕਿ ਹੁਣ ਕੋਈ ਵੀ ਕਾਂਗਰਸੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਦੇ ਮੰਤਰੀ, ਵਿਧਾਇਕ ਜਾਂ ਕੋਈ ਵੱਡਾ ਕਾਂਗਰਸੀ ਆਗੂ ਜੇਕਰ ਵਿਦੇਸ਼ਾਂ ਦੀ ਧਰਤੀ ਤੇ ਪੈਰ ਰੱਖਦਾ ਹੈ ਤਾਂ ਉਸ ਦਾ ਘਿਰਾਓ ਕਰਕੇ ਉਸ ਨੂੰ ਵਿਦੇਸ਼ਾਂ ਦੀ ਧਰਤੀ ਤੇ ਪੈਰ ਰੱਖਦਾ ਹੈ ਤਾਂ ਉਸ ਦਾ ਘਿਰਾਓ ਕਰਕੇ ਉਸ ਨੂੰ ਵਿਦੇਸ਼ਾਂ ਦੀ ਧਰਤੀ ਤੋਂ ਭਜਾਇਆ ਜਵੇਗਾ।

## ਭਾਈ ਗਜਿੰਦਰ ਸਿੰਘ ਨੂੰ ਸ਼ਰਣਾਰਥੀ ਦਰਜਾ ਦਿੱਤਾ ਜਾਵੇ

ਮੰਚ ਉਤੇ ਗਜਿੰਦਰ ਸਿੰਘ ਦੇ ਰਾਹ ਵਿੱਚ ਕੰਡੇ ਵਿੱਛਾ ਰਿਹਾ ਹੈ ਉਹਨਾਂ ਆਪਣੀ ਗੱਲ ਦਾ ਖੁਲਾਸਾ ਕਰਦਿਆਂ ਦੱਸਿਆ ਕਿ 1996 ਵਿੱਚ ਗਜਿੰਦਰ ਸਿੰਘ ਵਲੋਂ ਜਰਮਨੀ ਅੰਦਰ ਪਨਾਹ ਲੈਣ ਦੀ ਕੋਸ਼ਿਸ਼ ਭਾਰਤ ਵਲੋਂ ਆਪਣੀ ਕੂਟਨੀਤੀ ਦੇ ਪ੍ਰਭਾਵ ਹੇਠ ਅਸਫਲ ਬਣਾ ਦਿੱਤੀ ਗਈ ਸੀ। ਉਹਨਾਂ ਦੱਸਿਆ ਕਿ ਇਸੇ ਤਰ੍ਹਾਂ ਇੰਗਲੈਂਡ ਸਰਕਾਰ ਨੇ ਵੀ ਇੱਕ ਖੱਤ ਲਿੱਖਕੇ 90ਵੇਂ ਦਹਾਕੇ ਦੇ ਅਖੀਰ ਵਿੱਚ ਗਜਿੰਦਰ ਸਿੰਘ ਨੂੰ ਉਹਨਾਂ ਦੇ ਮੁਲਕ ਵਿੱਚ ਨਾ ਆਉਣ ਦੀ ਆਪ-ਮੁਹਾਰੇ ਸਲਾਹ ਦੇ ਦਿੱਤੀ ਸੀ ਹਾਲਾਂਕਿ ਉਹਨਾਂ ਨੇ ਅਜੇ ਪਨਾਹ ਲਈ ਪਟੀਸ਼ਨ ਵੀ ਦਾਖਿਲ ਨਹੀਂ ਕੀਤੀ ਸੀ। ਉਹਨਾਂ ਵਿਅੰਗ ਕਰਦਿਆਂ ਕਿਹਾ ਕਿ ਇਹ ਇੱਕ ਵਖਰੀ ਗੱਲ ਹੈ ਕਿ ਇੰਗਲੈਂਡ ਨੇ ਪਾਕਿਸਤਾਨ ਦੇ ਸਿੰਧ ਸੂਬੇ ਦੇ ਬਾਗੀ ਅਲਤਾਫ ਹੁਸੈਨ ਨੂੰ ਪਨਾਹ ਦੇ ਰੱਖੀ ਹੈ।
ਉਹਨਾਂ ਕਿਹਾ ਕਿ ਏਥੇ ਹੀ ਬੱਸ ਨਹੀਂ, 2001 ਵਿੱਚ ਭਾਰਤ ਸਰਕਾਰ ਨੇ ਗਜਿੰਦਰ ਸਿੰਘ ਦਾ ਨਾਮ 20 ਅਤਿ ਲੋੜੀਦੇਂ “ਦਹਿਸ਼ਤਗਰਦਾਂ” ਦੀ ਸੂਚੀ ਵਿੱਚ ਪਾ ਦਿੱਤਾ। ਉਹਨਾਂ ਅੱਗੇ ਦੱਸਿਆ ਕਿ ਪਿਛਲੇ ਵਰ੍ਹੇ ਦਿੱਲੀ ਦੀ ਇੱਕ ਅਦਾਲਤ ਵਿੱਚ 36 ਸਾਲ ਬਾਅਦ ਜਹਾਜ਼ ਅਗਵਾ ਦਾ ਕੇਸ ਨਵੀਆਂ ਧਾਰਾਵਾਂ ਜੋੜ ਕੇ ਮੁੜ ਖੋਲ੍ਹ ਦਿੱਤਾ ਗਿਆ ਅਤੇ ਇਸ ਕੇਸ ਨਾਲ ਸਬੰਧਤ ਜਥੇਬੰਦੀ ਦੇ 2 ਮੈਂਬਰ ਜੋ ਪਾਕਿਸਤਾਨ ਵਿੱਚ ਸਜ਼ਾ ਭੁਗਤਣ ਤੋਂ ਬਾਅਦ ਭਾਰਤ ਪਰਤ ਆਏ ਸਨ ਨੂੰ ਨਵੇਂ ਸਿਰਿਉਂ ਉਲਝਾ ਲਿਆ ਗਿਆ ਹੈ। ਉਹਨਾਂ ਸਪੱਸ਼ਟ ਕੀਤਾ ਕਿ ਗਜਿੰਦਰ ਸਿੰਘ ਵਿਰੁੱਧ ਜਹਾਜ਼ ਅਗਵਾ ਤੋਂ ਬਿਨਾਂ ਕੋਈ ਕੇਸ ਦਰਜ ਨਹੀਂ ਹੈ ਅਤੇ ਇਸ ਕੇਸ ਵਿੱਚ ਉਹਨਾਂ ਬਣਦੀ ਸਜ਼ਾ ਭੁਗਤ ਲਈ ਹੈ।

## ਯੂਨਾਈਟਿਡ ਅਕਾਲੀ ਦਲ ਨੇ ਧਰਮਯੁੱਧ ਮੁੜ ਸ਼ੁਰੂ ਕਰਨ ਦਾ ਕੀਤਾ ਐਲਾਨ

ਅਕਾਲੀ ਦਲ ਵੱਲੋਂ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲੇ ਜਥੇ ਦੀ ਅਗਵਾਈ ਕਰ ਕੇ ਗ੍ਰਿਫ਼ਤਾਰੀ ਦਿੱਤੀ ਸੀ। ਇਸ ਤੋਂ ਬਾਅਦ ਅਕਾਲੀ ਦਲ ਨੇ ਕਥਿਤ ਤੌਰ ’ਤੇ ਕੁਰਸੀਆਂ ਖਾਤਰ ਸਿੱਖ ਕੌਮ ਦੇ ਸੰਘਰਸ਼ ਨੂੰ ਪਿੱਠ ਦਿਖਾ ਕੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਵੀ ਭੁਲਾ ਦਿੱਤਾ। ਸ੍ਰੀ ਆਨੰਦਪੁਰ ਸਾਹਿਬ ਦਾ ਮਤਾ ਸਮੁੱਚੀ ਕੌਮ ਦੇ ਸੰਘਰਸ਼ ਦਾ ਆਧਾਰ ਹੈ। ਇਸ ਤੋਂ ਬਾਅਦ 26 ਜਨਵਰੀ 1986 ਨੂੰ ਹੋਏ ਸਰਬੱਤ ਖ਼ਾਲਸਾ ਨੇ ਵੀ ਇਸ ਮਤੇ ਲਈ ਸੰਘਰਸ਼ ਕਰਨ ਦਾ ਅਹਿਦ ਲਿਆ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿਹੜੀਆਂ ਜਥੇਬੰਦੀਆਂ ਖ਼ਾਲਿਸਤਾਨ ਦੀ ਮੰਗ ਕਰਦੀਆਂ ਹਨ, ਉਨ੍ਹਾਂ ਸਬੰਧੀ ਯੂਨਾਈਟਿਡ ਅਕਾਲੀ ਦਲ ਨੂੰ ਕੋਈ ਇਤਰਾਜ਼ ਨਹੀਂ ਹੈ ਪਰ ਉਨ੍ਹਾਂ ਦੀ ਪਾਰਟੀ ਦਾ ਏਜੰਡਾ ਕੇਵਲ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਵਾਉਣਾ ਹੈ। ਇਸ ਸੰਘਰਸ਼ ਵਿੱਚ ਪੰਜਾਬ ਦੇ ਹਿੱਤਾਂ ਵਿੱਚ ਭਰੋਸਾ ਰੱਖਣ ਵਾਲੇ ਹਰ ਧਰਮ ਅਤੇ ਜਾਤ ਦੇ ਵਿਅਕਤੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਉਹ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਸੰਘਰਸ਼ ਕਰਨਗੇ ਅਤੇ ਉਨ੍ਹਾਂ ਦੀ ਮੰਗ ਵੀ ਭਾਰਤੀ ਹੱਦਾਂ ਤੱਕ ਹੀ ਸੀਮਤ ਰਹੇਗੀ। ਆਗੂਆਂ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਾਰ-ਵਾਰ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਦੇ ਇੱਕ-ਇੱਕ ਅੱਖਰ ਨੂੰ ਲਾਗੂ ਕਰਵਾਉਣ ਦੀ ਗੱਲ ਕਰਦੇ ਰਹੇ ਸਨ। ਭਾਈ ਗੁਰਦੀਪ ਸਿੰਘ ਨੇ ਕਿਹਾ ਕਿ 4 ਫਰਵਰੀ 2018 ਨੂੰ ਅੰਮ੍ਰਿਤਸਰ ਵਿੱਚ ਕਰਵਾਈ ਜਾ ਰਹੀ ’ਧਰਮ ਯੁੱਧ ਕਾਨਫ਼ਰੰਸ’ ਸਿੱਖ ਕੌਮ ਨੂੰ ਸੰਘਰਸ਼ ਦਾ ਠੋਸ ਮੰਚ ਮੁਹੱਈਆ ਕਰੇਗੀ। ਇਸ ਧਰਮ ਯੁੱਧ ਮੋਰਚੇ ਦੌਰਾਨ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਰਾਜਸੀ ਸਿੱਖ ਬੰਦੀਆਂ ਦੀ ਰਿਹਾਈ ਮੰਗੀ ਜਾਵੇਗੀ।
ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ, ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਅਤੇ ਪੰਜਾਬ ਦੇ ਪਾਣੀਆਂ ਦੀ ਲੁੱਟ ਬੰਦ ਕਰਨ ਦੀਆਂ ਮੰਗਾਂ ਵੀ ਉਠਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੀਤੇ ਵਾਅਦੇ ਪੂਰੇ ਕਰਨ ਵਿੱਚ ਫੇਲ੍ਹ ਰਹੇ ਹਨ।

## ਨਾਨਕਸ਼ਾਹੀ ਕੈਲੰਡਰ ਨੂੰ ਮੌਲਿਕ ਰੂਪ ਵਿਚ ਲਾਗੂ ਕਰਵਾਉਣ ਦਾ ਅਹਿਦ

ਨੇ ਸੰਬੰਧਿਤ ਮੁੱਦੇ ਨਾਲ ਭਾਵਕ ਸਾਂਝ ਪਾਉਂਦਿਆਂ ਮੂਲ ਨਾਨਕਸ਼ਾਹੀ ਕੈਲੰਡਰ ਵਿਚ ਵਿਗਾੜ ਪੈਦਾ ਕਰਨ ਵਾਲੀਆਂ ਧਿਰਾਂ ਸੰਬੰਧੀ ਚਰਚਾ ਕੀਤੀ। ਉਨ੍ਹਾਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਸਿੱਖ ਸੰਗਤਾਂ ਲਈ ਵੇਲੇ ਦੀ ਲੋੜ ਦੱਸਦਿਆਂ ਇਸ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਸ. ਪਾਲ ਸਿੰਘ ਪੁਰੇਵਾਲ ਦੀ ਲਗਨ ਤੇ ਮਿਹਨਤ ਦੀ ਭਰਵੀ ਪਰਸ਼ੰਸਾ ਕੀਤੀ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਸਾਰੇ ਸਿੱਖ ਅਦਾਰਿਆਂ ਵਿਚ ਇੱਸ ਕੈਲੰਡਰ ਦੇ ਮੂਲ ਰੂਪ ਨੂੰ ਲਾਗੂ ਕੀਤਾ ਜਾਵੇ।
ਦੂਜੇ ਬੁਲਾਰੇ ਸ. ਸਰਬਜੀਤ ਸਿੰਘ (ਸੈਕਰਾਮੈਂਟੋ) ਨੇ ਸਿੱਖ ਇਤਿਹਾਸ ਸੰਬੰਧੀ ਜਨਮ ਸਾਖੀ ਪਰੰਪਰਾ ਅਤੇ ਬਿਕਰਮੀ ਕੈਲੰਡਰ ਦੇ ਆਧਾਰ ਉੱਤੇ ਲਾਏ ਜਾਂਦੇ ਫੈਸਲਿਆਂ ਨੂੰ ਗੈਰ-ਵਿਗਿਆਨਕ ਦਸਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਨਾਨਕਸ਼ਾਹੀ ਕੈਲੰਡਰ ਇਕ ਲੰਬੀ ਖੋਜ ਤੋਂ ਪਿੱਛੋਂ ਹੋਂਦ ਵਿੱਚ ਆਇਆ ਹੈ। ਇਸ ਦਾ ਵਿਰੋਧ ਕਰਨ ਵਾਲੀਆਂ ਧਿਰਾਂ ਨੇ ਆਪਣੀਆਂ ਮਨ-ਆਈਆਂ ਕਾਰਨ ਇਸ ਦਾ ਵਿਰੋਧ ਕਰਕੇ ਸਿੱਖ ਇਤਿਹਾਸ ਬਾਰੇ ਸਾਰਥਿਕ ਸਿੱਟਿਆਂ ਨੂੰ ਲੀਹੋਂ ਲਾਹੁਣ ਦਾ ਯਤਨ ਕੀਤਾ ਹੈ। ਸ.ਸਰਬਜੀਤ ਸਿੰਘ (ਸੈਕਰਾਮੈਂਟੋ) ਨੇ ਵਧੇਰੇ ਕਰਕੇ ਤਕਨੀਕੀ ਪੱਧਰ ਤੇ ਪਰਚੱਲਤ ਉਕਾਈਆਂ ਨੂੰ ਸਾਹਮਣੇ ਲਿਆਂਦਾ।
ਦੂਜੇ ਸੈਸ਼ਨ ਦੇ ਆਰੰਭਕ ਬੁਲਾਰੇ ਪੱਤਰਕਾਰ ਸੁਰਿੰਦਰ ਸਿੰਘ ਨੇ ਵਧੇਰੇ ਕਰਕੇ ਪੰਜਾਬ ਵਿੱਚ ਨਸ਼ਿਆਂ ਦੇ ਬੋਲਬਾਲੇ ਅਤੇ ਪ੍ਰਦੂਸ਼ਨ ਸੰਬੰਧੀ ਚਰਚਾ ਕੀਤੀ।
ਇਸ ਸੈਸ਼ਨ ਦੇ ਦੂਜੇ ਬਲਾਰੇ ਪ੍ਰੋ.ਨਿਰੰਜਨ ਸਿੰਘ ਢੇਸੀ ਨੇ ਸਿੱਖ ਚਿੰਤਨ ਅਤੇ ਸਿੱਖ ਇਤਿਹਾਸ ਸੰਬੰਧੀ ਵਿਚਾਰ ਕਰਦਿਆਂ ਮੂਲ ਨਾਨਕਸ਼ਾਹੀ ਕੈਲੰਡਰ ਦੀ ਸਾਰਥਕਤਾ ਤੇ ਪ੍ਰਸੰਗਿਕਤਾ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ। ਉਨ੍ਹਾਂ ਇਹ ਸਪੱਸ਼ਟ ਕੀਤਾ ਕਿ ਸਿੱਖ ਚਿੰਤਨ ਅਤੇ ਇਤਿਹਾਸ ਲਈ ਪਰੰਪਰਾਗਤ ਬਿਕਰਮੀ ਕੈਲੰਡਰ ਅਧੂਰਾ ਹੈ। ਸਿੱਖ ਕੌਮ ਨਾਲ ਸੰਬੰਧਿਤ ਵਿਚਾਰਧਾਰਕ ਤੇ ਇਤਿਹਾਸਕ ਵਰਤਾਰਿਆਂ ਸੰਬੰਧੀ ਮੂਲ ਨਾਨਕਸ਼ਾਹੀ ਕੈਲੰਡਰ ਇਕ ਸ਼ਾਨਦਾਰ ਤੇ ਜਾਨਦਾਰ ਦਸਤਾਵੇਜ਼ ਹੈ। ਸ. ਪਾਲ ਸਿੰਘ ਵਲੋਂ ਤਿਆਰ ਕੀਤੇ ਗਏ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮੌਲਿਕ ਰੂਪ ਵਿਚ ਲਾਗੂ ਕਰਨਾ ਹੀ ਉਨ੍ਹਾਂ ਦਾ ਹਕੀਕੀ ਸਨਮਾਨ ਹੈ।
ਇਸ ਮੌਕੇ ਪੰਜਾਬ ਤੋਂ ਆਏ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੋਢੀ ਕਾਰਕੁਨ ਸ. ਇੰਦਰਪਾਲ ਸਿੰਘ ਨੇ ਸੰਬੋਧਨ ਕਰਦਿਆਂ ਸ: ਪਾਲ ਸਿੰਘ ਪੁਰੇਵਾਲ ਦੀ ਸਾਧਨਾ ਦਾ ਵਿਸ਼ੇਸ਼ ਤੌਰ ਤੇ ਵਰਣਨ ਕੀਤਾ। ਅਸਟਰੇਲੀਆ ਤੋਂ ਆਏ ਸ. ਹਰਕੀਰਤ ਸਿੰਘ ਅਜਨੋਹਾ ਨੇ ਉੱਥੇ ਗਠਨ ਕੀਤੀ ਗਈ ਸੁਪਰੀਮ ਸਿੱਖ ਕੌਂਸਲ ਦੀ ਕਾਰਗੁਜ਼ਾਰੀ ਬਾਰੇ ਚਰਚਾ ਕੀਤੀ। ਇਸ ਕਨਵੈਨਸ਼ਨ ਦੇ ਮੁੱਖ ਬੁਲਾਰੇ ਸ. ਪਾਲ ਸਿੰਘ ਪੁਰੇਵਾਲ ਨੇ ਆਪਣੇ ਬੇਬਾਕ ਭਾਸ਼ਨ ਵਿਚ ਇੱਸ ਕੈਲੰਡਰ ਨੂੰ ਵਿਕਰਤ ਕਰਨ ਵਾਲਿਆਂ ਦੀਆਂ ਖੋਖਲੀਆਂ ਦਲੀਲਾਂ ਨੂੰ ਪੂਰੀ ਤਰ੍ਹਾਂ ਰੱਦ ਕੀਤਾ। ਵੱਡੇਰੀ ਉਮਰ ਦੇ ਬਾਵਜੂਦ ਉਨ੍ਹਾਂ ਦੇ ਡੇਢ ਘੰਟਾ ਲਗਾਤਾਰ ਸੰਗਤਾਂ ਨੇ ਉਨ੍ਹਾਂ ਦੇ ਵਿਚਾਰ ਸੁਣੇ ਅਤੇ ਜੈਕਾਰਿਆਂ ਨਾਲ ਉਨ੍ਹਾਂ ਦਾ ਸੁਆਗਤ ਕੀਤਾ। ਦੂਜੇ ਸੈਸ਼ਨ ਦਾ ਮੰਚ ਸੰਚਾਲਨ ਪ੍ਰੋ. ਕੁਲਵੰਤ ਸਿੰਘ ਹੁੰਦਲ ਵਲੋਂ ਕੀਤਾ ਗਿਆ।
ਪੱਤਰਕਾਰ ਸੁਰਿੰਦਰ ਸਿੰਘ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪੂਰਨ ਰੂਪ ਵਿਚ ਲਾਗੂ ਕਰਨ ਸੰਬੰਧੀ ਮਤੇ ਪੜ੍ਹ ਕੇ ਸੁਣਾਏ ਅਤੇ ਸੰਗਤ ਨੇ ਪੰਜ ਜੈਕਾਰਿਆਂ ਨਾਲ ਉਨ੍ਹਾਂ ਨੂੰ ਮਨਜੂਰ ਕੀਤਾ।
12 ਨਵੰਬਰ ਨੂੰ ਸੰਗਤ ਦੀ ਭਰਵੀਂ ਹਾਜ਼ਰੀ ਵਿਚ ਦੁਬਾਰਾ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ। ਸਾਰੇ ਬੁਲਾਰਿਆਂ ਨੇ ਥੋੜੇ ਸਮੇਂ ਵਿਚ ਆਪਣੇ ਆਪਣੇ ਵਿਚਾਰ ਦਿੱਤੇ। ਅੰਤ ਵਿਚ ਸਾਰੇ ਬੁਲਾਰਿਆਂ ਨੂੰ ਸਨਮਾਨਤ ਕੀਤਾ ਗਿਆ। ਸਮਾਗਮ ਦੀ ਸਮਾਪਤੀ ਵੇਲੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਮਹਾਂਬੀਰ ਸਿੰਘ ਬਰਾੜ ਨੇ ਹਾਜ਼ਰ ਸੰਗਤਾਂ ਦਾ ਧੰਨਵਾਦ ਕੀਤਾ।

## ਸਿਰ.ਫ ਚਾਰ ਸੰਸਦ ਮੈਂਬਰਾਂ ਦੇ ਪੁੱਜਣ ਕਾਰਨ ਪੰਜਾਬ ਮਸਲਿਆਂ ਬਾਰੇ ਬੁਲਾਈ ਸਰਬ ਪਾਰਟੀ ਮੀਟਿੰਗ ਠੁੱਸ

ਹੈ। ਉਨ੍ਹਾਂ ਨੇ ਸੂਬੇ ਦੇ ਮਸਲੇ ਜਾਨਣ ਦਾ ਅਹਿਮ ਮੌਕਾ ਗੁਆ ਦਿੱਤਾ ਹੈ। ਮੀਟਿੰਗ ਵਿਚ ਪੰਜਾਬ ਸਿਰ ਚੜ੍ਹੇ ਕਰਜ਼ੇ, ਕੇਂਦਰ ਵੱਲੋਂ ਪਹਾੜੀ ਸੂਬਿਆਂ ਨੂੰ ਟੈਕਸ ਰਿਆਇਤਾਂ ਦੇਣ ਸਮੇਤ 26 ਅਹਿਮ ਮੁੱਦਿਆਂ 'ਤੇ ਵਿਚਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੇ ਉਹ ਇਸ ਮੀਟਿੰਗ ਵਿਚ ਸ਼ਾਮਲ ਹੁੰਦੇ ਤਾਂ ਉਨ੍ਹਾਂ ਨੂੰ ਇਕੱਠੇ ਹੋ ਕੇ ਸੰਸਦ ਵਿਚ ਮੁੱਦੇ ਉਠਾਉਣ ਵਿੱਚ ਮਦਦ ਮਿਲਣੀ ਸੀ ਜਿਸ ਦਾ ਸੂਬੇ ਨੂੰ ਫਾਇਦਾ ਹੋ ਸਕਦਾ ਸੀ।

ਇਹ ਪੁੱਛੇ ਜਾਣ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮੀਟਿੰਗ ਪ੍ਰਤੀ ਖੁਦ ਹੀ ਸੰਜੀਦਾ ਨਹੀਂ ਸਨ ਦੇ ਜਵਾਬ ਵਿਚ ਕਾਂਗਰਸ ਦੇ ਲੋਕ ਸਭਾ ਮੈਂਬਰ ਸੁਨੀਲ ਜਾਖੜ ਨੇ ਕਿਹਾ ਕਿ ਜਿਥੇ ਵਿਰੋਧੀ ਪਾਰਟੀਆਂ ਦੀ ਸੋਚ ਖਤਮ ਹੁੰਦੀ ਹੈ,ਉਥੋਂ ਕੈਪਟਨ ਦੀ ਸੋਚ ਸ਼ੁਰੂ ਹੁੰਦੀ ਤੇ ਉਨ੍ਹਾਂ ਨੇ ਹਰੇਕ ਮਸਲੇ ਬਾਰੇ ਕੇਂਦਰ ਸਰਕਾਰ ਨੂੰ ਪੱਤਰ ਲਿਖੇ ਹਨ। ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਉਨ੍ਹਾਂ ਨੇ ਹੀ ਅੱਜ ਦੀ ਮੀਟਿੰਗ ਸੱਦੀ ਸੀ ਤੇ ਇਸ ਕਰਕੇ ਉਨ੍ਹਾਂ ਨੇ ਮੁੱਖ ਮੰਤਰੀ ਦੇ ਮੀਟਿੰਗ ਵਿਚ ਨਾ ਆਉਣ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਮੀਟਿੰਗ ਆਪਣੇ ਮਕਸਦ ਵਿਚ ਸਫਲ ਰਹੀ ਹੈ।

ਇਕ ਕਾਂਗਰਸੀ ਆਗੂ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਮੀਟਿੰਗ ਵਿਚ ਆਉਣਾ ਚਾਹੀਦਾ ਸੀ, ਭਾਵੇਂ ਉਹ ਕੁਝ ਸਮੇਂ ਬਾਅਦ ਚਲੇ ਜਾਂਦੇ। ਖੁਦ ਮੀਟਿੰਗ ਸੱਦ ਕੇ ਨਾ ਆਉਣਾ ਠੀਕ ਨਹੀਂ। ਇਕ ਹੋਰ ਨੇ ਕਿਹਾ ਕਿ ਮੁੱਖ ਮੰਤਰੀ ਨੇ ਸੈਲਫ ਗੋਲ ਕਰ ਲਿਆ ਹੈ।

## 'ਆਪ' ਦੇ ਆਗੂਆਂ ਅਤੇ ਬੈਂਸ ਭਰਾਵਾਂ ਨੇ ਕੈਪਟਨ ਨੂੰ ਮਿਲ ਕੇ ਪੰਜਾਬ ਦੇ ਪਾਣੀਆਂ ਦੀ ਵਸੂਲੀ ਦਾ ਮੁੱਦਾ ਉਠਾਇਆ

ਵਸੂਲਣਗੇ ਤਾਂ ਹਿਮਾਚਲ ਪ੍ਰਦੇਸ਼ ਵੱਲੋਂ ਪੰਜਾਬ ਕੋਲੋਂ ਵੀ ਪਾਣੀ ਦੀ ਵਸੂਲੀ ਕੀਤੀ ਜਾ ਸਕਦੀ ਹੈ।

ਸ੍ਰੀ ਬੈਂਸ ਨੇ ਦੱਸਿਆ ਕਿ ਉਨ੍ਹਾਂ ਮੁੱਖ ਮੰਤਰੀ ਨੂੰ ਜਾਣਕਾਰੀ ਦਿੱਤੀ ਕਿ ਹਿਮਾਚਲ ਵੱਲੋਂ ਪੰਜਾਬ ਨੂੰ ਕਿਸੇ ਮੰਗ ਅਨੁਸਾਰ ਪਾਣੀ ਨਹੀਂ ਦਿੱਤਾ ਜਾ ਰਿਹਾ, ਸਗੋਂ ਕੁਦਰਤੀ ਪ੍ਰਵਾਹ ਅਨੁਸਾਰ ਹਿਮਾਚਲ ਦਾ ਫਾਲਤੂ ਪਾਣੀ ਪੰਜਾਬ ਵਿੱਚ ਆ ਰਿਹਾ ਹੈ ਅਤੇ ਇਸ ਦੀ ਵਸੂਲੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਦੂਜੇ ਪਾਸੇ ਪੰਜਾਬ ਦੇ ਜਿਹੜੇ ਦਰਿਆਵਾਂ ਦਾ ਪਾਣੀ ਬਾਕਾਇਦਾ ਨਹਿਰਾਂ ਬਣਾ ਕੇ ਰਾਜਸਥਾਨ, ਹਰਿਆਣਾ ਅਤੇ ਦਿੱਲੀ ਜਾ ਰਿਹਾ ਹੈ, ਉਨ੍ਹਾਂ ਦਰਿਆਵਾਂ ਨਾਲ ਇਨ੍ਹਾਂ ਦਾ ਕੋਈ ਸਬੰਧ ਨਹੀਂ ਹੈ। ਸ੍ਰੀ ਬੈਂਸ ਨੇ ਕਿਹਾ ਕਿ ਕੈਪਟਨ ਉਨ੍ਹਾਂ ਦੀ ਇਸ ਦਲੀਲ ਨਾਲ ਸਹਿਮਤ ਹੋਏ ਹਨ। ਸ੍ਰੀ ਬੈਂਸ ਨੇ ਜੇ ਉਹ ਪਾਣੀ ਦੀ ਕੀਮਤ ਵਸੂਲਣਗੇ ਤਾਂ ਉਹ ਆਪਣੀਆਂ ਸਿਆਸੀ ਵਲਗਣਾਂ ਛੱਡ ਕੇ ਇਸ ਮੁੱਦੇ ਉਪਰ ਮੁੱਖ ਮੰਤਰੀ ਦਾ ਡਟ ਕੇ ਸਾਥ ਦੇਣਗੇ।

ਬੈਂਸ ਭਰਾਵਾਂ ਨੇ ਮੁੱਖ ਮੰਤਰੀ ਨੂੰ ਦਿੱਤੇ ਮੈਮੋਰੰਡਮ ਵਿੱਚ ਦਾਅਵਾ ਕੀਤਾ ਹੈ ਕਿ ਇਕੱਲੇ ਰਾਜਸਥਾਨ ਤੋਂ ਹੀ ਪਾਣੀਆਂ ਦੀ ਕੀਮਤ ਵਜੋਂ 16 ਲੱਖ ਕਰੋੜ ਰੁਪਏ ਦੀ ਵਸੂਲੀ ਬਣਦੀ ਹੈ।

## ਮੇਰਾ ਮਾਮਲਾ ਸੀਬੀਆਈ ਹਵਾਲੇ ਕਰੋ: ਖਹਿਰਾ

ਮੁੱਖ ਮੰਤਰੀ ਨਾਲ ਮੀਟਿੰਗ ਦੌਰਾਨ 'ਆਪ' ਆਗੂ ਸ੍ਰੀ ਖਹਿਰਾ ਨੇ ਮੰਗ ਕੀਤੀ ਕਿ ਉਨ੍ਹਾਂ ਨੂੰ ਫਾਜ਼ਿਲਕਾ ਦੀ ਅਦਾਲਤ ਵੱਲੋਂ ਡਰੱਗ ਮਾਮਲੇ ਵਿੱਚ ਜਾਰੀ ਕੀਤੇ ਸੰਮਨਾਂ ਦੇ ਮਾਮਲੇ ਨੂੰ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੇ ਹਵਾਲੇ ਕੀਤਾ ਜਾਵੇ ਤਾਂ ਜੋ ਸੱਚ ਸਾਹਮਣੇ ਆ ਸਕੇ।

## ਸੁਖਬੀਰ ਤੇ ਹਰਸਿਮਰਤ ਨੂੰ ਕਾਂਗਰਸ ਤੇ 'ਆਪ' ਦਿਸਦੀਆਂ ਨੇ ਦੋਗਲੀਆਂ

ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਅਤੇ ਹੀਰਾ ਸਿੰਘ ਗਾਬੜੀਆਂ ਨੂੰ ਮੁੜ ਬੀ.ਸੀ. ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਜਨਰਲ (ਸੇਵਾਮੁਕਤ) ਜੇ.ਜੇ. ਸਿੰਘ ਨੂੰ ਐਕਸ-ਸਰਵਿਸਮੈਨ ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸ੍ਰੀ ਜੇ.ਜੇ. ਸਿੰਘ ਨੇ ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਪਟਿਆਲਾ ਵਿਧਾਨ ਸਭਾ ਹਲਕੇ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ ਚੋਣ ਲੜੀ ਸੀ ਤੇ ਉਨ੍ਹਾਂ ਨੂੰ ਨਾਮੋਸ਼ੀ ਭਰੀ ਹਾਲ ਮਿਲੀ ਸੀ। ਇਸੇ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੂੰ ਦਿੱਲੀ ਸਟੇਟ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸ੍ਰੀ ਬਾਦਲ ਨੇ ਦੱਸਿਆ ਕਿ ਬਾਕੀ ਜਥੇਬੰਦਕ ਢਾਂਚੇ ਦਾ ਐਲਾਨ ਜਲਦੀ ਹੀ ਕੀਤਾ ਜਾਵੇਗਾ।

## ਨਵੇਂ ਜ਼ਿਲ੍ਹਾ ਪ੍ਰਧਾਨਾਂ ਦੇ ਨਾਵਾਂ ਦਾ ਐਲਾਨ

ਅਤੇ ਸ਼ਤੀਸ਼ ਗਰੋਵਰ ਫਰੀਦਕੋਟ (ਸ਼ਹਿਰੀ), ਅਵਤਾਰ ਸਿੰਘ ਜ਼ੀਰਾ ਫਿਰੋਜ਼ਪੁਰ (ਦਿਹਾਤੀ), ਸੁਰਿੰਦਰ ਸਿੰਘ ਠੇਕੇਦਾਰ ਹੁਸ਼ਿਆਰਪੁਰ (ਦਿਹਾਤੀ), ਗੁਰਮੇਲ ਸਿੰਘ ਮਾਨਸਾ (ਦਿਹਾਤੀ) ਅਤੇ ਪ੍ਰੇਮ ਕੁਮਾਰ ਅਰੋੜਾ ਮਾਨਸਾ (ਸ਼ਹਿਰੀ), ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਮੁਕਤਸਰ ਸਾਹਿਬ (ਦਿਹਾਤੀ), ਤੀਰਥ ਸਿੰਘ ਮਾਹਲਾ ਮੋਗਾ (ਦਿਹਾਤੀ) ਅਤੇ ਬਾਲ ਕ੍ਰਿਸ਼ਨ ਬਾਲੀ ਮੋਗਾ (ਸ਼ਹਿਰੀ) ਅਤੇ ਅਸ਼ੋਕ ਅਨੇਜਾ ਫਾਜ਼ਿਲਕਾ (ਸ਼ਹਿਰੀ) ਦੇ ਪ੍ਰਧਾਨ ਹੋਣਗੇ।

ਸੁਖਬੀਰ ਬਾਦਲ ਨੇ ਕਿਹਾ ਕਿ ਜਲਦੀ ਹੀ ਬਾਕੀ ਅਹੁਦੇਦਾਰਾਂ ਦੇ ਨਾਵਾਂ ਦਾ ਵੀ ਐਲਾਨ ਕਰ ਦਿੱਤਾ ਜਾਵੇਗਾ।

## ਲੋਕਾਂ ਉੱਤੇ ਜ਼ੁਲਮ ਢਾਹੁਣ ਵਾਲੇ ਭਾਰਤ ਨੂੰ ਕੌਮਾਂਤਰੀ ਕਟਹਿਰੇ 'ਚ ਖੜ੍ਹਾ ਕਰਨਾ ਸਮੇਂ ਦੀ ਲੋੜ

ਮੁਲਕਾਂ ਦਾ ਮਜ਼ਬੂਤ ਗਰੁੱਪ ਬਣ ਚੁੱਕਿਆ ਹੈ। ਇਹ ਕੌਮਾਂਤਰੀ ਪੱਧਰ ਦੇ ਦੋਵੇ ਗਰੁੱਪ ਬਰਾਬਰ ਦੀ ਫ਼ੌਜੀ ਤਾਕਤ ਦੇ ਮਾਲਕ ਹੋਣਗੇ । ਜਿਸਦੀ ਨਿਸਬਤ ਸਿੱਖ ਹੋਮਲੈਂਡ ਜਿਸ ਵਿਚ ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ, ਰਾਜਸਥਾਨ, ਜੰਮੂ-ਕਸ਼ਮੀਰ, ਲੇਹ-ਲਦਾਖ, ਗੁਜਰਾਤ ਦੇ ਕੱਛ ਦਾ ਇਲਾਕਾ ਆਉਦਾ ਹੈ ਅਤੇ ਜੋ ਇਸਲਾਮਿਕ-ਪਾਕਿਸਤਾਨ, ਕਮਿਊਨਿਸਟ-ਚੀਨ ਅਤੇ ਹਿੰਦੂ-ਭਾਰਤ ਤ੍ਰਿਕੋਣ ਦੇ ਵਿਚਕਾਰ ਹੈ, ਇਹ ਸਿੱਖ ਕੌਮ ਦਾ ਇਲਾਕਾ ਪ੍ਰਮਾਣੂ ਜੰਗ ਤੋ ਇਸ ਲਈ ਬਚ ਜਾਵੇਗਾ, ਕਿਉਂਕਿ ਉਪਰੋਕਤ ਕੌਮਾਂਤਰੀ ਪੱਧਰ ਤੇ ਬਣੇ ਦੋਵਾਂ ਗਰੁੱਪਾਂ ਦੀਆਂ ਤਲਵਾਰਾਂ ਬਰਾਬਰ ਦੀਆਂ ਤਿੱਖੀਆਂ ਹਨ ਅਤੇ ਦੋਵੇ ਤਲਵਾਰਾਂ ਮਿਆਨ ਵਿਚੋ ਨਹੀਂ ਨਿਕਲ ਸਕਣਗੀਆਂ ਅਤੇ ਸਾਡਾ ਸਿੱਖ ਹੋਮਲੈਂਡ ਖ਼ਤਰੇ ਤੋ ਬਾਹਰ ਹੋ ਜਾਵੇਗਾ । ਪਰ ਬਦਕਿਸਮਤੀ ਇਹ ਹੈ ਕਿ ਸਾਡੀ ਸਿੱਖ ਕੌਮ ਸ੍ਰੀ ਟਰੰਪ ਦੇ ਆਉਣ ਤੋ ਪਹਿਲੇ ਅਮਰੀਕਾ ਦੀਆਂ ਮਨੁੱਖਤਾ ਪੱਖੀ, ਜਮਹੂਰੀ ਪੱਖੀ ਅਤੇ ਸਿੱਖ ਕੌਮ ਪੱਖੀ ਕਾਰਵਾਈਆਂ ਦੀ ਬਦੌਲਤ ਅਮਰੀਕਾ ਦੀ ਮਦਦ ਕਰਦੀ ਸੀ, ਪਰ ਸ੍ਰੀ ਮੋਦੀ ਵਰਗੇ ਮਨੁੱਖਤਾ ਵਿਰੋਧੀ ਜਾਲਮ ਹਾਕਮ ਅਤੇ ਹੋਰਨਾਂ ਸਰਕਾਰੀ ਦਹਿਸਤਗਰਦੀ ਦਾ ਪੱਖ ਪੂਰਨ ਵਾਲਿਆਂ ਦੀ ਹਾਮੀ ਭਰ ਕੇ, ਸ੍ਰੀ ਟਰੰਪ ਨੇ ਕੇਵਲ ਆਪਣੀ ਮਨੁੱਖਤਾ ਪੱਖੀ ਵਿਦੇਸ਼ੀ ਪਾਲਸੀ ਨੂੰ ਹੀ ਦਾਗੀ ਨਹੀਂ ਕਰ ਲਿਆ, ਬਲਕਿ ਆਪਣੇ ਜਨਮ ਤੋ ਮਨੁੱਖਤਾ ਦੀ ਭਲਾਈ ਤੇ ਬਿਹਤਰੀ ਲਈ ਯਤਨਸ਼ੀਲ ਰਹਿਣ ਵਾਲੀ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੀ ਸਿੱਖ ਕੌਮ ਦੀ ਨਜ਼ਰ ਵਿਚ ਵੀ ਆਪਣੀ ਸਖਸ਼ੀਅਤ ਦੇ ਸਤਿਕਾਰ ਨੂੰ ਵੱਡੀ ਠੇਸ ਪਹੁੰਚਾ ਦਿੱਤੀ ਹੈ ।

ਅਸੀਂ ਸਮਝਦੇ ਹਾਂ ਕਿ ਅਮਰੀਕਾ ਨੂੰ ਆਪਣੀ ਮਨੁੱਖਤਾ ਪੱਖੀ ਵਿਦੇਸ਼ੀ ਨੀਤੀ ਨੂੰ ਕਦੀ ਵੀ ਪਿੱਠ ਨਹੀਂ ਸੀ ਦੇਣੀ ਚਾਹੀਦੀ ਕਿਉਂਕਿ ਇਸੇ ਨੀਤੀ ਦੀ ਬਦੌਲਤ ਸਿੱਖ ਕੌਮ ਅਤੇ ਹੋਰ ਸੰਸਾਰ ਵਿਚ ਹੁਕਮਰਾਨਾਂ ਦੀਆਂ ਸ਼ਿਕਾਰ ਕੌਮਾਂ ਅਤੇ ਫਿਰਕੇ ਅਮਰੀਕਾ ਦਾ ਸਤਿਕਾਰ ਕਰਦੇ ਹਨ । ਇਸ ਨੂੰ ਨਜ਼ਰ ਅੰਦਾਜ ਕਰਕੇ ਸ੍ਰੀ ਟਰੰਪ ਨੇ ਸਰਕਾਰੀ ਦਹਿਸਤਗਰਦੀ ਦਾ ਪੱਖ ਪੂਰ ਕੇ ਕੌਮਾਂਤਰੀ ਪੱਧਰ ਤੇ ਅਮਰੀਕਾ ਦੀ ਛਵੀ ਅਤੇ ਅਕਸ ਉਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ, ਜਿਸ ਨੂੰ ਦੁਬਾਰਾ ਵਿਚਾਰ ਕਰਨ ਦੀ ਸਖ਼ਤ ਲੋੜ ਹੈ ।

ਏਸ਼ੀਆ ਵਾਚ ਹਿਊਮਨ ਰਾਈਟਸ, ਅਮਨੈਸਟੀ ਇੰਟਰਨੈਸ਼ਨਲ ਅਤੇ ਬੀਬੀ ਐਲਨਰ ਰੂਜਵੈਲਟ ਵੱਲੋਂ ਯੂ.ਐਨ. ਵਿਚ ਬਣਾਈ ਗਈ ਹਿਊਮਨ ਰਾਈਟਸ ਕਮਿਸ਼ਨ ਅਤੇ ਸਮੁੱਚੀ ਯੂ.ਐਨ. ਦੀ ਜਥੇਬੰਦੀ ਨੂੰ ਕੌਮਾਂਤਰੀ ਪੱਧਰ ਤੇ ਅਮਰੀਕਾ ਅਤੇ ਉਸਦੇ ਸਾਥੀ ਮੁਲਕਾਂ ਵੱਲੋਂ ਹੋ ਰਹੀਆਂ ਕਾਰਵਾਈਆਂ ਵਿਰੁੱਧ ਬਾਦਲੀਲ ਢੰਗ ਨਾਲ ਆਵਾਜ਼ ਉਠਾਉਣੀ ਚਾਹੀਦੀ ਹੈ ।

**ਟਿੱਪਣੀ:** ਬੀਤੇ ਦਿਨੀਂ ਸ੍ਰੀ ਟਰੰਪ ਦੇ ਕਈ ਮੁਲਕਾਂ ਦੇ ਦੌਰੇ ਕਰਦਿਆਂ ਇਕ ਚੀਜ਼ ਖਾਸ ਭੁੱਲ ਗਏ ਕਿ ਸ੍ਰੀ ਟਰੰਪ ਫਿਲਪੀਨ ਦੀ ਰਾਜਧਾਨੀ ਮਨੀਲਾ ਵੀ ਗਏ ਸੀ ਜਿਥੇ ਹੋਰ ਹੁਕਮਰਾਨਾਂ ਨੇ ਇਸ ਮੁਲਕ ਦੇ ਪ੍ਰਧਾਨ Rodrigo Duterte (ਰੋਡਰਿਗੋ ਡਿਉਟਰੀ) ਨਾਲ ਵੀ ਗੱਲਬਾਤ ਕੀਤੀ ਜਿਸ ਦੇ ਵਿਚ ਇਹ ਸਾਰੇ ਸ਼ਾਮਿਲ ਸਨ । ਆਪ ਜੀ ਨੂੰ ਪਤਾ ਹੋਵੇਗਾ ਕਿ ਫਿਲਪੀਨ ਦੇ ਪ੍ਰਧਾਨ ਸ੍ਰੀ Rodrigo Duterte (ਰੋਡਰਿਗੋ ਡਿਉਟਰੀ) ਨੇ ਕਰੀਬ 4000 ਲੋਕ ਜਾਨੋ ਮਾਰ ਦਿੱਤੇ ਹਨ ਜਿਨ੍ਹਾਂ ਤੇ ਫਿਲਪੀਨ ਦੀ ਸਰਕਾਰ ਨੂੰ ਸੱਸੀ ਕਿ ਇਹ ਨਸ਼ੇ ਦੀ ਸਮਗਲਿੰਗ ਦਾ ਧੰਦਾ ਕਰਦੇ ਸਨ । ਇਨ੍ਹਾਂ ਬੰਦਿਆਂ ਨੂੰ ਸ਼ੱਕ ਦੇ ਆਧਾਰ ਤੇ ਗੋਲੀ ਮਾਰ ਦੇਣਾ ਮਨੁੱਖੀ ਹੱਕਾਂ ਤੇ Principle of Natural Justice ਕੁਦਰਤ ਦੇ ਨਿਯਮਾਂ ਦੀ ਉਲੰਘਣਾ ਕਰਦਿਆਂ ਇਨ੍ਹਾਂ ਦੀਆਂ ਜਾਨਾਂ ਨੂੰ ਖੋਹਣਾ ਵਗੈਰ ਕਾਨੂੰਨ ਦੀ ਪ੍ਰਣਾਲੀ ਵਿਚੋਂ ਕੱਢਣਾ ਤੇ ਜੱਜਾਂ ਤੇ ਅਦਾਲਤਾਂ ਦੇ ਫੈਸਲੇ ਵਗੈਰ ਮੌਤ ਦਾ ਡੰਡ ਦੇਣਾ ਯੂ.ਐਨ. ਦੇ ਕਾਨੂੰਨਾਂ ਦੀ ਪੂਰੀ ਉਲੰਘਣਾ ਹੈ । ਇਹ ਗੈਰ-ਕਾਨੂੰਨੀ ਹੁਕਮ ਦੇ ਬਾਰੇ ਸ੍ਰੀ ਟਰੰਪ ਤੇ ਸ੍ਰੀ ਨਰਿੰਦਰ ਮੋਦੀ ਨੂੰ ਵੀ ਪ੍ਰੈਸ ਨੇ ਪੁੱਛਿਆ ਪਰ ਫਿਕਰ ਦੀ ਗੱਲ ਹੈ ਕਿ ਇਸ ਗੰਭੀਰ ਮਸਲੇ ਨੂੰ ਬਿਆਨ ਕਰਨ ਤੋਂ ਦੋਨੋ ਆਗੂ ਪਾਸਾ ਵੱਟ ਗਏ ।

ਇਸ ਲਈ ਸਾਡੀ ਪਾਰਟੀ ਫਿਕਰਮੰਦ ਹੈ ਕਿ ਅਸੀਂ ਤੇ ਸਾਰਾ ਸੰਸਾਰ ਇਕ ਭਿਆਨਕ ਤੇ ਗੈਰ-ਕਾਨੂੰਨੀ ਯੁੱਗ ਦੇ ਵਿਚ ਜੀਵਨ ਬਤੀਤ ਕਰ ਰਹੇ ਹਾਂ । ਗੁਰੂ ਨਾਨਕ ਸਾਹਿਬ ਨੇ ਆਦੇਸ਼ ਦਿੱਤਾ ਹੈ ਕਿ ਬਾਬਰ-ਜ਼ਾਬਰ, ਤਾਂ ਫਿਰ ਜੋ ਲੋਕ ਮਨੁੱਖਤਾ ਦੇ ਵਿਚ ਮੰਨਦੇ ਹਨ ਉਨ੍ਹਾਂ ਨੂੰ ਹੁਣ ਜ਼ਬਰ ਦੇ ਖਿਲਾਫ਼ ਇਕਜੁੱਟ ਤੇ ਇਕ ਤਾਕਤ ਹੋ ਕੇ ਖੜਨਾ ਪਵੇਗਾ । ਉਕਤ ਦਿਖਾਏ ਆਗੂ ਅਦਾਲਤੀ ਹੁਕਮਾਂ ਤੋਂ ਬਗੈਰ ਹੀ ਲੋਕਾਂ ਨੂੰ ਮੌਤ ਦਾ ਡੰਡ ਦੇ ਦਿੰਦੇ ਹਨ । ਕੀ ਸਿੱਖ ਅਜੇਂ ਵੀ ਕਾਂਗਰਸ, ਬੀਜੇਪੀ, ਬਾਦਲ ਦਲ, ਆਮ ਆਦਮੀ ਪਾਰਟੀ, ਆਰ.ਐਸ.ਐਸ. ਨੂੰ ਵੋਟਾਂ ਪਾਉਦੇ ਰਹਿਣਗੇ ?

(ਸਿੱਖ ਸਿਆਸਤ 'ਚੋਂ ਧੰਨਵਾਦ ਸਹਿਤ)

## ਲੁਧਿਆਣਾ ਦੀ ਫੈਕਟਰੀ 'ਚ ਭਿਆਨਕ ਹਾਦਸੇ ਨੇ 13 ਜਾਨਾਂ ਲਈਆਂ

ਨੇ ਦੱਸਿਆ ਕਿ ਪੰਜ-ਮੰਜ਼ਿਲਾ ਫੈਕਟਰੀ 'ਚ ਧਮਾਕਾ ਕੈਮੀਕਲ ਜਾਂ ਕਿਸੇ ਸਿਲੰਡਰ ਫਟਣ ਨਾਲ ਨਹੀਂ ਹੋਇਆ ਬਲਕਿ ਕੈਮੀਕਲ 'ਤੇ ਪਾਣੀ ਪੈਣ ਬਾਅਦ ਪਹਿਲੀ ਮੰਜ਼ਿਲ 'ਤੇ ਬਣੇ ਭਾਫ਼ ਦੇ ਗੁਬਾਰ ਕਾਰਨ ਹੋਏ ਧਮਾਕੇ 'ਚ ਪੰਜ ਮੰਜ਼ਿਲਾਂ ਇਮਾਰਤ ਢਹਿ ਢੇਰੀ ਹੋਈ ਹੈ। ਫਾਇਰ ਬ੍ਰਿਗੇਡ ਅਫ਼ਸਰ ਭੁਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਵੀਡੀਓ ਦੇਖਣ ਅਤੇ ਹੋਰ ਤੱਥਾਂ ਦੀ ਪੜਤਾਲ ਤੋਂ ਪਤਾ ਲੱਗਾ ਹੈ ਕਿ ਫਾਇਰ ਬ੍ਰਿਗੇਡ ਮੁਲਾਜ਼ਮਾਂ ਨੇ ਫੈਕਟਰੀ 'ਚ ਪਏ ਪੈਟਰੋ ਕੈਮੀਕਲ 'ਤੇ ਪਾਣੀ ਪਾ ਕੇ ਇਕ ਵਾਰ ਤਾਂ ਅੱਗ ਬੁਝਾ ਦਿੱਤੀ ਪਰ ਪਹਿਲੀ ਮੰਜ਼ਿਲ 'ਤੇ ਕੈਮੀਕਲ ਹੋਣ ਕਾਰਨ ਮੁੜ ਅੱਗ ਲੱਗ ਗਈ। ਕੈਮੀਕਲ 'ਤੇ ਪਾਣੀ ਪੈਣ ਕਾਰਨ ਉਸ ਦੀ ਭਾਫ਼ ਬਣਦੀ ਰਹੀ। ਭਾਫ਼ ਕਾਰਨ ਪਹਿਲੀ ਮੰਜ਼ਿਲ 'ਤੇ ਧਮਾਕਾ ਹੋਇਆ। ਉਨ੍ਹਾਂ ਕਿਹਾ ਕਿ ਫਾਇਰ ਬ੍ਰਿਗੇਡ ਮੁਲਾਜ਼ਮ ਸੀਮਤ ਸਾਧਨਾਂ ਦੇ ਬਾਵਜੂਦ ਅੱਗ ਬੁਝਾਉਣ ਲਈ ਜੁਟੇ ਹੋਏ ਸਨ।

### ਪਿਤਾ ਦੀ ਲਾਸ਼ ਦੇਖਦਿਆਂ ਹੀ ਫਾਇਰ ਕਰਮੀ ਸੰਨੀ ਦਾ ਹੌਂਸਲਾ ਟੁਟਿਆ

ਸੀਨੀਅਰ ਫਾਇਰ ਅਫ਼ਸਰ ਰਾਜ ਕੁਮਾਰ ਦੀ ਲਾਸ਼ ਦੇਖਦੇ ਹੀ ਉਸ ਦੇ ਫਾਇਰ ਕਰਮੀ ਲੜਕੇ ਸੰਨੀ ਦਾ ਹੌਂਸਲਾ ਟੁੱਟ ਗਿਆ। 30 ਘੰਟਿਆਂ ਤੋਂ ਲਗਾਤਾਰ ਮਲਬਾ 'ਫਰੋਲ' ਰਹੇ ਸੰਨੀ ਨੂੰ ਜਦੋਂ ਪਿਤਾ ਦੀ ਲਾਸ਼ ਮਿਲੀ ਤਾਂ ਉਸ ਦੀ ਧਾਹ ਨਿਕਲ ਗਈ। ਲਾਸ਼ ਨੂੰ ਪੋਸਟਮਾਰਟਮ ਲਈ ਤੁਰੰਤ ਸਿਵਲ ਹਸਪਤਾਲ ਭੇਜਿਆ ਗਿਆ। ਸੰਨੀ ਨੇ ਕੁਝ ਦੂਰੀ 'ਤੇ ਖੜ੍ਹੇ ਆਪਣੇ ਪਰਿਵਾਰ ਵਾਲਿਆਂ ਨੂੰ ਕਿਹਾ ਕਿ ਪਿਤਾ ਜੀ ਨਹੀਂ ਰਹੇ। ਇਸ ਨਾਲ ਸਾਰਾ ਪਰਿਵਾਰ ਬੇਹਾਲ ਹੋ ਗਿਆ। ਦੱਸਣਯੋਗ ਹੈ ਕਿ ਰਾਜ ਕੁਮਾਰ ਦੀ ਲਾਸ਼ ਮਿਲਣ ਤੋਂ ਕੁਝ ਸਮਾਂ ਪਹਿਲਾਂ ਮਲਬੇ 'ਚ ਫਸੇ ਵਿਅਕਤੀਆਂ ਦੇ ਪਰਿਵਾਰ ਬਚਾਅ ਕਾਰਜ ਹੌਲੀ ਚੱਲਣ ਦਾ ਦੋਸ਼ ਲਾ ਰਹੇ ਸਨ।

### ਮੁੱਖ ਮੰਤਰੀ ਨੇ ਵੰਡਾਇਆ ਪੀੜਤਾਂ ਦਾ ਦੁੱਖ

ਕੈਪਸ਼ਨ : ਕੈਪਟਨ ਅਮਰਿੰਦਰ ਸਿੰਘ ਤੇ ਨਵਜੋਤ ਸਿੰਘ ਸਿੱਧੂ ਮੰਗਲਵਾਰ ਨੂੰ ਲੁਧਿਆਣਾ ਵਿੱਚ ਮਲਬੇ ਹੇਠ ਦੱਬੇ ਮਜ਼ਦੂਰ ਦੇ ਪਰਿਵਾਰਕ ਮੈਂਬਰ ਨਾਲ ਗੱਲਬਾਤ ਕਰਦੇ ਹੋਏ।

ਇਥੇ ਧਮਾਕੇ ਬਾਅਦ ਢਹਿ-ਢੇਰੀ ਹੋਈ ਪਲਾਸਟਿਕ ਫੈਕਟਰੀ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੌਰਾ ਕੀਤਾ ਅਤੇ ਪੀੜਤਾਂ ਦਾ ਹਾਲ ਪੁੱਛਿਆ। ਉਨ੍ਹਾਂ ਨੇ ਪਟਿਆਲਾ ਦੇ ਡਿਵੀਜ਼ਨਲ ਕਮਿਸ਼ਨਰ ਨੂੰ ਇਸ ਘਟਨਾ ਦੀ ਮੁਕੰਮਲ ਪੜਤਾਲ ਦਾ ਹੁਕਮ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਹਾਦਸੇ ਦੀ ਜਾਂਚ ਦੌਰਾਨ ਦੇਖਿਆ ਜਾਵੇਗਾ ਕਿ ਕੈਮੀਕਲ ਨੂੰ ਸਟੋਰ ਕਰਕੇ ਫੈਕਟਰੀ ਮਾਲਕ ਨੇ ਨਿਯਮਾਂ ਦੀ ਉਲੰਘਣਾ ਤਾਂ ਨਹੀਂ ਕੀਤੀ। ਉਨ੍ਹਾਂ ਨੇ ਰਾਹਤ ਤੇ ਬਚਾਅ ਕਾਰਜਾਂ ਦਾ ਜਾਇਜ਼ਾ ਵੀ ਲਿਆ। ਉਨ੍ਹਾਂ ਕਿਹਾ ਕਿ ਪੜਤਾਲ ਦੌਰਾਨ ਨਿਰਮਾਣ ਨਿਯਮਾਂ ਦੀ ਉਲੰਘਣਾ ਵਾਲਾ ਪੱਖ ਵੀ ਦੇਖਿਆ ਜਾਵੇਗਾ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਬਚਾਅ ਅਤੇ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਆਖਿਆ। ਪੀੜਤ ਪਰਿਵਾਰਾਂ ਨੂੰ ਦਿਲਾਸਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਲਬੇ ਹੇਠ ਦੱਬੇ ਵਿਅਕਤੀਆਂ ਨੂੰ ਲੱਭਣ ਦੀ ਕੋਸ਼ਿਸ਼ ਕੀਤੇ ਜਾਣ 'ਚ ਕੋਈ ਕਸਰ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਹਾਦਸੇ 'ਚ ਮਾਰੇ ਗਏ ਫਾਇਰਮੈਨਾਂ ਤੇ ਇਕ ਸੈਨੇਟਰੀ ਇੰਸਪੈਕਟਰ ਨੂੰ 10-10 ਲੱਖ ਰੁਪਏ ਐਕਸਗ੍ਰੇਸ਼ੀਆ ਦਿੱਤਾ ਜਾਵੇਗਾ, ਜਿਸ 'ਚ ਸੂਬਾ ਸਰਕਾਰ ਅਤੇ ਨਗਰ ਨਿਗਮ ਵੱਲੋਂ 50-50 ਫ਼ੀਸਦ ਯੋਗਦਾਨ ਪਾਇਆ ਜਾਵੇਗਾ। ਪੀੜਤ ਪਰਿਵਾਰਾਂ ਦੇ ਇਕ ਜੀਅ ਨੂੰ ਤਰਸ ਦੇ ਆਧਾਰ 'ਤੇ ਨੌਕਰੀ ਵੀ ਦਿੱਤੀ ਜਾਵੇਗੀ। ਇਸ ਘਟਨਾ 'ਚ ਪੰਜ ਆਮ ਨਾਗਰਿਕ ਵੀ ਮਾਰੇ ਗਏ ਹਨ, ਜਿਨ੍ਹਾਂ ਦੇ ਪਰਿਵਾਰਾਂ ਨੂੰ ਦੋ ਦੋ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਅਣਗਹਿਲੀ ਵਰਤਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬੇ 'ਚ ਅੱਗ ਬੁਝਾਊ ਸੇਵਾਵਾਂ ਪੁਖਤਾ ਨਹੀਂ ਹਨ, ਜੋ ਸਰਕਾਰ ਦੇ ਧਿਆਨ 'ਚ ਹਨ। ਇਨ੍ਹਾਂ ਨੂੰ ਮਜ਼ਬੂਤ ਕਰਨ ਲਈ ਕਈ ਕਦਮ ਚੁੱਕੇ ਗਏ ਹਨ। ਇਸ ਸਾਲ ਡਾਇਰੈਕਟੋਰੇਟ ਆਫ ਫਾਇਰ ਸਰਵਿਸਿਜ਼ ਦੀ ਸਥਾਪਨਾ ਕੀਤੀ ਹੈ ਅਤੇ 69 ਅੱਗ ਬੁਝਾਊ ਗੱਡੀਆਂ ਖਰੀਦ ਕੇ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਨੂੰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ 27 ਹੋਰ ਅੱਗ ਬੁਝਾਊ ਗੱਡੀਆਂ ਖਰੀਦੀਆਂ ਜਾ ਰਹੀਆਂ, ਜੋ ਦਸੰਬਰ ਤਕ ਪਹੁੰਚ ਜਾਣਗੀਆਂ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਨਵਾਂ ਫਾਇਰ ਸੇਫਟੀ ਐਕਟ ਬਣਾਇਆ ਜਾ ਰਿਹਾ ਹੈ, ਜੋ ਦਸੰਬਰ ਤਕ ਤਿਆਰ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਫਾਇਰ ਸਟੇਸ਼ਨਾਂ ਲਈ ਢੁਕਵਾਂ ਸਾਜ਼ੋ-ਸਾਮਾਨ ਫਾਇਰ ਡਾਇਰੈਕਟੋਰੇਟ ਅਧੀਨ ਮੁਹੱਈਆ ਕਰਾਇਆ ਜਾਵੇਗਾ।

## ਕੰਨ੍ਹੇੜੀ ਚੜ੍ਹੇ ਵਰ੍ਹੇ

ਸਿਖਦੇ ਹਨ - ਉਸ ਵਿਚ ਲਿਖ ਲੈਂਦੇ ਹਨ - ਉਂਜ ਦਸਖ਼ਤ ਉਹ ਅੰਗਰੇਜ਼ੀ ਵਿਚ ਹੀ ਕਰਦੇ ਹਨ - ਸੁਹਣਾ ਜਿਹਾ ਘੁੰਡੀਦਾਰ - 'ਕੇ' ਅੱਖਰ ਲਿਖਕੇ - ਤੇ ਪਾਠ ਕਰਨ ਨੂੰ ਉਂਜ ਉਨ੍ਹਾਂ ਨੇ ਉਰਦੂ ਦਾ ਹੀ ਗੁਟਕਾ ਰਖਿਆ ਹੋਇਆ ਹੈ। ਸਾਨੂੰ ਮੁੱਢ ਵਿਚ ਪੈਂਤੀ ਸਿਖਾਉਣ ਲਈ ਵੀ ਉਨ੍ਹਾਂ ਨੇ ਆਪਣੇ ਹੀ ਢੰਗ ਨਾਲ ਅੱਖਰ ਲਿਖਣੇ ਸਿਖਾਏ ਹਨ ਜਿਵੇਂ ੳ ( ) ਅ ( ) ੲ ( ) ਸ ( ) ਆਦਿ।

ਕਦੀ ਵੀ ਕੋਈ ਮੁਸ਼ਕਿਲ ਆ ਗਈ ਜਾਂ ਚੁਨੌਤੀ ਉਹ ਆਪਣੇ ਢੰਗ ਨਾਲ ਹੀ ਉਸ ਦਾ ਹੱਲ ਲੱਭ ਲੈਂਦੇ ਹਨ -

ਇਕ ਵਾਰ ਸ਼ਿਮਲੇ, ਅੰਬ ਲੈ ਕੇ ਘਰ ਆਉਂਦੇ ਹਨ - ਅੰਬ ਪਾਉਣ ਲਈ ਕੁਝ ਵੀ ਕੋਲ ਨਹੀਂ ਹੈ - ਬੂਟ ਲਾਹ ਪਾਏ ਪੈਂਟ ਦੇ ਦੋਹਾਂ ਪਾਸੇ ਅੰਬ ਭਰ ਬੂਟ ਪਾ ਹੇਠੋਂ ਪੈਂਟ ਬੰਨ ਲੈਂਦੇ ਹਨ ਤਸਮਿਆਂ ਨਾਲ -

ਲਹੌਰ ਗਏ ਹਨ ਦੌਰੇ 'ਤੇ (ਵੰਡ ਮਗਰੋਂ) ਵਾਹਵਾ ਬਦਾਮ ਭੰਨ। ਗਿਰੀਆਂ ਕੱਢ ਤੇ ਹੋਰ ਸੁੱਕਾ ਮੇਵਾ, ਨਿਓਜ਼ੇ ਆਦਿ ਜੋ ਲੈ ਕੇ ਆਉਂਦੇ ਹਨ - ਹੋਰ ਕੁਝ ਨਹੀਂ ਮਿਲਦਾ ਤਾਂ ਸਿਰਾਣੇ ਦਾ ਗਿਲਾਫ਼ ਕੱਢ ਉਸ ਵਿਚ ਭਰ ਕੇ ਲੈ ਆਉਂਦੇ ਹਨ -

ਸ਼ਿਮਲੇ ਤੋਂ ਸਮਾਨ ਲੈ ਕੇ ਆਉਣਾ ਹੈ ਪੇਟੀਆਂ ਵਿਚ ਭਰ - ਇਕ ਮਧਾਣੀ ਹੈ - ਕਿਸੇ ਪਾਸੇ ਨੂੰ ਪੇਟੀ ਵਿਚ ਨਹੀਂ ਆ ਰਹੀ - ਗਿੱਠ ਕੁ ਡੰਡੀ ਛੱਡ - ਬਾਕੀ ਆਰੀ ਨਾਲ ਕੱਟ ਪੇਟੀ ਬੰਦ ਕਰ ਦਿੰਦੇ ਹਨ - ਫੱਟੀਆਂ ਜੜ੍ਹ-

ਬੀਜੀ ਨੂੰ ਇੱਥੇ ਦੁੱਧ ਰਿੜਕਣ ਲਈ ਔਖ ਨਾ ਹੋਏ - ਕੀ ਕਮਾਲ - ਸਾਇਕਲ ਦੀਆਂ ਗਰਾਰੀਆਂ ਪਾ, ਐਡੀ ਸੁਹਣੀ ਮਧਾਣੀ ਬਣਾਉਂਦੇ ਹਨ ਜਿਸ 'ਤੇ ਜ਼ੋਰ ਘੱਟ ਲੱਗੇ ਤੇ ਰੇੜਕਾ ਵੱਧ।

ਭਾਪਾ ਜੀ ਅਕਸਰ ਦੌਰੇ ਤੇ ਰਹਿੰਦੇ ਹਨ, ਮਨਿਸਟਰਾਂ ਨਾਲ - ਰਾਤੀਂ ਆਏ ਦਿਨੇ ਚਲੇ ਗਏ - ਦਿਨੇ ਆਏ ਰਾਤੀਂ ਚਲੇ ਗਏ - ਉਨ੍ਹਾਂ ਦਾ ਬਿਸਤਰਾ ਸਦਾ ਬੰਨਿਆ ਰਹਿੰਦਾ ਹੈ - ਸਾਨੂੰ ਤਾਂ ਉਦੋਂ ਹੀ ਪਤਾ ਲਗਦਾ ਹੈ ਜਦੋਂ ਜਾਣ ਵੇਲੇ ਉਹ 'ਅਰਦਾਸ' ਕਰਦੇ ਹਨ - ਤਾਂ ਅਸੀਂ ਸਮਝ ਜਾਂਦੇ ਹਾਂ ਉਨ੍ਹਾਂ ਨੇ ਹੁਣ ਕਿਤੇ ਸਫ਼ਰ ਤੇ ਜਾਣਾ ਹੈ - ਉਨ੍ਹਾਂ ਦੀ ਇਹ ਪਿਰਤ 'ਅਰਦਾਸ' ਕਰਨ ਵਾਲੀ, ਸਾਨੂੰ ਅੱਜ ਵੀ - ਵਿਰਸੇ ਵਿਚ ਹੀ ਮਿਲੀ ਹੋਈ ਹੈ-

ਦੌਰੇ ਤੋਂ ਆਉਂਦੇ ਨਵੀਆਂ ਥਾਵਾਂ - ਕਾਰਖ਼ਾਨੇ-ਫੈਕਟਰੀਆਂ, ਬੰਧ ਜੋ ਵੀ ਦੇਖ ਕੇ ਆਉਂਦੇ, ਸਾਨੂੰ ਸਭ ਸੁਣਾਉਂਦੇ ਸਮਝਾਉਂਦੇ ਹਨ - ਖ਼ਾਸ ਕਰਕ ਉਦੋਂ ਜਦੋਂ ਸਾਇਕਲ ਤੇ ਹੀ ਜਾਣਾ ਹੁੰਦਾ ਨਾਨਕੀਂ ਜਾਂ ਦਾਦਕੀਂ -

ਸਾਇਕਲ, ਸਫ਼ਰ ਲਈ ਤਿਆਰ ਹੋ ਜਾਂਦਾ - ਗੱਦੀਆਂ ਕੱਪੜੇ ਬੰਨ੍ਹ - ਸੀਟਾਂ ਬਣ ਜਾਂਦੀਆਂ ਤੇ ਅਸੀਂ ਚਾਂਈ ਚਾਂਈ ਤੁਰ ਪੈਂਦੇ ਹਾਂ ਸਫ਼ਰ 'ਤੇ - ਤੇ ਰਾਹ ਵਿਚ ਭਾਪਾ ਜੀ ਦੀਆਂ ਕਹਾਣੀਆਂ - ਅੱਖੀ ਦੇਖੀਆਂ - ਹੱਥਬੀਤੀਆਂ ਤੇ ਜੱਗਬੀਤੀਆਂ ਵੀ - ਕਦ ਸਫ਼ਰ ਸ਼ੁਰੂ ਹੁੰਦਾ ਕਦ ਮੁੱਕ ਜਾਂਦਾ ਸਾਨੂੰ ਤਾਂ ਪਤਾ ਵੀ ਨਾ ਲਗਦਾ - ਇਕ ਵਾਰ ਇਵੇਂ ਹੀ, ਜਗਾਧਰੀ, ਪੇਪਰ ਮਿੱਲ ਦੇਖ ਕੇ ਆਏ - ਘਾਹ ਫੂਸ ਤੋਂ ਲੈ ਕਾਗਜ਼ ਬਨਣ ਤੱਕ ਦੀ ਸਾਰੀ ਕਾਰਗੁਜ਼ਾਰੀ - ਇੰਜ ਸੁਣਾਉਂਦੇ ਹਨ ਜਿਵੇਂ ਅਸੀਂ ਸੁਣ ਨਾ ਦੇਖ ਰਹੇ ਹੋਈਏ - ਸਭ, ਸਾਨੂੰ ਨਾ ਕਦੀ ਕੋਈ ਥਕੇਵਾ ਹੋਇਆ ਨਾ ਅਕੇਵਾਂ।

ਪਿੰਡ ਕਦੀ ਵਿਆਹਾਂ ਢੰਗਾਂ ਤੇ ਜਾਣਾ ਹੁੰਦਾ (ਉਧਰ ਨੂੰ ਤਾਂ ਹਾਲੇ ਬੱਸਾਂ ਹੀ ਸ਼ੁਰੂ ਨਹੀਂ ਹੋਈਆਂ) ਤਾਂ ਸਾਡਾ ਪਰਿਵਾਰ ਖਰੜ ਤਾਇਆ ਜੀ ਦਾ - ਸਾਰੇ ਹੀ ਤੁਰ ਪੈਂਦੇ ਹਾਂ, ਸਾਈਕਲਾਂ 'ਤੇ, ਵੱਡਾ ਸਾਰਾ ਕਾਫ਼ਲਾ ਬਣਾ - ਹਾਸੇ ਠੱਠੇ - ਕਦ ਪੁੱਜ ਜਾਂਦੇ ਹਾਂ ਘਰ, ਪਤਾ ਹੀ ਨਹੀਂ ਲਗਦਾ - ਸਾਨੂੰ।

ਭਾਪਾ ਜੀ ਨੂੰ ਆਪਣੀ ਸਾਇਕਲ 'ਤੇ ਮਾਣ ਹੈ - ਇੱਕ ਦਿਨ ਘਰ ਆ ਦਸਦੇ ਹਨ ਕਿ ਉਹ ਜਦੋਂ ਡਿਊਟੀ 'ਤੇ ਜਾ ਰਹੇ ਸਨ, ਸੈਕਟਰੀਏਟ - ਰਾਹ ਵਿਚ ਪੈਦਲ ਜਾਂਦੇ ਉਨ੍ਹਾਂ ਨੂੰ ਪਹਿਲੇ ਰਹਿ ਚੁੱਕੇ ਮਨਿਸਟਰ ਗੁਰਬਚਨ ਸਿੰਘ 'ਬਾਜਵਾ' ਮਿਲ ਜਾਂਦੇ ਹਨ - ਰੁਕ ਕੇ, ਉਹ, ਉਨ੍ਹਾਂ ਨੂੰ ਸਾਇਕਲ ਤੇ ਬਿਠਾ ਲੈ ਜਾਂਦੇ ਹਨ - ਇਹ ਸੋਚਦੇ ਹੋਏ - ਚਾਰ ਦਿਨ ਪਹਿਲਾਂ ਕਾਰਾਂ ਦੇ ਮਾਲਕ ਪੈਦਲ ਜਾ ਰਹੇ ਹਨ - ਇਹਦੇ ਨਾਲੋਂ ਉਨ੍ਹਾਂ ਦਾ ਸਾਇਕਲ ਕਿੰਨਾ ਚੰਗਾ ਹੈ, ਜੋ ਸਦਾ ਅੰਗ-ਸੰਗ ਹੈ - ਉਨ੍ਹਾਂ ਦੇ।

ਅੱਜ ਰਿਟਾਇਰ ਹੋਇਆਂ ਉਨ੍ਹਾਂ ਨੂੰ ਤੇਈ ਸਾਲ ਹੋ ਗਏ ਹਨ ਪਰ ਸਦਕੇ ਉਨ੍ਹਾਂ ਦੇ ਉਸ ਸਾਇਕਲ ਦੇ, ਜੋ ਇੱਥੇ ਆ ਪਹਿਲੇ ਦਿਨ, ਸੰਨ ਉਨੀਂ ਸੌ ਤਰਵੰਜਾ, ਤੋਂ ਹੀ ਉਨ੍ਹਾਂ ਦੇ ਨਾਲ ਹੈ - ਅੱਜ ਤੱਕ - ਉਨ੍ਹਾਂ ਨੂੰ ਉੱਨਾ ਹੀ ਮਾਣ ਹੈ - ਫ਼ਖ਼ਰ ਹੈ - ਆਪਣੇ ਸਾਇਕਲ 'ਤੇ - ਜਿੰਨਾ ਇਕ ਮਾਲਕ ਨੂੰ ਹੋਣਾ ਚਾਹੀਦਾ ਹੈ - ਸਾਇਕਲ ਨੂੰ ਦੇਖੋ ਤਾਂ ਐ ਲਗਦਾ ਹੈ ਜਿਵੇਂ ਸਾਰੀ ਕਹਾਣੀ ਉਹ ਆਪ ਹੀ ਕਹਿ ਰਿਹਾ ਹੋਵੇ - ਆਪ ਹੀ ਦੱਸ ਰਿਹਾ ਹੋਵੇ - ਆਪਣੀ ਜੁ- ਮੈਨੂੰ ਤਾਂ ਇਕ ਨਾਮਾਤਰ ਸਾਧਨ ਬਣਾ ਲਿਆ ਹੋਵੇ ਜਿਵੇਂ -

# PANNU'S
## LEGAL SERVICES

G.S. Pannu

ivisapass@gmail.com • FAX 510.279.7624

510.677.5200

**IMMIGRATION**

★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624

M.K. Pannu (Owner)

**VISA IN ONE DAY**

Indian Passport | India Visa in 1 Day | OCI | US Passport

Power of Attorney & Other Services

**510.677.8440**

40757, Grimmer Blvd. FREMONT CA-94538

3810 Eau Claire Ave, Ceres, MODESTO/CERES CA-95307

220 Bush St/Montgomery St, #445 SAN FRANCISCO (OPPOSITE INDIA VISA CENTER)



Serving Around the World Community Since 1994

We Specialize to Asia, Europe, Middle East, Africa, Australia & etc.

Special fares to :

**SFO TO DEL**
**LAX TO DEL**

SERVICE TRUST

SKYWAY TRAVEL

DOMESTIC and INTERNATIONAL

Special fares to **Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345



# Travel for Less Inc.

SPECIALIZED IN DISCOUNT FARES WORLDWIDE

**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES, CHINA AIRLINES, BRITISH AIRWAYS, CATHAY PACIFIC, virgin atlantic, SINGAPORE AIRLINES, Emirates, ETIHAD AIRWAYS, Lufthansa, QATAR AIRWAYS

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

Serving the Bay Area Since 1996

32116-Alvarado Blvd. Union City, CA-94587

Email: info@travelforlessinc.com

**CALL 510-791-3300** Book online 24x7 @ www.Letsflyhome.com


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com